**ਐਮ.ਏ. (ਅਰਥ-ਸ਼ਾਸਤਰ) ਭਾਗ ਪਹਿਲਾ ਪਰਚਾ ਦੂਜਾ**
**ਸਮੈਸਟਰ-1**

# ਸਮੱਸ਼ਟੀ ਅਰਥਸ਼ਾਸਤਰ ਵਿਸ਼ਲੇਸ਼ਣ

**ਯੂਨਿਟ ਨੰ. 1**

**ਪਾਠ ਨੰ:**


1.1: ਸਮੱਸ਼ਟੀ ਅਰਥਸ਼ਾਸਤਰ: ਇਕ ਜਾਣ-ਪਛਾਣ

1.2: ਰਾਸ਼ਟਰੀ ਆਮਦਨ

1.3: ਸਮਾਜਿਕ ਲੇਖਾ ਜੋਖਾ

1.4: ਰੋਜ਼ਗਾਰ ਦਾ ਸਨਾਤਨੀ ਅਤੇ ਨਵ-ਸਨਾਤਨੀ ਸਿਧਾਂਤ

1.5: ਕੇਨਜ਼ੀਅਨ ਰੁਜ਼ਗਾਰ ਸਿਧਾਂਤ

1.6: ਉਪਭੋਗ ਫਲਣ

1.7: ਨਿਵੇਸ਼ ਵਿਵਹਾਰ



ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ



(ਸਭ ਹੱਕ ਰਾਖਵੇਂ ਹਨ)

**ਐਮ.ਏ. (ਅਰਥ-ਸ਼ਾਸਤਰ) ਭਾਗ ਪਹਿਲਾ ਪਰਚਾ ਦੂਜਾ**

**ਸਮੈਸਟਰ ਪਹਿਲਾ**

**ਪਾਠ ਨੰਬਰ: 1.1** **ਲੇਖਕ : ਡਾ. ਪ੍ਰਤਾਪ ਸਿੰਘ**

# ਸਮੱਸ਼ਟੀ ਅਰਥਸ਼ਾਸਤਰ-ਇਕ ਜਾਣ ਪਛਾਣ
# (MACRO ECONOMICS: AN INTRODUCTION)

1.1.1 ਜਾਣ ਪਛਾਣ
1.1.2 ਉਦੇਸ਼
1.1.3 ਮਾਈਕਰੋ ਅਤੇ ਮੈਕਰੋ ਅਰਥ ਸ਼ਾਸਤਰ
1.1.4 ਮੈਕਰੋ ਆਰਥਿਕ ਵਿਸ਼ਲੇਸ਼ਣ ਦੀਆਂ ਮਹੱਤਵਪੂਰਣ ਧਾਰਨਾਵਾਂ
1.1.5 ਸਾਰਾਂਸ਼

## 1.1.1 ਜਾਣ-ਪਛਾਣ

ਮੈਕਰੋ ਅਰਥ ਸ਼ਾਸਤਰ ਜਾਂ ਆਮਦਨੀ ਸਿਧਾਂਤ ਦਾ ਬੜਾ ਭਾਰੀ ਸਿਧਾਂਤਕ ਅਤੇ ਵਿਵਹਾਰਕ ਮਹੱਤਵ ਹੈ । ਅਸਲ ਵਿੱਚ ਮੈਕਰੋ ਅਰਥ ਸ਼ਾਸਤਰ ਬਿਨਾਂ, ਅਰਥ ਸ਼ਾਸਤਰ ਦਾ ਵਿਗਿਆਨ, ਨਾ ਸਿਰਫ ਅਧੂਰਾ ਰਹਿ ਜਾਂਦਾ ਹੈ, ਸਗੋਂ ਕਈ ਆਰਥਿਕ ਸਮੱਸਿਆਵਾਂ ਦੇ ਵਿਸ਼ਲੇਸ਼ਣ ਵਿੱਚ ਮੈਕਰੋ ਦ੍ਰਿਸ਼ਟੀ ਨਾ ਅਪਣਾ ਕੇ, ਕੇਵਲ ਮਾਈਕਰੋ ਆਧਾਰ ਤੇ, ਅਸੀਂ ਗਲਤ ਸਿਧਾਂਤ ਬਣਾ ਲੈਂਦੇ ਹਾਂ, ਜੋ ਹਾਨੀਕਾਰਕ ਸਾਬਤ ਹੋ ਸਕਦੇ ਹਨ ।

ਬੇਰੁਜ਼ਗਾਰੀ ਦੀ ਸਮੱਸਿਆ ਕਿਸੇ ਵੀ ਦੇਸ਼ ਦੀ ਸਭ ਤੋਂ ਵੱਡੀ ਆਰਥਿਕ ਸਮੱਸਿਆ ਹੁੰਦੀ ਹੈ । ਬੇਕਾਰੀ ਨੂੰ ਹਟਾ ਕੇ ਪੂਰਨ ਰੁਜ਼ਗਾਰ ਦੀ ਹਾਲਤ ਉਨਾਂ ਚਿਰ ਤੱਕ ਨਹੀਂ ਲਿਆਂਦੀ ਜਾ ਸਕਦੀ ਜਿੰਨਾ ਚਿਰ ਤੱਕ ਸਾਨੂੰ ਇਹ ਗਿਆਨ ਨਹੀਂ ਹੁੰਦਾ ਕਿ ਰੁਜ਼ਗਾਰ ਕਿਨ੍ਹਾ ਤੱਤਾਂ ਉੱਤੇ ਨਿਰਭਰ ਕਰਦਾ ਹੈ ਅਤੇ ਸਿਰਫ ਤਾਂ ਹੀ ਉਚਿੱਤ ਨੀਤੀ ਅਪਣਾਈ ਜਾ ਸਕਦੀ ਹੈ ।

ਮੈਕਰੋ ਸਿਧਾਂਤ ਦੁਆਰਾ ਹੀ ਇਹ ਪਤਾ ਲਗਦਾ ਹੈ ਕਿ ਅਰਥ ਵਿਵਸਥਾ ਵਿੱਚ ਆਰਥਿਕ ਉਤਾਰ ਚੜ੍ਹਾਅ (economic fluctuations) ਕਿਉਂ ਆਉਂਦੇ ਹਨ ਅਤੇ ਉਨ੍ਹਾਂ ਦੀ ਤੀਬਰਤਾ (severity) ਨੂੰ ਕਿਵੇਂ ਘੱਟ ਕੀਤਾ ਜਾਵੇ ।

ਇਹ ਮੈਕਰੋ ਅਰਥ ਸ਼ਾਸਤਰ ਹੀ ਹੈ ਜਿਸ ਦੁਆਰਾ ਸਫੀਤੀ ਅਤੇ ਸੁੰਗੇੜ (deflation) ਜਿਹੀਆਂ ਮੁਦਰਿਕ ਸਮੱਸਿਆਵਾਂ ਦੇ ਸਿਧਾਂਤਕ ਰੂਪ ਨੂੰ ਠੀਕ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ । ਇਨ੍ਹਾਂ ਦੋਹਾਂ ਦੇ ਹਾਨੀਕਾਰਕ ਪ੍ਰਭਾਵਾਂ ਤੋਂ ਬਚਣ ਲਈ ਕਿਹੜੀ ਨੀਤੀ ਉਚਿੱਤ ਹੈ, ਇਹ ਵੀ ਮੈਕਰੋ ਅਰਥ ਸ਼ਾਸਤਰ ਦਾ ਹੀ ਵਿਸ਼ਾ ਹੈ ।

ਆਰਥਿਕ ਵਿਕਾਸ ਦਾ ਸਿਧਾਂਤ (Theory of Economic Growth) ਵੀ ਮੈਕਰੋ ਅਰਥ ਸ਼ਾਸਤਰ ਦਾ ਵਿਸ਼ਾ ਹੈ । ਕਿਹੜਾ ਦੇਸ਼ ਹੈ ਜੋ ਆਪਣਾ ਵਧੇਰੇ ਵਿਕਾਸ ਨਹੀਂ ਚਾਹੁੰਦਾ । ਇਹ ਗੱਲ ਘੱਟ ਉੱਨਤ ਅਤੇ ਨਾ ਉੱਨਤ (under developed and undeveloped) ਦੇਸ਼ਾਂ ਦੇ ਸੰਬੰਧ ਵਿੱਚ ਹੋਰ ਵੀ ਜ਼ਰੂਰੀ ਹੈ ।

ਉਚਿਤ ਮੁਦਰਾ ਨੀਤੀ ਜਾਂ ਉਚਿੱਤ ਰਾਜਕੋਸ਼ੀ ਨੀਤੀ, ਕਿਸੇ ਦੇਸ਼ ਦੇ ਸੰਬੰਧ ਵਿੱਚ ਕਿਹੜੀ ਹੋਵੇਗੀ, ਇਹ ਵੀ ਮੈਕਰੋ ਅਰਥ ਸ਼ਾਸਤਰ ਦੇ ਆਧਾਰ ਤੇ ਹੀ ਨਿਸ਼ਚਿਤ ਕੀਤਾ ਜਾ ਸਕਦਾ ਹੈ ।

ਗੱਲ ਕੀ, ਕੇਨਜ਼ ਦੇ ਆਮ ਸਿਧਾਂਤ ਨੇ ਅਰਥ ਸ਼ਾਸਤਰ ਦੇ ਸਾਰੇ ਖੇਤਰਾਂ ਉੱਤੇ ਇੱਕ ਕਰਾਂਤੀਕਾਰੀ ਪ੍ਰਭਾਵ ਪਾਇਆ ਹੈ । ਮੰਦੀ ਅਤੇ ਲੜਾਈ ਨਾਲ ਸੰਬੰਧਤ ਮੁੱਖ ਆਰਥਿਕ ਬੀਮਾਰੀਆਂ ਦੇ ਹੱਲ ਲੱਭਣ ਲਈ ਕੇਨਜ਼ ਦੇ ਵਿਚਾਰ ਬਹੁਤ ਸਹਾਇਕ ਸਾਬਤ ਹੋਏ ਹਨ ਭਾਵੇਂ ਉਸ ਦੇ ਦਿੱਤੇ ਵਿਵਹਾਰਕ ਹੱਲ, ਸਮੇਂ ਤੇ ਸਥਾਨ ਅਨੁਸਾਰ ਬਦਲਦੇ ਰਹੇ ਹਨ । ਇਹ ਆਮ ਸਿਧਾਂਤ ਹੀ ਸੀ ਜਿਸ ਕਾਰਣ ਕੇਨਜ਼ ਨੂੰ ਉਸ ਪ੍ਰਸਿੱਧੀ ਨਾਲੋਂ ਜ਼ਿਆਦਾ ਸਨਮਾਨ ਮਿਲਿਆ ਜਿਹੜਾ ਕਿ ਰਿਕਾਰਡੋ ਨੂੰ 100 ਤੋਂ ਵਧੇਰੇ ਸਾਲਾਂ ਦੇ ਅਰਸੇ ਵਿੱਚ ਪ੍ਰਾਪਤ ਹੋਈ,

ਜਾਂ ਮਾਰਸ਼ਲ ਨੂੰ ਅਖੀਰਲੇ 50 ਸਾਲਾਂ ਵਿੱਚ ਮਿਲੀ । 1936 ਤੋਂ ਸੰਸਾਰ ਦੇ ਅਰਥ ਸ਼ਾਸਤਰੀਆਂ ਦੀ ਭਾਰੀ ਸੰਖਿਆ ਨੇ ਕੇਨਜ਼ ਦੇ 'ਆਮ ਸਿਧਾਂਤ' ਨੂੰ ਪੜ੍ਹਿਆ ਅਤੇ ਹਜ਼ਾਰਾਂ ਨੇ ਇਸ ਦੇ ਦੱਸੇ ਮਾਰਗ ਨੂੰ, ਬੜੇ ਧਿਆਨ ਅਤੇ ਸ਼ਰਧਾ ਨਾਲ ਅਪਨਾਇਆ । ਬਹੁਤ ਘੱਟ ਅਜਿਹੀਆਂ ਲਿਖਤਾਂ ਹਨ ਜਿਹੜੀਆਂ ਕੇਨਜ਼ ਦੇ 'ਆਮ ਸਿਧਾਂਤ' ਦੇ ਅਸਰ ਤੋਂ ਖਾਲੀ ਹਨ । ਸੈਮੂਅਲਸਨ (Samuelson) ਅਨੁਸਾਰ, 'ਆਮ ਸਿਧਾਂਤ' ਨੂੰ ਭਾਵੇਂ ਵਧੀਆ ਤਰੀਕੇ ਨਾਲ ਲਿਖਿਆ ਅਤੇ ਸੰਗਠਿਤ ਨਹੀਂ ਕੀਤਾ ਗਿਆ, ਫਿਰ ਵੀ ਇਹ ਪ੍ਰਭਾਵਸ਼ਾਲੀ ਕੰਮ ਹੈ ਅਤੇ ਇਸ ਨੂੰ ਪਹਿਲੇ ਦਰਜੇ ਦੇ ਸਨਾਤਨੀ ਅਰਥ ਸ਼ਾਸਤਰੀਆਂ, ਜਿਵੇਂ ਐਡਮ ਸਮਿੱਥ, ਵਾਲਰਸ ਅਤੇ ਕੂਰਨਾਂ (Cournot) ਦੇ ਕੰਮਾਂ ਦੇ ਬਰਾਬਰ ਮੰਨਿਆ ਜਾਣਾ ਚਾਹੀਦਾ ਹੈ । ਪ੍ਰੋ. ਹੈਜ਼ਲਿਟ ਤਾਂ ਇੱਥੋਂ ਤੱਕ ਕਹਿੰਦਾ ਹੈ ਕਿ ਇਸ ਪੁਸਤਕ ਦੇ ਨੁਕਸ ਵੀ ਇਸ ਦੀ ਵਡਿਆਈ ਵਿੱਚ ਵਾਧਾ ਕਰਦੇ ਹੋਏ ਦਿੱਸਦੇ ਹਨ ।

## 1.1.2 ਉਦੇਸ਼ः ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀ

- ਮਾਈਕਰੋ ਅਤੇ ਮੈਕਰੋ ਅਰਥ ਵਿਗਿਆਨ ਵਿੱਚ ਭੇਦ ਕਰ ਸਕੋਗੇ।
- ਮੈਕਰੋ ਆਰਥਿਕ ਵਿਸ਼ਲੇਸਣ ਦੀਆਂ ਅਹਿਮ ਧਾਰਨਾਵਾਂ ਦਾ ਅਰਥ ਜਾਣ ਸਕੋਗੇ।

## 1.1.3 ਮਾਈਕਰੋ ਅਤੇ ਮੈਕਰੋ ਅਰਥ ਸ਼ਾਸਤਰ

ਅਰਥ ਸ਼ਾਸਤਰ ਦਾ ਵਿਸ਼ਾ ਵਸਤੂ ਦੋ ਭਾਗਾਂ ਵਿੱਚ ਵੰਡਿਆ ਹੋਇਆ ਹੈ । ਇੱਕ ਹੈ ਮਾਈਕਰੋ ਅਤੇ ਦੂਜਾ ਹੈ ਮੈਕਰੋ ਅਰਥ ਸ਼ਾਸਤਰ । ਇਹ ਦੋਵੇਂ ਨਾ ਪਹਿਲਾਂ ਰਾਗਨਰ ਫਰਿਸ਼ (Ragnar Frisch) ਨੇ ਬਣਾਏ ਅਤੇ ਵਰਤੇ, ਅਤੇ ਹੁਣ ਸਾਰੇ ਸੰਸਾਰ ਦੇ ਅਰਥ ਸ਼ਾਸਤਰੀ ਇਨ੍ਹਾਂ ਦਾ ਪ੍ਰਯੋਗ ਕਰਦੇ ਹਨ ।

**ਮਾਈਕਰੋ ਅਰਥ ਸ਼ਾਸਤਰ :** ਮਾਈਕਰੋ ਅਰਥ ਸ਼ਾਸਤਰ ਵਿੱਚ ਛੋਟੇ-ਛੋਟੇ ਭਾਗਾਂ ਜਾਂ ਅੰਸ਼ਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਨਾ ਕਿ ਅਰਥ ਵਿਵਸਥਾ ਦਾ ਸਮੁੱਚੇ ਤੌਰ ਤੇ । ਇਸ ਵਿਚ ਵਿਅਕਤੀਗਤ ਉਪਭੋਗੀ, ਵਿਅਕਤੀਗਤ ਫ਼ਰਮ, ਵਿਅਕਤੀਗਤ ਉਦਯੋਗ ਅਤੇ ਉਨ੍ਹਾਂ ਦੇ ਸਮਤੋਲ ਦੀ ਅਵਸਥਾ ਆਦਿ ਦੀ ਪੜ੍ਹਾਈ ਕੀਤੀ ਜਾਂਦੀ ਹੈ ।

ਮਾਈਕਰੋ ਅਰਥ ਸ਼ਾਸਤਰ ਦੇ ਸੰਬੰਧ ਵਿੱਚ ਇੱਕ ਵਿਸ਼ੇਸ਼ ਵਰਨਣ ਯੋਗ ਗੱਲ ਇਹ ਹੈ ਕਿ ਇਸ ਵਿੱਚ ਅਧਿੱਕਤਰ ਇਹ ਮੰਨ ਕੇ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਕਿ ਸਮੁੱਚੀ ਅਰਥ ਵਿਵਸਥਾ ਵਿੱਚ ਪੂਰਨ ਰੋਜ਼ਗਾਰ ਹੈ ।

**ਮੈਕਰੋ ਅਰਥ ਸ਼ਾਸਤਰ :** ਮੈਕਰੋ ਅਰਥ ਸ਼ਾਸਤਰ ਵਿੱਚ ਸਮੁੱਚੀ ਅਰਥ ਵਿਵਸਥਾ ਨੂੰ ਲੈ ਕੇ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਨਾ ਕਿ ਇਸ ਦੇ ਅਣਗਿਣਤ ਛੋਟੇ-ਛੋਟੇ ਵਿਅਕਤੀਗਤ ਭਾਗਾਂ ਦਾ । ਦੂਜੇ ਸ਼ਬਦਾਂ ਵਿੱਚ ਸਮੱਸਤ ਅਰਥ ਵਿਵਸਥਾ ਦੇ ਮੁੱਖ ਕੁੱਲ ਜੋੜਾਂ ਨੂੰ ਜਾਂ ਉਨ੍ਹਾਂ ਦੀਆਂ ਮੁੱਖ ਔਸਤਾਂ ਦਾ ਵਰਨਣ ਕੀਤਾ ਜਾਂਦਾ ਹੈ। ਉਦਾਹਰਣ ਵਜੋਂ, ਦੇਸ਼ ਦੀ ਸਮੱਸਤ ਰਾਸ਼ਟਰੀ ਆਮਦਨ, ਸਮੱਸਤ ਰਾਸ਼ਟਰੀ ਉਤਪਾਦਨ, ਸਮੱਸਤ ਰਾਸ਼ਟਰੀ ਉਪਭੋਗ, ਬੱਚਤ ਜਾਂ ਨਿਵੇਸ਼ ਕੁੱਲ ਪੂਰਤੀ ਅਤੇ ਕੀਮਤਾਂ ਦੀ ਸਮਾਨ ਪੱਧਰ (general price level) ਦਾ ਅਧਿਐਨ ਕੀਤਾ ਜਾਂਦਾ ਹੈ । ਮੈਕਰੋ ਅਰਥ ਸ਼ਾਸਤਰ ਵਿੱਚ ਅਸੀਂ ਇਹ ਅਧਿਐਨ ਕਰਦੇ ਹਾਂ ਕਿ ਸਮੁੱਚੀ ਅਰਥ ਵਿਵਸਥਾ ਦੇ ਕੁੱਲ ਜੋੜ ਅਤੇ ਉਸ ਦੀਆਂ ਮੁੱਖ ਔਸਤਾਂ ਕਿਵੇਂ ਨਿਰਧਾਰਤ ਹੁੰਦੀਆਂ ਹਨ ਅਤੇ ਕਿਹੜੇ ਕਾਰਣਾਂ ਕਰਕੇ ਵਧਦੀਆਂ ਘਟਦੀਆਂ ਰਹਿੰਦੀਆਂ ਹਨ । ਇਸ ਤਰ੍ਹਾਂ ਮੈਕਰੋ ਅਰਥ ਸ਼ਾਸਤਰ ਸਮੂਹਾਂ ਦਾ ਅਧਿਐਨ ਕਰਦਾ ਹੈ ।ਇਸ ਕਰਕੇ ਇਸਨੂੰ ਕਈ ਵਾਰੀ ਸਮੂਹਿਕ ਅਰਥ ਸ਼ਾਸਤਰ (Aggregative Economics) ਵੀ ਕਹਿ ਦਿੱਤਾ ਜਾਂਦਾ ਹੈ ਕਿਉਂਕਿ ਇਹ ਸਮੇਂ ਅਤੇ ਸਥਾਨ ਅਨੁਸਾਰ ਸਮੂਹਾਂ ਦੇ ਵਰਤਾਓ ਦਾ ਅਧਿਐਨ ਕਰਦਾ ਹੈ । ਕੇ. ਬੋਲਡਿੰਗ (K.Boulding) ਅਨੁਸਾਰ "ਆਰਥਿਕ ਸਮੂਹ-ਭਾਵ ਵਿਅਕਤੀਗਤ ਮਾਤਰਾਂ ਨਾਲ ਸੰਬੰਧ ਨਹੀਂ ਰੱਖਦਾ ਬਲਕਿ ਇਨ੍ਹਾਂ ਮਾਤਰਾਵਾਂ ਦੇ ਸਮੂਹ ਨਾਲ ਸਬੰਧਤ ਹੈ, ਨਿੱਜੀ ਆਮਦਨ ਨਾਲ ਨਹੀਂ, ਬਲਕਿ ਰਾਸ਼ਟਰੀ ਆਮਦਨ ਨਾਲ ਸੰਬੰਧਤ ਹੈ ।" ਡਾ. ਜੇ. ਐਲ. ਹੈਨਸਨ (J.L. Hanson) ਦੇ ਸ਼ਬਦਾਂ ਵਿਚ, "ਆਰਥਿਕ ਸਮੂਹ-ਭਾਵ, ਅਰਥ ਸ਼ਾਸਤਰ

ਦੀ ਉਹ ਸ਼ਾਖਾ ਹੈ, ਜਿਹੜੀ ਰੁਜ਼ਗਾਰ ਦੀ ਮਾਤਰਾ, ਬੱਚਤ ਤੇ ਨਿਵੇਸ਼ ਦੀ ਕੁੱਲ ਮਾਤਰਾ ਅਤੇ ਰਾਸ਼ਟਰੀ ਆਮਦਨ ਆਦਿ ਜਿਹੇ ਵੱਡੇ-ਵੱਡੇ ਸਮੂਹਾਂ ਵਿੱਚ ਸੰਬੰਧ ਦਾ ਅਧਿਐਨ ਕਰਦੀ ਹੈ ।''

ਲਿਪਸੀ (Lipsey) ਅਨੁਸਾਰ ਆਰਥਿਕ ਸਮੂਹ-ਭਾਵ ਦੀ ਬੁਨਿਆਦੀ ਸਮੱਸਿਆ, ਆਮਦਨੀ ਦੇ ਵਹਾਉ ਦਾ ਨਿਰਧਾਰਨ ਹੈ ਅਤੇ ਮੌਲਿਕ ਸਿਧਾਂਤਕ ਢਾਂਚਾ ਅਤੇ ਆਮਦਨ ਦੇ ਚੱਕਰੀ ਵਹਾਉ ਦਾ ਨਮੂਨਾ (model) ਹੈ ।

ਸੰਖੇਪ ਵਿੱਚ ਮੈਕਰੋ ਅਰਥ ਸ਼ਾਸਤਰ, ਆਰਥਿਕ ਜ਼ਿੰਦਗੀ ਦੇ ਅਸਲੀ ਤੇ ਵੱਡੇ ਸਵਾਲਾਂ ਦਾ ਜਵਾਬ ਦੇਣ ਦੀ ਕੋਸ਼ਿਸ਼ ਕਰਦਾ ਹੈ, ਜਿਵੇਂ ਕਿ, ਪੂਰਨ ਰੁਜ਼ਗਾਰ ਜਾਂ ਬੇਕਾਰੀ, ਸਮੱਰਥਾ ਅਨੁਸਾਰ ਜਾਂ ਸਮਰੱਥਾ ਤੋਂ ਥੱਲੇ ਦੇ ਪੱਧਰ ਦਾ ਉਤਪਾਦਨ, ਤਸੱਲੀਬਖਸ਼ ਉੱਨਤੀ ਦੀ ਦਰ, ਸਫੀਤੀ ਜਾਂ ਕੀਮਤਾਂ ਦੀ ਸਥਿਰਤਾ ਆਦਿ । ਮੈਕਰੋ ਅਰਥ ਸ਼ਾਸਤਰ ਇਨ੍ਹਾਂ ਸਵਾਲਾਂ ਤੇ ਆਧਾਰਿਤ ਹੈ ਕਿ :

(ੳ) ਕਿਸੇ ਦੇਸ਼ ਦੇ ਕੁੱਲ ਉਤਪਾਦਨ ਦੀ ਮਾਤਰਾ, ਕਿਸ ਖਾਸ ਸਮੇਂ ਵਿੱਚ ਕਿਵੇਂ ਮਿਥੀ ਜਾਂਦੀ ਹੈ?
(ਅ) ਉਹ ਦਰ ਕਿਵੇਂ ਮਿੱਥੀ ਜਾਂਦੀ ਹੈ ਜਿਸ ਉੱਤੇ ਉਤਪਾਦਨ ਵਿੱਚ ਵਾਧਾ ਹੁੰਦਾ ਹੈ?
(ੲ) ਕੀਮਤਾਂ ਦਾ ਪੱਧਰ ਕਿਵੇਂ ਨਿਰਧਾਰਿਤ ਹੁੰਦਾ ਹੈ?
(ਸ) ਕੀਮਤਾਂ ਵਿੱਚ ਤਬਦੀਲੀ ਦੀ ਦਰ ਅਤੇ ਉਸ ਦੀ ਦਿਸ਼ਾ ਕਿਵੇਂ ਨਿਰਧਾਰਿਤ ਹੁੰਦੀ ਹੈ?
(ਹ) ਕਿਸੇ ਦੇਸ਼ ਦੀਆਂ ਆਯਾਤਾਂ ਅਤੇ ਨਿਰਯਾਤਾਂ ਦਾ ਪੱਧਰ ਕਿਵੇਂ ਨਿਰਧਾਰਿਤ ਹੁੰਦਾ ਹੈ?

ਇਨ੍ਹਾਂ ਸਵਾਲਾਂ ਦੇ ਜੁਆਬ ਲਈ, ਸਾਨੂੰ ਅਜਿਹੇ ਸਮੂਹਾਂ, ਜਿਵੇਂ ਕਿ ਉਤਪਾਦਨ, ਰੋਜ਼ਗਾਰ, ਕੁੱਲ ਉਪਭੋਗ, ਨਿਵੇਸ਼ ਮੁਦਰਾ ਦੀ ਪੂਰਤੀ, ਕੀਮਤਾਂ ਦਾ ਆਮ ਪੱਧਰ, ਨਿਰਯਾਤਾਂ ਅਤੇ ਅਯਾਤਾਂ ਆਦਿ ਸਮੂਹਾਂ ਦੀ ਜਾਂਚ ਕਰਨ ਦੀ ਲੋੜ ਹੈ ਜੋ ਕਿ ਰੁਜ਼ਗਾਰ ਸਿਧਾਂਤ, ਕੀਮਤ ਪੱਧਰ ਸਿਧਾਂਤ ਅਤੇ ਆਰਥਿਕ ਵਿਕਾਸ ਸਿਧਾਂਤ ਆਦਿ ਦਾ ਵੀ ਵਿਸ਼ਾ ਹਨ । ਇਸ ਤੋਂ ਇਲਾਵਾ ਮੈਕਰੋ ਅਰਥ ਸ਼ਾਸਤਰ ਵਿੱਚ ਇਨ੍ਹਾਂ ਜੋੜਾਂ ਦੇ ਪੱਧਰ ਨੂੰ ਨਿਰਧਾਰਿਤ ਕਰਨ ਵਿੱਚ ਸਰਕਾਰ ਦਾ ਕੀ ਰੋਲ ਹੈ, ਅਤੇ ਸਰਕਾਰ ਆਪਣੇ ਨੀਤੀ ਸੰਬੰਧੀ ਔਜ਼ਾਰ ਕਿਵੇਂ ਵਰਤਦੀ ਹੈ ਤਾਂ ਕਿ ਇਨ੍ਹਾਂ ਦੀ ਪੂਰਤੀ ਕੀਤੀ ਜਾ ਸਕੇ, ਦੇ ਅਧਿਐਨ ਦੀ ਲੋੜ ਹੈ ।

ਮਾਈਕਰੋ ਸ਼ਬਦ ਗ੍ਰੀਕ ਸ਼ਬਦ 'ਛੋਟਾ' ਤੋਂ ਉਤਪੰਨ ਹੋਇਆ ਹੈ । ਜਿਸ ਤਰ੍ਹਾਂ ਕਿ ਇਸ ਦੇ ਨਾਮ ਤੋਂ ਹੀ ਪਤਾ ਚਲਦਾ ਹੈ ਕਿ ਇਹ ਸਮੁੱਚੇ ਵਿਹਾਰ ਨੂੰ ਨਹੀਂ ਸਗੋਂ ਵਿਅਕਤੀਗਤ ਵਸਤਾਂ ਦੀ ਮੰਡੀ ਦੀ ਕਾਰਜ਼ਗੁਜਾਰੀ ਅਤੇ ਵਿਅਕਤੀਗਤ ਘਰੇਲੂ ਖੇਤਰ, ਫਰਮ ਜਾਂ ਉਦਯੋਗ ਦੇ ਵਿਹਾਰ ਜਾਂ ਇਕਹਿਰੀਆਂ ਕੀਮਤਾਂ, ਮਜ਼ਦੂਰੀ ਜਾਂ ਆਮਦਨ ਦੀ ਵਿਆਖਿਆ ਕਰਦਾ ਹੈ । ਮਾਈਕਰੋ ਅਰਥਵਿਗਿਆਨ ਵਿਚ ਅਰਥ ਵਿਵਸਥਾ ਦੀ ਸਮੱਗਰ ਰੂਪ ਵਿਚ ਨਹੀਂ ਸਗੋਂ ਇਸ ਦੇ ਹਿਸਿਆਂ ਬਾਰੇ ਅਧਿਐਨ ਕੀਤਾ ਜਾਂਦਾ ਹੈ । ਮਾਈਕਰੋ ਅਰਥਵਿਗਿਆਨ ਵਿਚ ਸੀਮਾਂਤ ਵਿਸ਼ੇਲਸ਼ਨ ਦੀ ਧਾਰਨਾ ਨੂੰ ਖਾਸ ਮਹੱਤਤਾ ਦਿੱਤੀ ਜਾਂਦੀ ਹੈ ਅਤੇ ਮਾਈਕਰੋ ਅਰਥ ਵਿਗਿਆਨ ਦੇ ਬਹੁਤ ਸਾਰੇ ਨਿਯਮ ਇਸ ਉਪਰ ਆਧਾਰਿਤ ਹਨ ।

ਮੈਕਰੋ ਆਰਥਿਕ ਸਿਧਾਂਤ ਦਾ ਸਰੂਪ:

ਇਹ ਪੂਰੀ ਅਰਥਵਿਵਸਥਾ ਦੇ ਕਾਰਜਾਂ ਅਤੇ ਕਾਰਗੁਜਾਰੀ ਦੀ ਸਮੂਹਕ ਪੱਧਰ ਤੇ ਵਿਆਖਿਆ ਕਰਦਾ ਹੈ । ਇਹ ਅਰਥਿਕ ਸੂਚਕ ਜਿਵੇਂ ਰਾਸ਼ਟਰੀ ਆਮਦਨ, ਰੋਜ਼ਗਾਰ, ਸਾਧਾਰਣ ਕੀਮਤ ਪੱਧਰ ਆਦਿ ਦੀ ਵਿਆਖਿਆ ਕਰਦਾ ਹੈ ।

ਮੈਕਰੋ ਅਰਥਵਿਗਿਆਨ ਵਿਚ ਮੌਦ੍ਰਿਕ ਅਰਥਵਿਗਿਆਨ, ਅੰਤਰ–ਰਾਸ਼ਟਰੀ ਅਰਥਵਿਗਿਆਨ, ਉਪਭੋਗ ਅਰਥਵਿਵਸਥਾ, ਨਿਵੇਸ਼ ਅਰਥਵਿਗਿਆਨ ਸੰਮਲਿਤ ਹੁੰਦੇ ਹਨ । ਮੈਕਰੋ ਅਰਥਵਿਗਿਆਨ ਪੜ੍ਹਨ ਨਾਲ ਸਾਨੂੰ ਆਮਦਨ ਦੇ ਨਿਰਧਾਰਕਾਂ, ਆਮਦਨ ਉਪਰ ਸਰਕਾਰੀ ਨੀਤੀਆਂ ਦੇ ਅਸਰਾਂ, ਅਰਥਚਾਰੇ ਦੀ ਕਾਰਜਗੁਜਾਰੀ ਦੀ ਪਤਾ ਚਲਦਾ ਹੈ । ਮੈਕਰੋ ਅਰਥਵਿਗਿਆਨ ਸਨਾਤਨੀ ਅਰਥਵਿਗਿਆਨੀਆਂ ਦੀ ਦੇਣ ਹੈ ਇਹਨਾਂ ਵਿਚ ਜਿਆਦਾਤਰ ਬਰਤਾਨੀਆਂ ਅਤੇ ਕੁਝ ਫਰਾਂਸ ਅਤੇ ਯੂਰਪ ਦੇ ਸਨ । ਇਸ ਦਾ ਵਧੇਰੇ ਵਿਸਤਾਰ ਕੇਨਜ਼ ਦੀ ਵਿਚਾਰਧਾਰਾ ਨਾਲ ਹੋਇਆ । ਸਮੇਂ ਸਮੇਂ ਇਸ ਰਾਹੀਂ ਆਮਦਨ ਦੇ ਨੀਂਵੇ ਪੱਧਰ, ਮੁਦਰਾ ਸਫ਼ੀਤੀ, ਬੇਰੁਜ਼ਗਾਰੀ, ਵਿਆਜ ਦੀਆਂ ਉਚੀਆਂ ਦਰ੍ਹਾਂ, ਵਪਾਰ ਅਸੰਤੁਲਨ ਸਮੱਸਿਆਵਾਂ ਸੁਲਝਾਉਣ ਬਾਰੇ ਪੜ੍ਹਿਆ ਜਾਂਦਾ ਹੈ। ਵਿੱਤੀ ਅਤੇ ਮੌਦ੍ਰਿਕ-ਨੀਤੀਆਂ ਰਾਹੀਂ ਅਰਥਵਿਵਸਥਾਵਾਂ ਨੂੰ ਵਿਵਸਥਿਤ ਕਰਨ ਦੇ ਢੰਗ ਦੱਸੇ ਜਾਂਦੇ ਹਨ ।

**ਸਵੈ-ਮੁਲਾਂਕਣ ਅਭਿਆਸ-1**

ਪ੍ਰ: 1 ਮਾਈਕਰੋ ਅਤੇ ਮੈਕਰੋ ਅਰਥਸ਼ਾਸਤਰ ਵਿਚ ਭਿੰਨਤਾ ਕਰੋ ।

ਉ: ..........................................................................

..........................................................................

..........................................................................

ਪ੍ਰ: 2 ਭੰਡਾਰ ਅਤੇ ਵਹਾਉ ਦਰ ਦਾ ਅਰਥ ਦੱਸੋ ।

ਉ: ..........................................................................

..........................................................................

..........................................................................

**ਸਵੈ-ਮੁਲਾਂਕਣ ਅਭਿਆਸ-2**

ਪ੍ਰ: 1 ਸਮਤਾਵਾਂ ਤੋਂ ਕੀ ਭਾਵ ਹੈ?

ਉ: ..........................................................................

..........................................................................

..........................................................................

ਪ੍ਰ: 2 ਵਕਫ਼ੇ ਤੋਂ ਕੀ ਭਾਵ ਹੈ?

ਉ: ..........................................................................

..........................................................................

..........................................................................

## ਮਾਈਕਰੋ ਅਤੇ ਮੈਕਰੋ ਅਰਥ ਸ਼ਾਸਤਰ ਵਿੱਚ ਭਿੰਨਤਾ

ਮਾਈਕਰੋ ਅਤੇ ਮੈਕਰੋ ਅਰਥ ਸ਼ਾਸਤਰ ਵਿੱਚ ਵਖਰੇਵਾਂ, ਬਹੁਤਾ ਸਪਸ਼ਟ ਨਹੀਂ, ਕਿਉਂਕਿ ਜਿਸ ਨੂੰ ਅਸੀਂ ਮੈਕਰੋ ਅਰਥ ਸ਼ਾਸਤਰ ਦਾ ਵਿਸ਼ਾ ਇੱਕ ਮੌਕੇ ਤੇ ਜਾਂ ਇੱਕ ਪੱਖੋਂ ਕਹਿੰਦੇ ਹਾਂ, ਦੂਜੇ ਮੌਕੇ ਤੇ ਜਾਂ ਦੂਜੇ ਪੱਖੋਂ ਉਹ ਮਾਈਕਰੋ ਅਰਥ ਸ਼ਾਸਤਰ ਦਾ ਵਿਸ਼ਾ ਬਣ ਜਾਂਦਾ ਹੈ । ਜੇ.ਕੇ. ਮਹਿਤਾ (J.K. Mehta) ਅਨੁਸਾਰ, ਇਹ ਜ਼ਰੂਰੀ ਨਹੀਂ ਹੈ ਕਿ ਆਰਥਿਕ ਵਿਅਕਤੀਭਾਵ ਵਿੱਚ ਅਸੀਂ ਵਿਅਕਤੀ ਦਾ ਹੀ ਅਧਿਐਨ ਕਰਦੇ ਹਾਂ ਅਤੇ ਆਰਥਿਕ ਸਮੂਹ ਭਾਵ ਵਿੱਚ ਸਦਾ ਸਮੁੱਚੀ ਅਰਥ ਵਿਵਸਥਾ ਦਾ ਅਧਿਐਨ ਕਰਦੇ ਹਾਂ । ਰਾਬਿਨਸਨ ਕਰੂਸੋ (Robinson Crusoe) ਵਰਗੇ ਇਕੱਲੇ ਵਿਅਕਤੀ ਦਾ ਅਧਿਐਨ, ਮੈਕਰੋ ਅਰਥ ਸ਼ਾਸਤਰ ਅਧੀਨ ਆ ਸਕਦਾ ਹੈ ਅਤੇ ਇੱਕ ਸਮੂਹ ਦਾ ਅਧਿਐਨ ਮਾਈਕਰੋ ਅਰਥ ਸ਼ਾਸਤਰ ਦਾ ਵਿਸ਼ਾ ਬਣ ਸਕਦਾ ਹੈ । ਜੇ ਵਿਅਕਤੀ ਜਾਂ ਸਮੂਹ ਅੰਦਰਲੇ ਪ੍ਰਭਾਵਾਂ ਨੂੰ ਛੱਡ ਕੇ, ਬਾਕੀ ਸਾਰੇ ਬਾਹਰੀ ਪ੍ਰਭਾਵਾਂ ਤੋਂ ਮੁਕਤ ਹੋਵੇ ਤਾਂ ਇਹ ਅਧਿਐਨ ਮੈਕਰੋ ਅਰਥ ਸ਼ਾਸਤਰ ਦਾ ਅਧਿਐਨ ਬਣ ਜਾਂਦਾ ਹੈ । ਦੂਜੇ ਪਾਸੇ ਜੇ ਇਸ ਉੱਤੇ ਹੋਰ ਮਨੁੱਖਾਂ ਦਾ ਪ੍ਰਭਾਵ ਪਿਆ ਹੋਵੇ ਤਾਂ ਇਹ ਮਾਈਕਰੋ ਅਰਥ ਸ਼ਾਸਤਰ ਦਾ ਵਿਸ਼ਾ ਹੋ ਨਿਬੱੜਦਾ ਹੈ । ਦੂਜੇ ਸ਼ਬਦਾਂ ਵਿਚ, ਇਹ ਕਿਹਾ ਜਾ ਸਕਦਾ ਹੈ ਕਿ ਖੁੱਲ੍ਹੀ ਅਰਥ ਵਿਵਸਥਾ (Open Economy) ਦਾ ਅਧਿਐਨ ਮਾਈਕਰੋ ਅਰਥ ਸ਼ਾਸਤਰ ਦਾ ਵਿਸ਼ਾ ਹੈ ਅਤੇ ਬੰਦ ਅਰਥ ਵਿਵਸਥਾ (Closed Economy), ਮੈਕਰੋ ਅਰਥ ਸ਼ਾਸਤਰ ਦਾ ਵਿਸ਼ਾ ਹੈ ।

ਮਾਈਕਰੋ ਅਰਥ ਸ਼ਾਸਤਰ ਵਿੱਚ ਅਸੀਂ ਵੱਖ-ਵੱਖ ਵਸਤਾਂ ਤੇ ਸੇਵਾਵਾਂ ਨਾਲ ਸੰਬੰਧਤ ਕੀਮਤਾਂ ਦੇ ਵਧਣ ਘਟਣ ਦੀ ਵਿਧੀ ਦਾ ਅਧਿਐਨ ਕਰਦੇ ਹਾਂ । ਇਹ ਵੀ ਅਧਿਐਨ ਕੀਤਾ ਜਾਂਦਾ ਹੈ ਕਿ ਉਨ੍ਹਾਂ ਦੀਆਂ ਕੀਮਤਾਂ ਦਾ ਨਿਰਧਾਰਨ ਕਿਵੇਂ ਹੁੰਦਾ ਹੈ ਅਰਥਾਤ ਇਸ ਵਿੱਚ ਅੰਸ਼ਿਕ ਸਮਤੋਲ (partial equilibrium) ਵਿਧੀ ਵਰਤੀ ਜਾਂਦੀ ਹੈ ਜਦੋਂ ਕਿ ਮੈਕਰੋ ਅਰਥ ਸ਼ਾਸਤਰ ਇੱਕ ਆਮ ਸੰਤੁਲਨ (general equilibrium) ਦੀ ਹਾਲਤ ਦਾ ਵਰਨਣ ਕਰਦਾ ਹੈ ।

ਮਾਈਕਰੋ ਸਿਧਾਂਤ ਅਨੁਸਾਰ, ਜੋ ਗੱਲ੍ਹਾਂ ਨੂੰ ਅਸੀਂ ਮੰਨ ਕੇ ਚਲਦੇ ਹਾਂ, ਜਿਵੇਂ ਕਿ ਦੇਸ਼ ਦਾ ਕੁੱਲ ਉਤਪਾਦਨ ਦਿੱਤਾ ਹੋਇਆ ਹੁੰਦਾ ਹੈ, ਇਹ ਗੱਲ ਮੈਕਰੋ ਅਰਥ ਸ਼ਾਸਤਰ ਵਿੱਚ ਇੱਕ ਵੱਡਾ ਚਰ (variable) ਹੈ, ਇਸ ਦੇ ਮੁੱਲ ਅਤੇ ਮਾਤਰਾ ਨੂੰ ਨਿਰਧਾਰਿਤ ਕਰਨਾ ਹੁੰਦਾ ਹੈ । ਇਸੇ ਤਰ੍ਹਾਂ ਮੈਕਰੋ ਅਰਥ ਸ਼ਾਸਤਰ, ਜਿਹੜੀਆਂ ਗੱਲਾਂ ਨੂੰ ਮੰਨ ਕੇ ਚਲਦਾ ਹੈ, ਜਿਵੇਂ ਕਿ ਉਪਜ ਦੀ ਵੰਡ, ਰੁਜ਼ਗਾਰ ਅਤੇ ਖਰਚ, ਵੱਖ-ਵੱਖ ਉਦਯੋਗਾਂ ਅਤੇ ਫਰਮਾਂ ਦੀਆਂ ਪੈਦਾ ਕੀਤੀਆਂ ਵਸਤਾਂ ਅਤੇ ਸੇਵਾਵਾਂ ਅਨੁਸਾਰ ਕਿਵੇਂ ਹੈ, ਇਹ ਸਾਰੀਆਂ ਗੱਲਾਂ ਮਾਈਕਰੋ, ਅਰਥ ਸ਼ਾਸਤਰ ਵਿੱਚ ਚਰ (variable) ਮੱਦਾਂ ਹਨ । ਇਸ ਤੋਂ ਇਲਾਵਾ ਮੈਕਰੋ ਅਰਥ ਸ਼ਾਸਤਰ ਵਿੱਚ ਆਮ ਕੀਮਤ ਪੱਧਰ ਇੱਕ ਚਰ ਹੈ ਅਤੇ ਸਾਪੇਖ (relative) ਕੀਮਤਾਂ ਅਚਰ ਹਨ, ਜਦੋਂ ਕਿ ਮਾਈਕਰੋ ਅਰਥ ਸ਼ਾਸਤਰ ਵਿੱਚ ਇਨ੍ਹਾਂ ਨੂੰ ਬਿਲਕੁਲ ਉਲਟ ਲਿਆ ਜਾਂਦਾ ਹੈ ।

### 1.1.4 ਮੈਕਰੋ ਆਰਥਿਕ ਵਿਸ਼ਲੇਸ਼ਣ ਦੀਆਂ ਮਹੱਤਵਪੂਰਨ ਧਾਰਨਾਵਾਂ

ਅਜੋਕੇ ਸਮੇਂ ਵਿੱਚ ਖਾਸ, ਕਰਕੇ ਕੇਨਜ਼ ਤੋਂ ਮਗਰੋਂ, ਜੋ ਆਰਥਿਕ ਵਿਕਾਸ ਬਾਰੇ ਵਿਚਾਰਧਾਰਾ ਦਾ ਵਿਕਾਸ ਹੋਇਆ ਹੈ, ਵਿੱਚ ਕੁਝ ਪਦਾਂ (terms) ਦੀ ਬਹੁਤ ਵਰਤੋਂ ਕੀਤੀ ਗਈ ਹੈ । ਕਈ ਵਾਰੀ ਇਨ੍ਹਾਂ ਪਦਾਂ ਨੂੰ ਮੈਕਰੋ ਅਰਥ ਵਿਗਿਆਨ ਦੇ ਪਦ ਵੀ ਕਹਿ ਦਿੱਤਾ ਜਾਂਦਾ ਹੈ, ਜੋ ਕਿ ਹੇਠਾਂ ਦਿੱਤੇ ਗਏ ਹਨ :

**ਚਰ** (Variables)

ਚਰ ਇੱਕ ਅਜਿਹੀ ਮਾਤਰਾ ਹੈ ਜਿਸ ਦਾ ਮੁੱਲ ਕਿਸੇ ਹੱਦ ਤੱਕ ਬਦਲ ਸਕਦਾ ਹੈ । ਦੂਜੇ ਸ਼ਬਦਾਂ ਵਿੱਚ ਇਹ ਅਜਿਹੀ ਮਾਤਰਾ ਹੈ ਜੋ ਲਗਾਤਾਰ ਵਧਦੀ ਜਾਂ ਘਟਦੀ ਰਹਿੰਦੀ ਹੈ । ਜਿਸ ਨੂੰ ਅਜਿਹੀ ਮਾਤਰਾ ਵੀ ਕਹਿ ਸਕਦੇ ਹਾਂ ਜਿਸ ਦੇ ਇੱਕੋ ਪਦਾਵਲੀ (expression) ਵਿੱਚ ਅਣਗਿਣਤ ਮੁੱਲ ਹੋ ਸਕਦੇ ਹਨ । ਇਸ ਤਰ੍ਹਾਂ ਚਰ ਤੋਂ ਭਾਵ ਇੱਕ ਬਦਲਵੇਂ ਮੁੱਲਾਂ ਵਾਲੀ ਅਜਿਹੀ ਮਾਤਰਾ ਹੈ ਜਿਸ ਨੂੰ ਮਾਪਿਆ ਜਾਂ ਪੈਮਾਨੇ ਅਨੁਸਾਰ ਦੱਸਿਆ ਜਾ ਸਕਦਾ ਹੈ ਅਤੇ ਜਿਸ ਦੇ ਬਦਲਦੇ ਮੁੱਲਾਂ ਵਿੱਚ ਅਸੀਂ ਕੁਝ ਤਾਂ ਇਸ ਦੀ ਸਿੱਧੀ ਮਹੱਤਤਾ ਕਾਰਣ ਅਤੇ ਕੁਝ ਇਸ ਦੇ ਦੂਜੇ ਚਰਾਂ ਉੱਤੇ ਅਸਿੱਧੇ ਅਸਰ ਕਾਰਣ ਦਿਲਚਸਪੀ ਲੈਂਦੇ ਹਾਂ । ਇਨ੍ਹਾਂ ਚਰਾਂ ਵਿੱਚ ਕਾਫੀ ਹੱਦ ਤੱਕ ਤਬਦੀਲੀ ਹੁੰਦੀ ਹੈ ਜਿਸ ਕਾਰਣ ਇੱਕ ਸਥੈਤਿਕ ਪ੍ਰਣਾਲੀ ਗਤੀਸ਼ੀਲ ਰੂਪ ਧਾਰਨ ਕਰ ਲੈਂਦੀ ਹੈ । ਇਹ ਠੀਕ ਹੈ ਕਿ ਇਨ੍ਹਾਂ ਚਰਾਂ ਦੀ ਗਿਣਤੀ ਅਤੇ ਕਿਸਮਾਂ ਬਹੁਤ ਜ਼ਿਆਦਾ ਹਨ । ਜਿਵੇਂ ਕਿ, ਨਿਰੰਤਰ, ਸੁਤੰਤਰ, ਅਧੀਨ, ਵਿਲੱਖ (discrete) ਅਤੇ ਬੇਤਰਤੀਬ ਚਰ ਆਦਿ । ਮੈਕਰੋ ਅਰਥ ਸ਼ਾਸਤਰ ਵਿੱਚ ਹੇਠ ਲਿਖੇ ਮੁੱਖ ਚਰਾਂ ਦਾ ਅਧਿਐਨ ਕੀਤਾ ਜਾਂਦਾ ਹੈ ।

ਜੇ ਕੋਈ ਚਰ, ਆਰਥਿਕ ਪ੍ਰਣਾਲੀ ਨਾਲ ਇਸ ਤਰੀਕੇ ਨਾਲ ਜੁੜਿਆ ਹੋਵੇ ਕਿ ਇਹ ਪ੍ਰਣਾਲੀ ਦਾ ਅਟੁੱਟ ਅੰਗ ਹੋਵੇ ਤਾਂ ਇਸ ਨੂੰ ਅੰਦਰਲਾ ਚਰ (endogenous variable) ਆਖਿਆ ਜਾਂਦਾ ਹੈ ਅਤੇ ਜੇ ਚਰ, ਪ੍ਰਣਾਲੀ ਤੋਂ ਬਾਹਰਲਾ ਹੈ ਅਤੇ ਪ੍ਰਣਾਲੀ ਦਾ ਅਟੁੱਟ ਅੰਗ ਨਹੀਂ ਤਾਂ ਇਸ ਨੂੰ ਬਾਹਰਲਾ ਚਰ (exogenous variable) ਆਖਿਆ ਜਾਂਦਾ ਹੈ । ਉਦਾਹਰਣ ਵਜੋਂ, ਰੁਜ਼ਗਾਰ ਸਿਧਾਂਤ ਵਿੱਚ ਨਿਵੇਸ਼, ਬੱਚਤ, ਉਤਪਾਦਨ, ਆਮਦਨ ਅਤੇ ਰੁਜ਼ਗਾਰ ਦੀ ਮਾਤਰਾ ਅੰਦਰਲੇ ਚਰ ਹਨ । ਦੂਜੇ ਪਾਸੇ ਜਨ-ਸੰਖਿਆ ਦਾ ਆਕਾਰ, ਤਕਨੀਕ ਦਾ ਪੱਧਰ, ਆਯਾਤ ਅਤੇ ਨਿਰਯਾਤਾਂ, ਮਜ਼ਦੂਰਾਂ ਦੀ ਗਿਣਤੀ, ਪ੍ਰਬੰਧ ਦੀ ਕਿਸਮ ਆਦਿ ਬਾਹਰਲੇ ਚਰ ਹਨ । ਇਨ੍ਹਾਂ ਸਾਰਿਆਂ ਦਾ ਭਾਵੇਂ ਰੋਜ਼ਗਾਰ ਅਤੇ ਆਮਦਨ ਨਾਲ ਸੰਬੰਧ ਹੈ ਪਰੰਤੂ ਪਹਿਲੇ ਕਿਸਮ ਦੇ ਚਰਾਂ ਦਾ ਸੰਬੰਧ ਬਹੁਤ ਨਜ਼ਦੀਕੀ ਹੈ ਅਤੇ ਇੱਕ ਵਿੱਚ ਪਰਿਵਰਤਨ, ਦੂਜੇ ਵਿੱਚ ਪਰਿਵਰਤਨ ਜ਼ਰੂਰ ਲਿਆਉਂਦਾ ਹੈ । ਦੂਜੀ ਕਿਸਮ ਦੇ ਚਰਾਂ ਦਾ ਸੰਬੰਧ ਨਜ਼ਦੀਕੀ ਨਹੀਂ । ਇਹ ਗੱਲ ਵੀ ਅੱਖੋਂ ਓਹਲੇ ਨਹੀਂ ਕੀਤੀ ਜਾ ਸਕਦੀ ਕਿ ਇਨ੍ਹਾਂ ਦੋਹਾਂ ਵਿਚਕਾਰ ਕੋਈ ਪੱਕੀ ਲਕੀਰ ਖਿੱਚਣੀ ਅਸੰਭਵ ਹੈ, ਵੱਖ-ਵੱਖ ਸਮਿਆਂ ਤੇ ਇਨ੍ਹਾਂ ਦਾ ਕੀ ਪ੍ਰਭਾਵ ਰਿਹਾ ਹੈ, ਇਸ ਗੱਲ ਤੋਂ ਹੀ ਇਨ੍ਹਾਂ ਦੇ ਸਵਰੂਪ ਬਾਰੇ ਨਿਰਣਾ ਲਿਆ ਜਾ ਸਕਦਾ ਹੈ ।

**ਭੰਡਾਰ ਅਤੇ ਵਹਾਉ ਚਰ** (Stock and Flow Variables)

ਭਾਵੇਂ ਕੋਈ ਚਰ ਅੰਦਰੂਨੀ ਹੈ ਜਾਂ ਬਾਹਰੀ ਇਹ ਜਾਂ ਤਾਂ ਭੰਡਾਰ ਹੈ ਜਾਂ ਵਹਾਉਰੂਪੀ ਹੈ । ਇੱਕ ਭੰਡਾਰ ਚਰ ਦਾ ਸਮੇਂ ਨਾਲ ਕੋਈ ਨਾਪ ਸੰਬੰਧ ਨਹੀਂ ਜਦੋਂ ਕਿ ਵਹਾਉ ਚਰ ਦਾ ਹੁੰਦਾ ਹੈ । ਇਕ ਹਵਾਈ ਜਹਾਜ਼ ਦਾ ਭਾਰ ਇੱਕ ਭੰਡਾਰ ਚਰ ਹੈ ਜਦੋਂ ਕਿ ਇਸ ਦੀ ਰਫਤਾਰ ਇੱਕ ਵਹਾਉ ਚਰ ਹੈ । ਭੰਡਾਰ ਦੀ ਮਾਤਰਾ ਦਾ

ਕੋਈ ਸਮਾਂ ਮਾਪ ਸਬੰਧ ਨਹੀਂ ਜਦੋਂ ਕਿ ਵਹਾਉ ਨੂੰ ਸਿਰਫ ਪ੍ਰਤੀ ਸਮਾਂ ਇਕਾਈ ਦੇ ਰੂਪ ਵਿਚ ਹੀ ਦੱਸਿਆ ਜਾ ਸਕਦਾ ਹੈ। ਭੰਡਾਰ ਅਤੇ ਵਹਾਉ ਚਰਾਂ ਵਿਚਕਾਰ ਮੁੱਖ ਫਰਕ, ਸਮੇਂ ਉੱਤੇ ਆਧਾਰਿਤ ਹੈ। ਵਹਾਉ ਚਰ, ਇੱਕ ਅਜਿਹੀ ਮਾਤਰਾ ਹੈ ਜਿਹੜੀ ਸਿਰਫ ਕਿਸੇ ਦਿੱਤੇ ਸਮੇਂ ਦੇ ਵਕਫ਼ੇ ਉੱਤੇ ਹੀ ਮਾਪੀ ਜਾ ਸਕਦੀ ਹੈ। ਭੰਡਾਰ ਚਰਾਂ ਨੂੰ ਸਮੇਂ ਦੇ ਨਾਲ ਸਿਰਫ ਜੋੜਿਆ ਜਾ ਸਕਦਾ ਹੈ ਪਰੰਤੂ ਵਹਾਉ ਚਰਾਂ ਦਾ ਸਮੇਂ ਨਾਲ ਸੰਬੰਧ ਹੁੰਦਾ ਹੈ। ਭਾਵੇਂ ਭੰਡਾਰ ਅਤੇ ਵਹਾਉ ਦੋਵੇਂ ਕਿਸਮ ਦੇ ਚਰਾਂ ਦਾ ਸਮੇਂ ਨਾਲ ਸੰਬੰਧ ਜੋੜਿਆ ਜਾਂਦਾ ਹੈ, ਭੰਡਾਰ ਚਰ ਵਹਾਉ ਚਰ ਨਾਲੋਂ ਵੱਖਰਾ ਹੈ, ਕਿਉਂਕਿ ਸਮੇਂ ਦਾ ਇੱਕ ਬਿੰਦੂ ਸਮੇਂ ਦੇ ਵਕਫੇ ਨਾਲੋਂ ਵੱਖਰੀ ਚੀਜ਼ ਹੈ।

**ਕਾਰਜਾਤਮਕ ਸਬੰਧ** (Functional Relationship)

ਚਰਾਂ ਵਿਚਕਾਰ ਸਬੰਧ ਨੂੰ ਫਲਨ (function) ਦੇ ਪਦ ਨਾਲ ਦਰਸਾਇਆ ਜਾਂਦਾ ਹੈ ਜਿਵੇਂ ਕਿ ਉਪਭੋਗ, ਆਮਦਨ ਦਾ ਫਲਨ (function) ਹੈ। ਇਥੇ ਉਪਭੋਗ ਇੱਕ ਨਿਰਭਰ (dependent) ਚਰ ਹੈ ਅਤੇ ਆਮਦਨ ਇੱਕ ਸੁਤੰਤਰ ਚਰ ਹੈ। ਇਹ ਗੱਲ ਕਿ ਕੋਈ ਚੀਜ਼ ਕਿਸੇ ਹੋਰ ਚੀਜ਼ ਦਾ ਫਲਨ ਹੈ, ਇੱਕ ਆਮ ਸਬੰਧ (general relationship) ਤੋਂ ਵੱਧ ਹੋਰ ਕੁਝ ਨਹੀਂ ਦੱਸਦੀ। ਬੱਚਤ ਜਾਂ ਉਪਭੋਗ, ਆਮਦਨ ਨਾਲ ਵਧ ਜਾਂ ਘਟ ਸਕਦੇ ਹਨ ਅਰਥਾਤ ਦੋਹਾਂ ਸਥਿਤੀਆਂ ਵਿੱਚ ਇਹ ਆਮਦਨ ਦਾ ਹੀ ਫਲਨ ਹਨ। ਇੱਕ ਚਰ ਦਾ ਦੂਜੇ ਚਰ ਨਾਲ ਸਬੰਧ ਦੱਸਣਾ ਮੈਕਰੋ ਆਰਥਿਕ ਮਾਡਲਾਂ ਦੀ ਇੱਕ ਮਹੱਤਵਪੂਰਨ ਵਿਸ਼ੇਸ਼ਤਾਈ ਹੈ।

ਦੂਜੇ ਪਾਸੇ ਇੱਕ ਸਥਿਰ ਸੰਖਿਆ (constant) ਅਜਿਹੀ ਮਾਤਰਾ ਹੈ ਜਿਹੜੀ ਬਦਲਦੀ ਨਹੀਂ। ਕਿਸੇ ਚਰ ਨਾਲ ਜੋ ਸਥਾਈ ਸੰਖਿਆ ਜੋੜੀ ਜਾਂਦੀ ਹੈ ਉਸ ਨੂੰ ਆਮ ਤੌਰ ਤੇ ਉਸ ਚਰ ਦਾ ਦਰ (coefficient) ਕਿਹਾ ਜਾਂਦਾ ਹੈ। ਇਹ ਜ਼ਰੂਰੀ ਨਹੀਂ ਕਿ ਦਰ (coefficient) ਸੰਖਿਆਵਾਦੀ (numerical) ਹੋਵੇ, ਇਹ ਸੰਕੇਤਕ (symbolic) ਵੀ ਹੋ ਸਕਦੀ ਹੈ। ਮੰਨ ਲਉ ਕਿ ਸੰਕੇਤ 'a' ਕਿਸੇ ਸਥਿਰ ਸੰਖਿਆ ਦਾ ਪ੍ਰਤੀਨਿਧ ਹੈ ਅਤੇ ਅਸੀਂ ਕਿਸੇ ਮਾਡਲ ਨੂੰ ਵਧੇਰੇ ਵਿਆਪਕ ਬਣਾਉਣ ਲਈ 7 ਦੀ ਥਾਂ ਤੇ 'a' p ਪਦਾਵਲੀ (expression) ਦੀ ਵਰਤੋਂ ਕਰਦੇ ਹਾਂ। ਇਹ ਸੰਕੇਤ ਬੜੇ ਖਾਸ ਤਰੀਕੇ ਦੇ ਵਰਤਾਉ ਨੂੰ ਦੱਸਦਾ ਹੈ, ਇਹ ਕਿਸੇ ਦਿੱਤੀ ਹੋਈ ਸਥਿਰ ਸੰਖਿਆ ਨੂੰ ਦੱਸਦਾ ਹੈ ਕਿਉਂਕਿ ਇਸ ਨੂੰ ਗਣਿਤਕ ਰੂਪ ਵਿੱਚ ਨਹੀਂ ਦੱਸਿਆ ਗਿਆ, ਇਸ ਲਈ ਇਹ ਕੋਈ ਵੀ ਮੁੱਲ ਅਖਤਿਆਰ ਕਰ ਸਕਦਾ ਹੈ। ਸੰਖੇਪ ਵਿੱਚ ਇਹ ਅਜਿਹੀ ਸਥਿਰ ਸੰਖਿਆ ਹੈ ਜਿਸ ਦਾ ਮੁੱਲ ਬਦਲਿਆ ਜਾ ਸਕਦਾ ਹੈ। ਇਸ ਨੂੰ ਇੱਕ ਖਾਸ ਦਰਜਾ ਪ੍ਰਾਪਤ ਹੈ ਜਿਸ ਕਰਕੇ ਇਸ ਨੂੰ ਪੈਰਾਮੀਟਰਿਕ ਸਥਿਰ ਸੰਖਿਆ (parametric constant) ਕਿਹਾ ਜਾਂਦਾ ਹੈ।

**ਸਮਾਨ ਅਰਥੀਆਂ** (Tautologies)

ਸੈਮੂਅਲਸਨ ਦੇ ਸ਼ਬਦਾਂ ਵਿੱਚ "ਸਮਾਨ ਅਰਥੀਆਂ ਉਹ ਕਥਨ ਹੁੰਦੇ ਹਨ, ਜਿਹੜੇ ਅਸਲੀਅਤ ਬਾਰੇ ਕੁਝ ਵੀ ਨਹੀਂ ਦੱਸਦੇ, ਪਰ ਉਹ ਪਰਿਭਾਸ਼ਾ ਰਾਹੀਂ ਸੱਚ ਹੁੰਦੇ ਹਨ।"

ਸਟੋਨੀਅਰ ਤੇ ਹੇਗ ਦੇ ਸ਼ਬਦਾਂ ਵਿੱਚ ਸਮਾਨ ਅਰਥੀ, ਕਥਨਾਂ ਦੀ ਵਿਆਖਿਆ ਕਰਦੀ ਹੈ ਜਿਹੜੀ ਦੋ ਤੱਤਾਂ ਵਿੱਚ ਪੂਰੀ ਸਮਾਨਤਾ ਪ੍ਰਗਟ ਕਰਦੇ ਹਨ ਅਤੇ ਇਸ ਲਈ ਪਰਿਭਾਸ਼ਾ ਰਾਹੀਂ ਹੀ ਸੱਚ ਹੁੰਦੇ ਹਨ। ਅਸਲ ਵਿੱਚ ਇਹ ਅਜਿਹੇ ਕਥਨ ਹਨ ਜਿਨ੍ਹਾਂ ਨੂੰ ਅੰਕੜਿਆਂ ਦੇ ਆਧਾਰ ਤੇ ਨਿਰੀਖਣ ਕਰਕੇ ਗਲਤ ਸਾਬਤ ਨਹੀਂ ਕੀਤਾ ਜਾ ਸਕਦਾ। ਇਹ ਆਰਥਿਕ ਵਿਚਾਰਧਾਰਾ ਵਿੱਚ ਅਹਿਮ ਰੋਲ ਅਦਾ ਕਰਦੀਆਂ ਹਨ। ਕੇਨਜ਼ ਦੇ ਆਮ ਸਿਧਾਂਤ ਵਿੱਚ ਸਮਾਨ ਅਰਥੀ ਕਥਨ ਆਉਂਦੇ ਹਨ। ਹੈਬਰਲਰ (Haberler) ਅਜਿਹੇ ਹੀ ਇੱਕ ਸਮਾਨਅਰਥੀ ਗੁਣਕ ਨੂੰ ਮੰਨਦਾ ਹੈ। ਇਸੇ ਤਰ੍ਹਾਂ ਏ.ਜੀ. ਹਾਰਟ (A.G. Hart) ਨੇ ਗੁਣਕ ਦੀ ਧਾਰਨਾਂ ਨੂੰ ਇੱਕ ਫ਼ਜ਼ੂਲ ਪੰਜਵਾਂ ਪਹੀਆ ਦੱਸਿਆ ਹੈ। ਗਾਰਡਨਰ ਐਕਲੇ (Gardener Ackley) ਵੀ ਇਸ ਗੱਲ ਨੂੰ ਠੀਕ ਮੰਨਦਾ ਹੈ। ਕਿਉਂਕਿ ਗੁਣਕ ਨਾ ਵਿਚਾਰਾਂ ਤੇ ਅਤੇ ਨਾ ਹੀ ਉਪਭੋਗ ਪ੍ਰਵਿਰਤੀ ਦੇ ਅੰਤਰਹਿਤ ਨਤੀਜਿਆਂ ਤੇ ਨਵਾਂ ਚਾਨਣ ਪਾਉਂਦਾ ਹੈ।

**ਸਮਤਾਵਾਂ** (Identities)

ਸਮਤਾਵਾਂ ਸਿਰਫ ਅਜਿਹੇ ਸੰਬੰਧ ਨੂੰ ਹੀ ਦੱਸਦੀਆਂ ਹਨ ਜੋ ਸਿਰਫ ਪਰਿਭਾਸ਼ਾ ਰੂਪ ਵਿੱਚ ਹੀ ਸੱਚ ਹੁੰਦੇ ਹਨ । ਸਮਤਾ ਸਿਰਫ ਇੱਕ ਸਵੈ-ਸਿੱਧ ਸੱਚਾਈ ਦਾ ਰੂਪ ਹੁੰਦੀ ਹੈ ਅਤੇ ਕੁੱਝ ਵੀ ਸਾਬਤ ਨਹੀਂ ਕਰਦੀ । ਸਮੀਕਰਨ MV=PT, ਕੇਵਲ ਇਹ ਦੱਸਦੀ ਹੈ ਕਿ ਵਸਤਾਂ ਅਤੇ ਸੇਵਾਵਾਂ ਦੀ ਖਰੀਦ ਉੱਤੇ ਕੀਤਾ ਗਿਆ ਕੁੱਲ ਖਰਚ, ਉਨ੍ਹਾਂ ਦੇ ਮੁਦਰਾ ਮੁੱਲ ਦੇ ਬਰਾਬਰ ਹੁੰਦਾ ਹੈ । ਕੇਨਜ਼ ਨੇ ਇਸ ਸੰਬੰਧ ਵਿੱਚ ਕਿਹਾ "ਮੁਦਰਾ ਦਾ ਪਰਿਣਾਮ ਸਿਧਾਂਤ ਇੱਕ ਮੰਨੀ ਹੋਈ ਗੱਲ ਹੈ ਜੋ ਕਿ ਲਾਗੂ ਹੁੰਦਾ ਹੈ ਭਾਵੇਂ ਇਸ ਦਾ ਕੋਈ ਮਹੱਤਵ ਨਹੀਂ ਹੈ ।" ਇਸੇ ਤਰ੍ਹਾਂ ਇਹ ਸਮਤਾ ਕਿ ਨਿਵੇਸ਼-ਬੱਚਤ, ਕੁਝ ਵੀ ਲਾਹੇਵੰਦ ਨਹੀਂ ਦੱਸਦੀ ।

**ਵਿਵਹਾਰਕ ਸਮੀਕਰਨ** (Behavioural Equation)

ਵਿਵਹਾਰਕ ਸਮੀਕਰਣ ਵਿਵਹਾਰਕ ਸਬੰਧ ਨੂੰ ਦਸਦੀ ਹੈ ਅਰਥਾਤ ਕਿ ਕੋਈ ਚਰ, ਦੂਜੇ ਚਰ ਵਿੱਚ ਤਬਦੀਲੀ ਆਉਣ ਤੇ ਕਿਵੇਂ ਵਰਤਾਉ ਕਰਦਾ ਹੈ ਅਰਥਾਤ ਕਿਵੇਂ ਵਧਦਾ ਜਾਂ ਘਟਦਾ ਹੈ । ਮੋਟੇ ਸ਼ਬਦਾਂ ਵਿਚ, ਵਿਵਹਾਰਕ ਸਮੀਕਰਣਾਂ ਨੂੰ ਕਿਸੇ ਮਾਡਲ ਦੀ ਆਮ ਸੰਸਥਾਤਮਕ ਜੁੜਾਊ (setting) ਦੀ ਵਿਆਖਿਆ ਕਰਨ ਲਈ ਵਰਤਿਆ ਜਾ ਸਕਦਾ ਹੈ । ਇਸ ਤੋਂ ਇਲਾਵਾ, ਇਹ ਉਸ ਦੇ ਤਕਨੀਕੀ ਅਤੇ ਕਾਨੂੰਨੀ ਪੱਖਾਂ ਨੂੰ ਦੱਸਦੀਆਂ ਹਨ ।

ਉਦਾਹਰਣ ਵਜੋਂ :

$c = a+by$

ਅਰਥਾਤ ਜੇ ਸਾਨੂੰ a,b ਅਤੇ y ਦੀ ਮਾਤਰਾ ਦਾ ਪਤਾ ਹੋਵੇ ਤਾਂ ਅਸੀਂ, ਵੱਖ-ਵੱਖ ਆਮਦਨ ਪੱਧਰਾਂ ਤੇ 'C' ਦੀ ਮਾਤਰਾ ਬਾਰੇ ਆਸਾਨੀ ਨਾਲ ਜਾਣ ਸਕਦੇ ਹਾਂ । ਅਰਥਾਤ, ਜੇ ਇਨ੍ਹਾਂ ਚਾਰਾਂ ਵਿੱਚੋਂ ਕਿਸੇ ਤਿੰਨ ਦਾ ਪਤਾ ਹੋਵੇ, ਤਾਂ ਚੌਥੇ ਬਾਰੇ ਆਸਾਨੀ ਨਾਲ ਜਾਣਿਆ ਜਾ ਸਕਦਾ ਹੈ ।

**ਵਕਫੇ** (Lags)

ਵਰਤਮਾਨ ਸਮੇਂ ਵਿੱਚ ਉਤਪਾਦਨ ਵਿਧੀ ਅਜਿਹੀ ਹੈ ਕਿ ਉਤਪਾਦਨ ਹੋਣ ਵਿੱਚ ਕਾਫੀ ਸਮਾਂ ਲੱਗਦਾ ਹੈ । ਉਦਾਹਰਣ ਵਜੋਂ ਆਮਦਨ ਵਿੱਚ ਵਾਧਾ ਹੋਣ ਨਾਲ, ਇਹ ਜ਼ਰੂਰੀ ਨਹੀਂ ਕਿ ਉਪਭੋਗ ਉਸੇ ਵਕਤ ਵੱਧ ਜਾਏਗਾ, ਸਗੋਂ ਇਸ ਨੂੰ ਕੁਝ ਸਮਾਂ ਲਗੇਗਾ । ਇਹ ਜੋ ਸਮਾਂ ਆਮਦਨ ਦੇ ਵਧਣ ਨਾਲ ਉਪਭੋਗ ਨੂੰ ਵਧਣ ਲਈ ਲੱਗਾ, ਇਸ ਨੂੰ ਹੀ ਮੈਕਰੋ ਅਰਥ ਸ਼ਾਸਤਰ ਵਿੱਚ ਵਕਫਾ ਜਾਂ ਸਮਾਂ ਵਕਫਾ ਕਿਹਾ ਜਾਂਦਾ ਹੈ । ਇਨ੍ਹਾਂ ਵਕਫਿਆਂ ਵਿੱਚ ਉਪਭੋਗ ਖਰਚਾ ਵਕਫਾ, ਮਜ਼ਦੂਰੀ ਵਕਫਾ, ਉਤਪਾਦਨ ਵਕਫਾ ਅਤੇ ਪ੍ਰਬੰਧਕੀ ਵਕਫਾ ਆਦਿ ਸ਼ਾਮਲ ਹਨ । ਇਨ੍ਹਾਂ ਵਕਫਿਆਂ ਦੀ ਮੈਕਰੋ ਅਰਥ ਸ਼ਾਸਤਰ ਵਿੱਚ ਅਹਿਮ ਮਹੱਤਤਾ ਹੈ । ਇਸ ਗੱਲ ਦੇ ਅਧਿਐਨ ਤੋਂ, ਕਿ ਇਨ੍ਹਾਂ ਵਕਫਿਆਂ ਦੀ ਕੰਮ ਦੀ ਵਿਧੀ (working) ਕੀ ਹੈ, ਤੋਂ ਹੀ ਸਮਾਂ ਵਿਆਖਿਆ (period analysis) ਦੀ ਮਹੱਤਤਾ ਦਾ ਪਤਾ ਚਲਦਾ ਹੈ । ਕੇਨਜ਼ ਨੇ ਆਪਣੇ ਸਿਧਾਂਤ ਵਿੱਚ ਇਨ੍ਹਾਂ ਵਕਫਿਆਂ ਦੇ ਪ੍ਰਭਾਵ ਨੂੰ ਅੱਖੋਂ ਉਹਲੇ ਰੱਖਿਆ ਅਤੇ ਉਸ ਨੇ ਮੋਟੇ ਤੌਰ ਤੇ ਮੈਕਰੋ ਆਰਥਿਕ ਚਰਾਂ ਤੇ ਤੱਤਕਾਲੀ (instantaneous) ਵਿਵਹਾਰ ਨੂੰ ਹੀ ਧਿਆਨ ਵਿੱਚ ਰੱਖਿਆ । ਇਹ ਗੱਲ ਕੇਨਜ਼ ਤੋਂ ਬਾਅਦ ਦੇ ਅਰਥ ਸ਼ਾਸਤਰੀਆਂ ਨੇ ਉਪਭੋਗ, ਨਿਵੇਸ਼, ਫਲਨ, ਤਰਲਤਾ ਤਰਜੀਹ, ਗੁਣਕ ਆਦਿ ਯੰਤਰਾਂ ਵਿੱਚ ਲਾਗੂ ਕੀਤੀ ਤਾਂ ਕਿ ਇਨ੍ਹਾਂ ਯੰਤਰਾ ਨੂੰ ਜ਼ਿਆਦਾ ਗਤੀਸ਼ੀਲ ਬਣਾਇਆ ਜਾ ਸਕੇ ।

**1.1.5 ਸਾਰਾਂਸ਼:**

ਤੁਸੀ ਜਾਣ ਗਏ ਹੋਵੇਗੇ ਕਿ ਮੈਕਰੋ ਅਰਥਸ਼ਾਸਤਰ ਵਿੱਚ ਸਮੱਚੀ ਅਰਥਵਿਵਸਥਾ ਨੂੰ ਲੈ ਕੇ ਵਿਸ਼ੇਲੇਸ਼ਣ ਕੀਤਾ ਜਾਂਦਾ ਹੈ ਜਦੋਂ ਕਿ ਮਾਈਕਰੋ ਅਰਥ ਸ਼ਾਸਤਰ ਵਿੱਚ ਛੋਟੇ ਛੋਟੇ ਭਾਗਾਂ ਜਾਂ ਅੰਸ਼ਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਜਿਵੇਂ ਕਿ ਵਿਅਕਤੀਗਤ ਉਪਭੋਗੀ ਵਿਅਕਤੀਗਤ ਫਰਮ ਵਿਅਕਤੀਗਤ ਉਦਯੋਗ ਅਤੇ ਉਹਨਾਂ ਦੇ ਸੰਤੁਲਨ ਦਾ ਅਧਿਐਨ ਮਾਇਕਰੋ ਅਰਥਸ਼ਾਸ਼ਤਰ ਵਿਚ ਅਤੇ ਦੇਸ਼ੀ ਦੀ ਕੁਝ ਰਾਸ਼ਟਰੀ ਆਮਦਨ, ਕੁਲ ਰਾਸ਼ਟਰ ਆਮਦਨ, ਉਪਭੋਗ, ਬੱਚਤ, ਨਿਵੇਸ਼ ਆਦਿ ਦਾ ਅਧਿਐਨ ਮੈਕਰੋ ਅਰਥ ਸ਼ਾਸਤਰ ਦਾ ਵਿਸ਼ਾ ਹਨ।

# ਰਾਸ਼ਟਰੀ ਆਮਦਨ
## (NATIONAL INCOME)

1.2.1 ਭੂਮਿਕਾ
1.2.2 ਉਦੇਸ਼
1.2.3 ਰਾਸ਼ਟਰੀ ਆਮਦਨ ਦੀਆਂ ਵੱਖ ਵੱਖ ਪਰਿਭਾਸ਼ਾਵਾਂ
1.2.4 ਕੇਂਨਜ਼ ਦੀ ਰਾਸ਼ਟਰੀ ਆਮਦਨ ਦੀ ਧਾਰਨਾ
1.2.5 ਕੇਂਨਜ਼ ਤੋਂ ਬਾਦ ਰਾਸ਼ਟਰੀ ਆਮਦਨ ਦੀ ਧਾਰਨਾ
1.2.6 ਰਾਸ਼ਟਰੀ ਆਮਦਨ ਦਾ ਮਾਪ
1.2.7 ਰਾਸ਼ਟਰੀ ਆਮਦਨ ਦੀ ਗਣਨਾ ਚ ਆਉਂਦੀਆਂ ਕਠਿਨਾਈਆਂ
1.2.8 ਰਾਸ਼ਟਰੀ ਆਮਦਨ ਦੇ ਵਿਸ਼ਲੇਸ਼ਣ ਵਿੱਚ ਕੇਂਨਜ਼ ਦੇ ਯੋਗਦਾਨ ਦਾ ਮਹੱਤਵ
1.2.9 ਰਾਸ਼ਟਰੀ ਆਮਦਨ ਦਾ ਮਹੱਤਵ
1.2.10 ਰਾਸ਼ਟਰੀ ਆਮਦਨ ਦੇ ਚੱਕਰੀ ਪ੍ਰਵਾਹ ਦੀ ਭੂਮਿਕਾ
1.2.11ਸਾਰਾਂਸ਼

### 1.2.1. ਭੂਮਿਕਾ

ਮਾਈਕਰੋ ਅਰਥ-ਸ਼ਾਸਤਰੀ ਸਮੁੱਚੀ ਅਰਥ ਵਿਵਸਥਾ ਦੀ ਕ੍ਰਿਆਸ਼ੀਲਤਾ ਵੱਲ ਕੋਈ ਧਿਆਨ ਨਹੀਂ ਸਨ ਦਿੰਦੇ ਜਦੋਂ ਕਿ ਅਜੋਕੇ ਅਰਥ-ਸ਼ਾਸਤਰੀ ਇਸ ਵਿਚ ਦਿਲਚਸਪੀ ਰੱਖਦੇ ਹਨ। ਗੁੰਝਲਦਾਰ ਮੈਕਰੋ ਆਰਥਿਕ ਪ੍ਰਣਾਲੀ ਦੇ ਆਰਥਿਕ ਵਿਹਾਰ ਨੂੰ ਸਮਝਣ ਲਈ ਇਸ ਦੀ ਅਦਾਕਾਰੀ (performance) ਦੇ ਕਿਸੇ ਸੂਚਕ ਦੀ ਜਾਣਕਾਰੀ ਹੋਣਾ ਅਤਿ ਜ਼ਰੂਰੀ ਹੈ। ਅਜਿਹਾ ਸਭ ਤੋਂ ਵੱਧ ਮਹੱਤਵਪੂਰਨ ਅਤੇ ਇਕੋ ਇੱਕ ਸੂਚਕ ਰਾਸ਼ਟਰੀ ਆਮਦਨ ਹੀ ਹੈ। ਕਿਸੇ ਅਰਥ ਵਿਵਸਥਾ ਦੀ ਉੱਨਤੀ ਹੋ ਰਹੀ ਹੈ, ਅਵੂੰਨਤੀ ਹੋ ਰਹੀ ਹੈ, ਜਾਂ ਉਹ ਸਥਿਰ ਹੈ, ਇਸ ਦਾ ਪਤਾ ਲਗਾਉਣ ਲਈ ਸਾਨੂੰ ਵੇਖਣਾ ਪੈਂਦਾ ਹੈ ਕਿ ਰਾਸ਼ਟਰੀ ਆਮਦਨ ਵਧ ਘੱਟ ਰਹੀ ਹੈ ਜਾਂ ਉਹੋ ਹੀ ਹੈ। ਪ੍ਰੋ. ਪੀਗੂ (Pigou) ਅਨੁਸਾਰ, ਰਾਸ਼ਟਰੀ ਆਮਦਨ ਅਤੇ ਆਰਥਿਕ ਭਲਾਈ, ਇੱਕ ਦੂਜੇ ਨਾਲ ਸਿੱਧਾ ਸੰਬੰਧ ਰੱਖਦੇ ਹਨ, ਪਰੰਤੂ ਰਾਸ਼ਟਰੀ ਆਮਦਨ ਦੀ ਧਾਰਣਾ ਖੁਦ ਇੱਕ ਅਨਿਸ਼ਚਿਤ ਧਾਰਨਾ ਹੈ। ਰਾਸ਼ਟਰੀ ਆਮਦਨ ਦੀ ਵੱਖ-ਵੱਖ ਤਰੀਕਿਆਂ ਨਾਲ ਪਰਿਭਾਸ਼ਾ ਦਿੱਤੀ ਗਈ ਹੈ।

ਆਮ ਬੋਲੀ ਵਿੱਚ ਰਾਸ਼ਟਰੀ ਆਮਦਨ ਤੋਂ ਭਾਵ, ਕਿਸੇ ਦੇਸ਼ ਵਿੱਚ, ਇੱਕ ਸਾਲ ਵਿੱਚ ਪੈਦਾ ਕੀਤੀਆਂ ਗਈਆਂ ਵਸਤਾਂ ਅਤੇ ਸੇਵਾਵਾਂ ਦੇ ਕੁੱਲ ਮੁੱਲ ਤੋਂ ਲਿਆ ਗਿਆ ਹੈ। ਦੂਜੇ ਸ਼ਬਦਾਂ ਵਿਚ, ਇੱਕ ਸਾਲ ਵਿੱਚ ਕਿਸੇ ਦੇਸ਼ ਵਿਚਲੀਆਂ ਆਰਥਿਕ ਕ੍ਰਿਆਵਾਂ ਵਪਾਰਕ ਖੇਤਰ (business sector), ਨਿੱਜੀ ਖੇਤਰ, ਜਿਵੇਂ ਕਿ ਘਰੇਲੂ ਖੇਤਰ, ਸਰਕਾਰੀ ਖੇਤਰ ਜਾਂ ਬਾਕੀ ਦੇ ਸੰਸਾਰ ਖੇਤਰ, ਨਾਲ ਸੰਬੰਧਿਤ ਹੋ ਸਕਦੀਆਂ ਹਨ। ਇਨ੍ਹਾਂ ਚਾਰਾਂ ਖੇਤਰਾਂ ਤੋਂ ਮਿਲਣ ਵਾਲੀ ਆਮਦਨ ਨੂੰ ਜੋੜ ਕੇ, ਕਿਸੇ ਖਾਸ ਸਮੇਂ ਦੌਰਾਨ ਰਾਸ਼ਟਰੀ ਆਮਦਨ ਪ੍ਰਾਪਤ ਕੀਤੀ ਜਾਂਦੀ ਹੈ।

ਅਸਲ ਵਿੱਚ ਆਮਦਨ ਦੀ ਧਾਰਨਾ ਕੇਨਜ਼ ਦੇ ਰੁਜ਼ਗਾਰ ਸਿਧਾਂਤ ਦਾ ਆਧਾਰ ਹੈ। ਇਸ ਤਰ੍ਹਾਂ ਰਾਸ਼ਟਰੀ ਆਮਦਨ ਲੇਖਾ (National Income Accounts), ਰਾਸ਼ਟਰੀ ਆਮਦਨ, ਉਤਪਾਦਨ ਅਤੇ ਰੁਜ਼ਗਾਰ ਦਾ ਇੱਕ ਮਾਪ ਦੰਡ ਹੀ ਤਾਂ ਹੈ। ਇਹੋ ਕਾਰਣ ਸੀ ਕਿ ਕੇਨਜ਼ ਨੇ ਆਮਦਨ, ਉਤਪਾਦਨ ਅਤੇ

ਰੁਜ਼ਗਾਰ ਨੂੰ ਸਾਰੇ ਵਿਵਹਾਰਕ ਮਕਸਦਾਂ ਲਈ ਇੱਕ ਦੂਜੇ ਦੇ ਬਰਾਬਰ ਮੰਨਿਆ ਹੈ । ਅਰਥਾਤ ਇਹ ਤਿੰਨੇ ਇਕੱਠੇ ਹੀ ਇੱਕੋ ਅਨੁਪਾਤ ਨਾਲ ਵਧਦੇ ਤੇ ਘਟਦੇ ਹਨ । ਭਾਵੇਂ ਅਸਲ ਵਿੱਚ ਰੁਜ਼ਗਾਰ ਵਿੱਚ ਹੋਇਆ ਵਾਧਾ, ਆਮਦਨ ਅਤੇ ਉਤਪਾਦਨ ਵਿੱਚ ਹੋਏ ਵਾਧੇ ਦੇ ਅਨੁਪਾਤ ਅਨੁਸਾਰ ਨਹੀਂ ਹੁੰਦਾ । ਪ੍ਰੋ: ਹੈਨਸਨ ਅਨੁਸਾਰ, ਆਮਦਨ, ਰੁਜ਼ਗਾਰ ਅਤੇ ਉਤਪਾਦਨ ਵਿੱਚ ਭਾਵੇਂ ਪੱਕੇ ਤੌਰ ਤੇ ਬਰਾਬਰੀ ਤਾਂ ਨਹੀਂ ਕਹੀ ਜਾ ਸਕਦੀ ਪਰ ਸਾਰੇ ਵਿਵਹਾਰਕ ਮਕਸਦਾਂ ਲਈ, ਆਮਦਨ, ਰੁਜ਼ਗਾਰ ਸਿਧਾਂਤ ਦੀ ਇਸ ਲੇਖਾ ਸਮਤਾ ਨੂੰ ਮੰਨ ਲੈਣ ਲਈ ਕੋਈ ਨੁਕਸਾਨ ਵੀ ਨਹੀਂ ਹੁੰਦਾ । ਅਸਲ ਵਿੱਚ ਜਦੋਂ ਅਸੀਂ ਰੁਜ਼ਗਾਰ ਸਿਧਾਂਤ ਅਤੇ ਇਸ ਦੇ ਨਿਰਧਾਰਕਾਂ ਦੀ ਗੱਲ ਕਰਦੇ ਹਾਂ ਤਾਂ ਸਾਡੇ ਮਨ ਵਿੱਚ ਅਸਲੀਅਤ ਵਜੋਂ ਉਦੋਂ, ਆਮਦਨ ਅਤੇ ਉਤਪਾਦਕ ਦੇ ਨਿਰਧਾਰਕਾਂ ਦਾ ਵਿਸ਼ਲੇਸ਼ਣ ਹੀ ਹੁੰਦਾ ਹੈ । ਇਸ ਤਰ੍ਹਾਂ ਇਹ ਰੁਜ਼ਗਾਰ ਸਿਧਾਂਤ ਜਾਂ ਉਤਪਾਦਨ ਸਿਧਾਂਤ ਹੀ ਬਣ ਜਾਂਦਾ ਹੈ ।

### 1.2.2 ਉਦੇਸ਼: ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ:

- ਰਾਸ਼ਟਰੀ ਆਮਦਨ ਦੀ ਧਾਰਨਾ ਤੋਂ ਜਾਣੂ ਹੋ ਜਾਉਗੇ ।
- ਕੇਂਨਜ਼ ਅਤੇ ਕੇਂਨਜ਼ ਤੋਂ ਬਾਦ ਰਾਸ਼ਟਰੀ ਆਮਦਨ ਦੀ ਧਾਰਨਾਵਾਂ ਬਾਰੇ ਜਾਣ ਸਕੋਗੇ ।
- ਰਾਸ਼ਟਰੀ ਆਮਦਨ ਦਾ ਮਾਪ ਦੀਆਂ ਵਿਧੀਆਂ ਬਾਰੇ ਜਾਣ ਜਾਉਗੇ ।
- ਰਾਸ਼ਟਰੀ ਆਮਦਨ ਦੀ ਗਣਨਾ ਚ ਆਉਂਦੀਆਂ ਕਠਿਨਾਈਆਂ ਬਾਰੇ ਜਾਣ ਜਾਉਗੇ ।
- ਰਾਸ਼ਟਰੀ ਆਮਦਨ ਦੀ ਮਹੱਤਤਾ ਦਾ ਪਤਾ ਲੱਗ ਜਾਵੇਗਾ ।

### 1.2.3. ਰਾਸ਼ਟਰੀ ਆਮਦਨ ਦੀਆਂ ਵੱਖ-ਵੱਖ ਪਰਿਭਾਸ਼ਾਵਾਂ (Definitions of National Income)

ਸਾਧਾਰਣ ਸ਼ਬਦਾਂ ਵਿੱਚ ਰਾਸ਼ਟਰੀ ਆਮਦਨ ਤੋਂ ਭਾਵ, ਸਾਰੇ ਸ਼ੁੱਧ ਆਮਦਨ ਭੁਗਤਾਨਾਂ ਦੇ ਜੋੜ ਤੋਂ ਹੈ ਜਿਹੜੇ ਕਿ ਦੇਸ਼ ਦੀਆਂ ਆਮਦਨ ਪ੍ਰਾਪਤ ਕਰਨ ਵਾਲੀਆਂ ਇਕਾਈਆਂ (units) ਦੁਆਰਾ ਪ੍ਰਾਪਤ ਕੀਤੇ ਜਾਂਦੇ ਹਨ । ਇਸ ਤਰ੍ਹਾਂ ਰਾਸ਼ਟਰੀ ਆਮਦਨ ਨੂੰ, ਉਤਪਾਦਨ ਦੇ ਸਾਧਨਾਂ ਨੂੰ ਹੋਣ ਵਾਲਾ ਕੁੱਲ ਭੁਗਤਾਨ ਜਾਂ ਰਾਸ਼ਟਰੀ ਉਤਪਾਦਨ ਨੂੰ ਪੈਦਾ ਕਰਨ ਦੀ ਸ਼ੁੱਧ ਲਾਗਤ ਵੀ ਕਿਹਾ ਜਾ ਸਕਦਾ ਹੈ ।

ਸੰਖੇਪ ਵਿੱਚ ਰਾਸ਼ਟਰੀ ਆਮਦਨ ਦੀਆਂ ਵੱਖ-ਵੱਖ ਪਰਿਭਾਸ਼ਾਵਾਂ ਨੂੰ ਦੋ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ ਅਤੇ ਉਹ ਇਹ ਹਨ :-

(ੳ) ਮਾਰਸ਼ਲ, ਪੀਗੂ ਅਤੇ ਫਿਸ਼ਰ ਦੁਆਰਾ ਦਿੱਤੀਆਂ ਗਈਆਂ ਪਰੰਪਰਾਗਤ ਪਰਿਭਾਸ਼ਾਵਾਂ ਅਤੇ

(ਅ) ਆਧੁਨਿਕ ਪਰਿਭਾਸ਼ਾਵਾਂ ।

**ਪ੍ਰੋ. ਮਾਰਸ਼ਲ ਦੀ ਪਰਿਭਾਸ਼ਾ :-** ਪ੍ਰੋ. ਮਾਰਸ਼ਲ ਅਨੁਸਾਰ "ਕਿਸੇ ਦੇਸ਼ ਦੇ ਮਜ਼ਦੂਰ ਅਤੇ ਪੂੰਜੀ, ਉਸ ਦੇਸ਼ ਦੇ ਪ੍ਰਾਕ੍ਰਿਤਿਕ ਸਾਧਨਾਂ ਦੀ ਵਰਤੋਂ ਕਰਦੇ ਹੋਏ ਹਰੇਕ ਸਾਲ ਭੌਤਿਕ, ਅਭੌਤਿਕ ਪਦਾਰਥਾਂ ਅਤੇ ਸਭ ਤਰ੍ਹਾਂ ਦੀਆਂ ਸੇਵਾਵਾਂ ਦੇ ਇੱਕ ਨਿਸ਼ਚਿਤ ਸ਼ੁੱਧ ਜੋੜਾਂ ਦਾ ਉਤਪਾਦਨ ਕਰਦੇ ਹਨ ਅਤੇ ਇਸ ਤਰ੍ਹਾਂ ਦੇਸ਼ ਦੀ ਰਾਸ਼ਟਰੀ ਆਮਦਨ ਦੀ ਇਸ ਪਰਿਭਾਸ਼ਾ ਤੋਂ ਸਾਫ ਨਜ਼ਰ ਆਉਂਦਾ ਹੈ ਕਿ ਰਾਸ਼ਟਰੀ ਆਮਦਨ ਤੋਂ ਭਾਵ, ਸ਼ੁੱਧ ਉਤਪਾਦਨ ਤੋਂ ਹੈ, ਅਰਥਾਤ ਵਸਤਾਂ ਅਤੇ ਸੇਵਾਵਾਂ ਦੀ ਕੁੱਲ ਉਪਜ ਵਿਚੋਂ ਟੁੱਟ-ਫੁੱਟ (depreciation) ਕੱਢ ਕੇ ਜੋ ਬਾਕੀ ਬਚਦਾ ਹੈ ।"

ਮਾਰਸ਼ਲ ਦੀਆਂ ਪਰਿਭਾਸ਼ਾਵਾਂ ਅਨੁਸਾਰ, ਰਾਸ਼ਟਰੀ ਆਮਦਨ ਹੇਠ ਲਿਖੇ ਤਿੰਨ ਤੱਤਾਂ ਦੀ ਬਣੀ ਹੋਈ ਹੈ :-

1. ਪੂੰਜੀ, ਮਜ਼ਦੂਰਾਂ ਅਤੇ ਪ੍ਰਾਕ੍ਰਿਤਕ ਸਾਧਨਾਂ ਦੇ ਸਹਿਯੋਗ ਤੋਂ ਪ੍ਰਾਪਤ ਸ਼ੁੱਧ ਉਪਜ,
2. ਸੇਵਾਵਾਂ ਦਾ ਮੁੱਲ ਅਤੇ,
3. ਵਿਦੇਸ਼ਾਂ ਤੋਂ ਪ੍ਰਾਪਤ ਹੋਈ ਆਮਦਨ ।

ਬੇਸ਼ਕ ਡਾ. ਮਾਰਸ਼ਲ ਦੀ ਪਰਿਭਾਸ਼ਾ ਸਿਧਾਂਤਕ ਤੌਰ ਤੇ ਸਹੀ, ਸਰਲ ਅਤੇ ਵਿਆਪਕ (comprehensive) ਹੈ ਫਿਰ ਵੀ ਇਸ ਦੀਆਂ ਕੁਝ ਗੰਭੀਰ ਵਿਵਹਾਰਕ ਸੀਮਾਵਾਂ ਹਨ । ਉਦਾਹਰਣ

ਵਜੋਂ, ਕਿਸੇ ਦੇਸ਼ ਵਿੱਚ ਪੈਦਾ ਹੋਈਆਂ ਕੁੱਲ ਵਸਤਾਂ ਅਤੇ ਸੇਵਾਵਾਂ ਦੇ ਅੰਕੜਿਆਂ ਬਾਰੇ ਠੀਕ ਅੰਦਾਜ਼ੇ ਲਾਉਣੇ ਔਖੇ ਹਨ । ਇਸ ਤੋਂ ਇਲਾਵਾ ਦੂਹਰੀ ਗਿਣਤੀ ਦੀਆਂ ਸਮੱਸਿਆਵਾਂ ਨੂੰ ਦੂਰ ਕਰਨਾ ਵੀ ਬਹੁਤ ਮੁਸ਼ਕਲ ਹੈ ਅਤੇ ਨਾਲ ਹੀ ਇਹ ਅੰਦਾਜ਼ਾ ਲਾਉਣਾ ਕਿ ਨਿੱਜੀ ਉਪਭੋਗ ਲਈ ਉਤਪਾਦਨ ਦਾ ਕਿੰਨਾ ਹਿੱਸਾ ਰੱਖਿਆ ਗਿਆ ਹੈ, ਹੋਰ ਵੀ ਔਖਾ ਹੈ ।

**ਪ੍ਰੋ. ਪੀਗੂ ਦੀ ਪਰਿਭਾਸ਼ਾ :** ਪ੍ਰੋ: ਪੀਗੂ ਅਨੁਸਾਰ, "ਰਾਸ਼ਟਰੀ ਆਮਦਨ ਕਿਸੇ ਦੇਸ਼ ਦੀ ਵਾਸਤਵਿਕ ਆਮਦਨ ਦਾ ਉਹ ਹਿੱਸਾ ਹੈ ਜਿਸ ਨੂੰ ਮੁਦਰਾ ਵਿੱਚ ਮਾਪਿਆ ਜਾ ਸਕਦਾ ਹੈ । ਰਾਸ਼ਟਰੀ ਆਮਦਨ ਵਿੱਚ ਵਿਦੇਸ਼ਾਂ ਤੋਂ ਪ੍ਰਾਪਤ ਹੋਈ ਆਮਦਨ ਵੀ ਸ਼ਾਮਲ ਕੀਤੀ ਜਾਂਦੀ ਹੈ ।"

ਰਾਸ਼ਟਰੀ ਆਮਦਨ ਦੀ ਇਹ ਪਰਿਭਾਸ਼ਾ, ਮਾਰਸ਼ਲ ਦੀ ਪਰਿਭਾਸ਼ਾ ਨਾਲੋਂ ਵਧੀਆ ਹੈ । ਪ੍ਰੋ. ਪੀਗੂ ਅਨੁਸਾਰ ਰਾਸ਼ਟਰੀ ਆਮਦਨ ਵਿੱਚ ਸਿਰਫ ਉਨ੍ਹਾਂ ਵਸਤਾਂ ਅਤੇ ਸੇਵਾਵਾਂ ਨੂੰ ਹੀ ਗਿਣਿਆ ਜਾਣਾ ਚਾਹੀਦਾ ਹੈ ਜੋ ਬਜ਼ਾਰ ਵਿੱਚ ਵਿਕਰੀ ਲਈ ਆਉਂਦੀਆਂ ਹਨ । ਪੀਗੂ ਅਨੁਸਾਰ ਜੋ ਵਸਤਾਂ ਬਾਜ਼ਾਰ ਵਿੱਚ ਵੇਚੀਆਂ ਨਹੀਂ ਜਾਂਦੀਆਂ, ਉਨ੍ਹਾਂ ਦੇ ਮੁਦਰਾ ਮੁੱਲ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ । ਇਹੋ ਕਾਰਣ ਹੈ ਕਿ ਪੀਗੂ ਨੇ ਉਨ੍ਹਾਂ ਨੂੰ ਰਾਸ਼ਟਰੀ ਆਮਦਨ ਵਿੱਚ ਸ਼ਾਮਲ ਨਹੀਂ ਕੀਤਾ । ਇਸ ਤਰ੍ਹਾਂ ਇਹ ਪਰਿਭਾਸ਼ਾ ਬਹੁਤ ਸੰਕੁਚਿਤ ਬਣ ਜਾਂਦੀ ਹੈ । ਇਸ ਤੋਂ ਇਲਾਵਾ ਇਸ ਪਰਿਭਾਸ਼ਾ ਵਿੱਚੋਂ ਕਈ ਵਿਰੋਧਾਭਾਸ ਵੀ ਜਨਮ ਲੈਂਦੇ ਹਨ, ਉਨ੍ਹਾਂ ਵਿੱਚੋਂ ਇੱਕ ਬਾਰੇ ਪ੍ਰੋ. ਪੀਗੂ ਨੇ ਖੁਦ ਜ਼ਿਕਰ ਕੀਤਾ ਹੈ ਕਿ ਜੇ ਇੱਕ ਆਦਮੀ ਆਪਣੀ ਨੌਕਰਾਣੀ (Maid Servant) ਨਾਲ ਵਿਆਹ ਕਰਵਾ ਲੈਂਦਾ ਹੈ ਤਾਂ ਰਾਸ਼ਟਰੀ ਆਮਦਨ ਘਟ ਜਾਂਦੀ ਹੈ ਕਿਉਂਕਿ ਉਸ ਨੂੰ ਹੁਣ ਉਸ ਦੀਆਂ (ਨੌਕਰਾਣੀ ਦੀਆਂ) ਹੋਰ ਸੇਵਾਵਾਂ ਲਈ ਭੁਗਤਾਨ ਨਹੀਂ ਕਰਨਾ ਪੈਂਦਾ, ਭਾਵੇਂ ਉਸ ਕਿਸਮ ਦੀਆਂ ਸੇਵਾਵਾਂ ਉਸ ਨੂੰ (ਮਾਲਕ ਨੂੰ) ਅਜੇ ਵੀ ਮਿਲਦੀਆਂ ਰਹਿੰਦੀਆਂ ਹਨ । ਭਾਵੇਂ ਇਹ ਪਰਿਭਾਸ਼ਾ ਨਿਸ਼ਚਿਤ, ਸੌਖੀ ਅਤੇ ਲਚਕਦਾਰ ਹੈ ਕਿਉਂਕਿ ਇਹ ਰਾਸ਼ਟਰੀ ਆਮਦਨ ਨੂੰ ਮਾਰਸ਼ਲ ਦੀ ਪਰਿਭਾਸ਼ਾ ਦੀ ਤਰ੍ਹਾਂ ਮਾਪਣਾ ਨਹੀਂ ਲੋੜਦੀ, ਫਿਰ ਵੀ ਇਹ ਉਨ੍ਹਾਂ ਵਸਤਾਂ ਵਿੱਚ, ਜੋ ਮੰਡੀ ਵਿੱਚ ਰੁਪਏ ਦੇ ਬਦਲੇ ਵੇਚੀਆਂ ਜਾਂਦੀਆਂ ਹਨ ਅਤੇ ਜੋ ਨਹੀਂ ਵੇਚੀਆਂ ਜਾਂਦੀਆਂ, ਵਿਚਕਾਰ ਇੱਕ ਬਣਾਵਟੀ ਅਤੇ ਜਾਣ ਬੁੱਝ ਕੇ ਵਖਰੇਵਾਂ ਵਿਖਾਉਂਦੀ ਹੈ । ਜਿਸ ਅਰਥ ਵਿਵਸਥਾ ਵਿੱਚ ਉਪਜ ਦੇ ਵੱਡੇ ਭਾਗ ਦਾ ਸਿਰਫ਼ ਵਸਤਾਂ ਦੇ ਬਦਲੇ ਹੀ ਵਟਾਂਦਰਾ ਕੀਤਾ ਜਾਂਦਾ ਹੈ ਉਥੇ ਇਹ ਪਰਿਭਾਸ਼ਾ ਅਣਉਪਯੋਗੀ ਹੈ ।

**ਪ੍ਰੋ: ਫਿਸ਼ਰ ਦੀ ਪਰਿਭਾਸ਼ਾ :** ਰਾਸ਼ਟਰੀ ਆਮਦਨ ਦੇ ਮਾਪਦੰਡ ਦੇ ਤੌਰ ਤੇ ਪ੍ਰੋ: ਫਿਸ਼ਰ ਨੇ ਉਤਪਾਦਨ ਦੀ ਥਾਂ ਤੇ ਉਪਭੋਗ ਨੂੰ ਚੁਣਿਆ ਹੈ । ਉਸ ਦੇ ਸ਼ਬਦਾਂ ਵਿਚ, ਰਾਸ਼ਟਰੀ ਆਮਦਨ ਤੋਂ ਭਾਵ ਉਨ੍ਹਾਂ ਸੇਵਾਵਾਂ ਤੋਂ ਹੈ ਜੋ ਕਿ ਅੰਤਿਮ ਰੂਪ ਵਿੱਚ ਖਪਤਕਾਰ ਨੂੰ ਪ੍ਰਾਪਤ ਹੁੰਦੀਆਂ ਹਨ, ਭਾਵੇਂ ਇਹ ਸੇਵਾਵਾਂ ਉਨ੍ਹਾਂ ਨੂੰ, ਉਨ੍ਹਾਂ ਦੇ ਭੌਤਿਕ ਜਾਂ ਮਨੁੱਖੀ ਮਾਹੌਲ ਤੋਂ ਪ੍ਰਾਪਤ ਹੁੰਦੀਆਂ ਹੋਣ । ਇਸ ਪਰਿਭਾਸ਼ਾ ਅਨੁਸਾਰ, ਇੱਕ ਸਾਲ ਦੇ ਦੌਰਾਨ ਉਤਪਾਦਿਤ ਹੋਈਆਂ ਸਭ ਵਸਤਾਂ ਨੂੰ ਰਾਸ਼ਟਰੀ ਆਮਦਨ ਵਿੱਚ ਨਹੀਂ ਗਿਣਿਆ ਜਾਣਾ ਚਾਹੀਦਾ । ਕੁੱਲ ਉਤਪਾਦਨ ਦੇ ਸਿਰਫ਼ ਉਸ ਭਾਗ ਨੂੰ ਹੀ ਰਾਸ਼ਟਰੀ ਆਮਦਨ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ ਜਿਸ ਦੀ ਸਾਲ ਭਰ ਵਿੱਚ ਅੰਤਮ ਰੂਪ ਨਾਲ ਖਪਤ ਹੁੰਦੀ ਹੈ, ਕਿਉਂਕਿ ਜੀਵਨ-ਪੱਧਰ ਵੇਖਣ ਲਈ ਕੁੱਲ ਉਤਪਾਦਨ ਦਾ ਇਹੀ ਹਿੱਸਾ ਮਹੱਤਵਪੂਰਨ ਹੈ । ਇਸ ਤਰ੍ਹਾਂ ਫਿਸ਼ਰ ਅਨੁਸਾਰ ਉਸ ਲਈ ਇਸ ਸਾਲ ਬਣਾਇਆ ਗਿਆ ਵਾਜਾ (piano) ਜਾਂ ਓਵਰਕੋਟ (overcoat) ਇਸ ਸਾਲ ਦੀ ਆਮਦਨ ਦਾ ਹਿੱਸਾ ਨਹੀਂ ਸਗੋਂ ਪੂੰਜੀ ਵਿੱਚ ਹੋਇਆ ਵਾਧਾ ਹੈ । ਸਿਰਫ ਇਨ੍ਹਾਂ ਵਸਤਾਂ ਦੁਆਰਾ ਇਸ ਸਾਲ ਦੌਰਾਨ ਪ੍ਰਾਪਤ ਹੋਈਆਂ ਸੇਵਾਵਾਂ ਹੀ ਆਮਦਨ ਹੈ । ਇਸ ਤਰ੍ਹਾਂ ਪ੍ਰੋ. ਫਿਸ਼ਰ ਦੁਆਰਾ ਦਿੱਤੀ ਗਈ ਪਰਿਭਾਸ਼ਾ ਡਾ. ਮਾਰਸ਼ਲ ਅਤੇ ਪ੍ਰੋ. ਪੀਗੂ ਨਾਲੋਂ ਉਸ ਹੱਦ ਤੱਕ ਵਧੀਆ ਹੈ ਜਿਸ ਹੱਦ ਤੱਕ ਇਹ ਆਰਥਿਕ ਭਲਾਈ ਦੀ ਧਾਰਨਾ ਦੇ ਨੇੜੇ ਹੈ ਕਿਉਂਕਿ ਭਲਾਈ ਉਨ੍ਹਾਂ ਵਾਸਤਾਂ ਅਤੇ ਸੇਵਾਵਾਂ ਤੇ ਨਿਰਭਰ ਕਰਦੀ ਹੈ ਜਿਹੜੀਆਂ ਕਿਸੇ ਸਮਾਜ ਦੇ ਮੈਂਬਰਾਂ ਨੂੰ ਪ੍ਰਾਪਤ ਹੁੰਦੀਆਂ ਹਨ । ਪਰੰਤੂ ਸ਼ੁੱਧ ਉਤਪਾਦਨ ਦੀ ਨਿਸਬਤ ਸ਼ੁੱਧ ਉਪਭੋਗ ਦਾ ਅੰਦਾਜ਼ਾ ਲਾਉਣਾ ਜ਼ਿਆਦਾ ਔਖਾ ਹੈ । ਇਸ ਤੋਂ ਇਲਾਵਾ ਪਾਇਦਾਰ (durable) ਵਸਤਾਂ ਦੀਆਂ ਸੇਵਾਵਾਂ ਦੇ ਮੁੱਲ ਦਾ ਹਰੇਕ ਸਾਲ ਅੰਦਾਜ਼ਾ ਲਾਉਣਾ ਵੀ ਬਹੁਤ ਮੁਸ਼ਕਲ ਹੈ ਕਿਉਂਕਿ ਉਹ ਕਈ ਸਾਲ

ਤੱਕ ਹੰਢਦੀਆਂ ਹਨ ।

ਇਸ ਤਰ੍ਹਾਂ ਇਹ ਕਹਿਣਾ ਬਹੁਤ ਔਖਾ ਹੈ ਕਿ ਕਿਹੜੀ ਪਰਿਭਾਸ਼ਾ ਠੀਕ ਜਾਂ ਗਲਤ ਹੈ ਕਿਉਂਕਿ ਇਨ੍ਹਾਂ ਵਿਚੋਂ ਕਿਸੇ ਦੀ ਉਚਿਤਤਾ (suitability) ਇਸ ਗੱਲ ਉੱਤੇ ਨਿਰਭਰ ਕਰਦੀ ਹੈ ਕਿ ਅਸੀਂ ਕੀ ਖਾਸ ਮਕਸਦ ਹੱਲ ਕਰਨਾ ਚਾਹੁੰਦੇ ਹਾਂ ?

**ਪ੍ਰੋ. ਸਾਈਮਨ ਕੁਜ਼ਨੇਟਸ ਦੀ ਪਰਿਭਾਸ਼ਾ :** ਪ੍ਰਸਿੱਧ ਅਰਥ-ਸ਼ਾਸਤਰੀ ਪ੍ਰੋ: ਸਾਈਮਨ ਕੁਜ਼ਨੇਟਸ ਅਨੁਸਾਰ "ਰਾਸ਼ਟਰੀ ਆਮਦਨ, ਵਸਤਾਂ ਅਤੇ ਸੇਵਾਵਾਂ ਦੀ ਉਹ ਸ਼ੁੱਧ ਉਤਪਤੀ ਹੈ ਜੋ ਕਿ ਇੱਕ ਸਾਲ ਦੀ ਮਿਆਦ ਵਿੱਚ ਦੇਸ਼ ਦੀ ਉਤਪਾਦਨ ਪ੍ਰਣਾਲੀ ਨਾਲ ਅੰਤਿਮ ਖਪਤਕਾਰ ਦੇ ਕੋਲ ਪਹੁੰਚਦੀ ਹੈ ਜਾਂ ਦੇਸ਼ ਦੇ ਪੂੰਜੀ ਪਦਾਰਥਾਂ ਵਿੱਚ ਹੋਏ ਸ਼ੁੱਧ ਵਾਧੇ ਨੂੰ ਕਿਹਾ ਜਾਂਦਾ ਹੈ ।"

ਪ੍ਰੋ: ਸੈਮੂਅਲਸਨ (Prof. Samuelson) ਦੇ ਸ਼ਬਦਾਂ ਵਿਚ, "ਰਾਸ਼ਟਰੀ ਅਮਾਦਨ ਇੱਕ ਅਸਪਸ਼ਟ (loose) ਨਾਂ ਹੈ ਜੋ ਕਿ ਅਰਥ ਵਿਵਸਥਾ ਵਿੱਚ ਵਸਤਾਂ ਅਤੇ ਸੇਵਾਵਾਂ ਦੇ ਸਲਾਨਾ ਪ੍ਰਵਾਹ ਦੇ ਮੁਦਰਕ ਮਾਪ ਦੇ ਲਈ ਦਿੱਤਾ ਜਾਂਦਾ ਹੈ ।"

ਪ੍ਰੋ: ਐਕਲੇ (Prof. Ackley) ਅਨੁਸਾਰ, "ਰਾਸ਼ਟਰੀ ਆਮਦਨ ਸਾਰੀਆਂ (ੳ) ਮਜ਼ਦੂਰੀਆਂ, ਤਨਖਾਹਾਂ, ਕਮਿਸ਼ਨਾਂ, ਬੋਨਸਾਂ ਅਤੇ ਮੁਲਾਜ਼ਮਾਂ ਦੀਆਂ ਹੋਰ ਕਿਸਮਾਂ ਦੀਆਂ ਕਮਾਈਆਂ, (ਅ) ਕਿਰਾਏ ਅਤੇ ਰਾਇਲਟੀਜ ਤੋਂ ਸ਼ੁੱਧ ਆਮਦਨ, (ੲ) ਵਿਆਜ ਤੋਂ ਆਮਦਨ ਅਤੇ (ਸ) ਲਾਭਾਂ ਦਾ ਜੋੜ ਹੈ ।"

**ਯੂ.ਐਨ.** (U.N.) ਦੀ ਇੱਕ ਰਿਪੋਰਟ ਅਨੁਸਾਰ, "ਸ਼ੁੱਧ ਰਾਸ਼ਟਰੀ ਉਪਜ ਦੇ ਰੂਪ ਵਿੱਚ ਰਾਸ਼ਟਰੀ ਆਮਦਨ, ਕਿਸੇ ਨਿਸ਼ਚਿਤ ਸਮੇਂ ਵਿੱਚ ਦੇਸ਼ ਦੇ ਭਿੰਨ-ਭਿੰਨ ਭਾਗਾਂ ਜਾਂ ਖੇਤਰਾਂ ਵਿੱਚ ਪ੍ਰਾਪਤ ਆਰਥਿਕ ਕ੍ਰਿਆਵਾਂ ਦੇ ਮੁੱਲਾਂ ਦਾ ਜੋੜ ਹੈ, ਜਿਸ ਵਿਚ ਹੋਰ ਬਾਹਰਲੇ ਦੇਸ਼ਾਂ ਤੋਂ ਪ੍ਰਾਪਤ ਆਮਦਨ ਵੀ ਸ਼ਾਮਲ ਹੈ ।"

## 1.2.4. ਕੇਨਜ਼ ਦੀ ਰਾਸ਼ਟਰੀ ਆਮਦਨ ਦੀ ਧਾਰਨਾ

ਕਿਉਂਕਿ ਉਪਰੋਕਤ ਪਰਿਭਾਸ਼ਾਵਾਂ ਇਸ ਗੱਲ ਉੱਤੇ ਕੋਈ ਚਾਨਣਾ ਨਹੀਂ ਪਾਉਂਦੀਆਂ ਕਿ ਉਹ ਕਿਹੜੇ ਤੱਤ ਹਨ ਜਿਹੜੇ ਕਿਸੇ ਖਾਸ ਸਮੇਂ, ਕਿਸੇ ਦੇਸ਼ ਵਿੱਚ ਰੁਜ਼ਗਾਰ ਦੇ ਪੱਧਰ ਨੂੰ ਨਿਰਧਾਰਤ ਕਰਦੇ ਹਨ, ਇਸ ਲਈ ਕੇਨਜ ਨੇ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਨਹੀਂ ਚੁਣਿਆ । ਕਿਉਂਕਿ ਕੇਨਜ ਦਾ ਮੁੱਖ ਮਕਸਦ ਤਾਂ ਇਹੋ ਸੀ ਕਿ ਰੁਜ਼ਗਾਰ ਦਾ ਪੱਧਰ ਕਿਹੜੇ ਤੱਤ ਨਿਰਧਾਰਿਤ ਕਰਦੇ ਹਨ ।

ਇਸ ਕਰਕੇ ਕੇਨਜ਼ ਨੇ ਰਾਸ਼ਟਰੀ ਆਮਦਨ ਦੀ ਪਰਿਭਾਸ਼ਾ ਆਪਣੇ ਹੀ ਢੰਗ ਨਾਲ ਕੀਤੀ ਤਾਂ ਕਿ ਉਸ ਦਾ ਇਹ ਮਕਸਦ ਹੱਲ ਹੋ ਸਕੇ ਕਿ ਦੇਸ਼ ਵਿੱਚ ਰੁਜ਼ਗਾਰ ਦੀ ਪੱਧਰ ਕਿਵੇਂ ਨਿਰਧਾਰਿਤ ਹੁੰਦੀ ਹੈ । ਕੇਨਜ਼ ਦੇ ਰੁਜ਼ਗਾਰ ਸਿਧਾਂਤ ਵਿੱਚ 'ਆਮਦਨ' ਦੀ ਧਾਰਨਾ ਦਾ ਉਹੀ ਮਹੱਤਵ ਹੈ ਜੋ ਮਾਰਸ਼ਲ ਦੇ ਮੁੱਲ ਸਿਧਾਂਤ (Theory of Value) ਵਿੱਚ 'ਕੀਮਤ' ਦਾ ਹੈ ।

ਕਿਸੇ ਅਰਥ ਵਿਵਸਥਾ ਦੀ ਸਮੁੱਚੀ ਆਮਦਨ ਦੀ ਪਰਿਭਾਸ਼ਾ ਦੋ ਢੰਗਾਂ ਨਾਲ ਦਿੱਤੀ ਜਾ ਸਕਦੀ ਹੈ :

(1) ਕੁੱਲ ਰਾਸ਼ਟਰੀ ਉਤਪਾਦਨ (Gross National Product)

(2) ਸ਼ੁੱਧ ਰਾਸ਼ਟਰੀ ਉਤਪਾਦਨ (Net National Product)

ਕੁੱਲ ਰਾਸ਼ਟਰੀ ਉਤਪਾਦਨ ਤੋਂ ਭਾਵ ਕਿਸੇ ਨਿਸ਼ਚਿਤ ਸਮੇਂ ਵਿੱਚ ਆਮ ਤੌਰ ਤੇ ਇੱਕ ਸਾਲ ਵਿਚ, ਉਤਪਾਦਿਤ ਕੀਤੀਆਂ ਗਈਆਂ ਅੰਤਿਮ ਵਸਤਾਂ, ਸੇਵਾਵਾਂ ਦਾ ਮੁਦਰਾ ਰੂਪੀ ਮੁੱਲ ਹੈ । ਕੁੱਲ ਰਾਸ਼ਟਰੀ ਆਮਦਨ ਵਿੱਚੋਂ ਟੁੱਟ ਭੱਜ, ਘਿਸਾਈ ਆਦਿ ਦਾ ਨੁਕਸਾਨ ਕੱਢ ਕੇ ਜੋ ਆਮਦਨ ਬਾਕੀ ਰਹਿ ਜਾਂਦੀ ਹੈ ਉਸ ਨੂੰ ਸ਼ੁੱਧ ਰਾਸ਼ਟਰੀ ਆਮਦਨ ਕਿਹਾ ਜਾਂਦਾ ਹੈ । ਅੰਤਿਮ ਵਸਤਾਂ (final goods) ਤੋਂ ਭਾਵ ਉਸ ਤਿਆਰ ਮਾਲ ਤੋਂ ਹੈ ਜੋ ਉਤਪਾਦਨ ਦੀ ਅੰਤਿਮ ਉਪਜ (end products) ਹੁੰਦੇ ਹਨ । ਰਾਸ਼ਟਰੀ ਆਮਦਨ ਦੀ ਗਿਣਤੀ ਲਈ ਮਾਧਿਆਮਿਕ ਪਦਾਰਥ (intermediate goods) ਸ਼ਾਮਿਲ ਨਹੀਂ ਕੀਤੇ ਜਾਂਦੇ। ਕਿਉਂਕਿ ਇਸ ਤਰ੍ਹਾਂ ਕਰਨ ਨਾਲ ਦੋਹਰੀ ਗਿਣਤੀ (double counting) ਦਾ ਡਰ ਹੋ ਸਕਦਾ ਹੈ ।

ਕੇਨਜ਼ ਦੀ ਰਾਸ਼ਟਰੀ ਆਮਦਨ, ਨਾ ਤਾਂ ਕੁੱਲ ਰਾਸ਼ਟਰੀ ਉਤਪਾਦਨ (G.N.P.) ਅਤੇ ਨਾ ਹੀ ਸ਼ੁੱਧ ਰਾਸ਼ਟਰੀ ਉਤਪਾਦਨ (N.N.P.) ਦੇ ਬਰਾਬਰ ਹੈ ਸਗੋਂ ਇਹ, ਇਨ੍ਹਾਂ ਦੋਹਾਂ ਦੇ ਕਿਤੇ ਮੱਧ ਵਿੱਚ (in

between) ਹੁੰਦੀ ਹੈ ।

ਕੇਨਜ਼ ਦੀ ਇਸ ਆਮਦਨ ਨੂੰ ਕੱਢਣ ਲਈ, ਕੁੱਲ ਰਾਸ਼ਟਰੀ ਉਤਪਾਦਨ ਵਿੱਚੋਂ ਟੁੱਟ-ਭੱਜ ਅਤੇ ਅਪ੍ਰਚਲਨ (Obsolesence) ਦੇ ਨੁਕਸਾਨ ਦਾ 'ਕੁਝ ਹਿੱਸਾ' ਕੱਢਣ ਦੀ ਲੋੜ ਹੈ । ਕੇਨਜ਼ ਅਨੁਸਾਰ, ਰਾਸ਼ਟਰੀ ਆਮਦਨ ਦੀ ਇਹ ਧਾਰਨਾ ਰੁਜ਼ਗਾਰ ਦੀ ਮਾਤਰਾ ਨਿਰਧਾਰਤ ਕਰਨ ਵਾਲੇ ਫੈਸਲਿਆਂ ਦੇ ਲਈ ਮਹੱਤਵਪੂਰਨ ਹੈ । ਦੂਜੇ ਸ਼ਬਦਾਂ ਵਿੱਚ ਰਾਸ਼ਟਰੀ ਆਮਦਨ ਪ੍ਰਾਪਤ ਕਰਨ ਲਈ, ਕੁੱਲ ਉਤਪਾਦਨ ਦੇ ਬਜ਼ਾਰ ਮੁੱਲ ਵਿੱਚ ਹੋਈ ਕੁੱਲ ਕਮੀ (depreciation+obsolesence) ਨੂੰ ਨਹੀਂ ਘਟਾਉਣਾ ਚਾਹੀਦਾ, ਸਗੋਂ ਪੂੰਜੀ ਦੀ ਵਰਤੋਂ ਲਾਗਤ (User cost) ਨੂੰ ਹੀ ਘਟਾਉਣਾ ਚਾਹੀਦਾ ਹੈ । ਸੋ ਕੇਨਜ਼ ਅਨੁਸਾਰ ਰਾਸ਼ਟਰੀ ਆਮਦਨ, ਬਾਜ਼ਾਰੀ ਕੀਮਤਾਂ ਤੇ ਕੁੱਲ ਉਤਪਾਦਨ ਦੇ ਮੁੱਲ ਵਿਚੋਂ, ਪੂੰਜੀ ਦੀ ਲਾਗਤ ਘਟਾ ਕੇ ਪ੍ਰਾਪਤ ਕੀਤੀ ਜਾਂਦੀ ਹੈ । ਸਮੀਕਰਣ ਦੇ ਰੂਪ ਵਿੱਚ :

$Y = A\text{-}U$

Y ਤੋਂ ਭਾਵ ਰਾਸ਼ਟਰੀ ਆਮਦਨ ਹੈ ।

A ਤੋਂ ਭਾਵ ਕੁੱਲ ਉਤਪਾਦਨ ਦਾ ਬਾਜ਼ਾਰ ਮੁੱਲ ਅਤੇ

U ਤੋਂ ਭਾਵ ਹੈ ਪੂੰਜੀ ਪਦਾਰਥਾਂ ਦੀ ਵਰਤੋਂ ਲਾਗਤ ।

**ਪ੍ਰਯੋਗ ਲਾਗਤ ਦਾ ਅਰਥ** (Meaning of User-Cost)

ਪ੍ਰਯੋਗ ਲਾਗਤ ਦੀ ਧਾਰਨਾ ਕੇਨਜ਼ ਦੇ ਦਿਮਾਗ ਦੀ ਕਾਢ ਹੈ । ਉਸ ਅਨੁਸਾਰ ਪ੍ਰਯੋਗ ਲਾਗਤ, ਪੂੰਜੀ ਪਦਾਰਥ ਦੀ ਵਰਤੋਂ ਕਰਨ ਨਾਲ ਉਸ ਦੇ ਮੁੱਲ ਵਿੱਚ ਹੋਈ ਕਮੀ ਨੂੰ, ਨਾ ਕਿ ਉਸ ਦੀ ਵਰਤੋਂ ਨਾ ਕਰਨ ਤੇ ਉਸ ਦੇ ਮੁੱਲ ਵਿੱਚ ਹੋਈ ਕਮੀ ਨੂੰ ਕਿਹਾ ਜਾਂਦਾ ਹੈ । ਇਹ ਪੂੰਜੀ ਪਦਾਰਥ ਦੀ ਵਰਤੋਂ ਕਾਰਣ ਹੋਈ ਲਾਗਤ ਹੈ, ਨਾ ਕਿ ਉਸਦੇ ਵਿਹਲਾ ਪਏ ਰਹਿਣ ਕਾਰਣ ਹੋਈ ਲਾਗਤ ਹੈ । ਵਰਤੋਂ ਲਾਗਤ ਕਿਸੇ ਮਸ਼ੀਨ ਦੀ ਵਰਤੋਂ ਕਰਨ ਤੇ ਉਸ ਦੇ ਮੁੱਲ ਵਿੱਚ ਆਈ ਕਮੀ, ਅਤੇ ਜਦੋਂ ਉਹ ਵਿਹਲੀ ਰਹਿੰਦੀ ਹੈ, ਜਮ੍ਹਾਂ ਉਹ ਖਰਚ, ਜੋ ਉਸ ਨੂੰ ਉਸੇ ਹਾਲਤ ਵਿੱਚ ਬਣਾਈ ਰੱਖਣ (maintenance and upkeep) ਤੇ ਆਉਂਦਾ ਹੈ, ਦੇ ਅੰਤਰ ਨੂੰ ਵੀ ਕਿਹਾ ਜਾ ਸਕਦਾ ਹੈ ।

**ਪ੍ਰੋ. ਡਿਲਰਡ** (Dillard) ਦੇ ਸ਼ਬਦਾਂ ਵਿਚ, "ਪੂੰਜੀ ਪਦਾਰਥ ਨੂੰ ਵਰਤੋਂ ਵਿੱਚ ਨਾ ਲਿਆਉਣ ਦੀ ਬਜਾਏ ਉਸ ਨੂੰ ਵਰਤੋਂ ਵਿੱਚ ਲਿਆਉਣ ਨਾਲ ਉਸ ਦੇ ਮੁੱਲ ਵਿੱਚ ਜੋ ਕਮੀ ਵਿਦਮਾਨ ਹੁੰਦੀ ਹੈ ਉਸ ਨੂੰ ਪ੍ਰਯੋਗ ਲਾਗਤ ਕਹਿੰਦੇ ਹਨ ।" ਉਦਾਹਰਣ ਵਜੋਂ, ਮੰਨ ਲਓ ਇੱਕ ਮਸ਼ੀਨ ਦੀ ਕੀਮਤ 1000/ਰੁ: ਹੈ । ਉਸ ਦੇ ਉਤਪਾਦਨ ਕਾਰਜ ਵਿੱਚ ਪ੍ਰਯੋਗ ਦੇ ਕਾਰਣ ਇੱਕ ਸਾਲ ਬਾਦ ਉਸ ਦੀ ਕੀਮਤ 800/ਰੁ: ਰਹਿ ਜਾਂਦੀ ਹੈ । ਪੂੰਜੀ ਪਦਾਰਥ ਦੇ ਮੁੱਲ ਵਿੱਚ ਹੋਈ ਇਹ ਸਾਰੀ 200/ਰੁ: ਘਿਸਾਈ ਨੂੰ ਪ੍ਰਯੋਗ ਲਾਗਤ ਨਹੀਂ ਕਿਹਾ ਜਾਂਦਾ । ਜੇਕਰ ਉਸ ਪੂੰਜੀ ਪਦਾਰਥ ਨੂੰ ਬੇਕਾਰ ਪਏ ਰਹਿਣ ਦਿੱਤਾ ਜਾਂਦਾ ਹੈ ਤਾਂ ਵੀ ਉਸ ਦਾ ਮੁੱਲ ਘੱਟ ਜਾਣਾ ਸੀ । ਸਗੋਂ ਉਸ ਨੂੰ ਚਲਦੀ ਹਾਲਤ ਵਿੱਚ ਰੱਖਣ ਲਈ 15 ਰੁਪੈ ਦਾ ਹੋਰ ਖਰਚ ਕਰਕੇ ਸਾਲ ਦੇ ਅਖੀਰ ਤੇ ਉਸ ਦਾ ਮੁੱਲ 900/ਰੁ: ਹੀ ਰਹਿ ਜਾਂਦਾ ਹੈ । ਇਸ ਤਰ੍ਹਾਂ ਪ੍ਰਯੋਗ ਲਾਗਤ 200 ਰੁਪਏ ਨਹੀਂ, ਸਗੋਂ (100 ਰੁ: -15)=85 ਰੁ: ਹੈ । ਇਸ ਤਰ੍ਹਾਂ ਦੇਸ਼ ਦੇ ਸਾਰੇ ਉਦਯੋਗਾਂ ਦੀਆਂ ਪ੍ਰਯੋਗ ਲਾਗਤਾਂ ਦਾ ਜੋੜ ਕਰਕੇ ਅਸੀਂ ਸਾਰੇ ਦੇਸ਼ ਲਈ ਪ੍ਰਯੋਗ ਲਾਗਤ ਪ੍ਰਾਪਤ ਕਰ ਸਕਦੇ ਹਾਂ । ਜੇ ਅਸੀਂ ਕੁੱਲ ਪ੍ਰਯੋਗ ਲਾਗਤਾਂ (ਕੇਨਜ਼ ਦਾ 'U') ਨੂੰ ਕੁੱਲ ਰਾਸ਼ਟਰੀ ਉਤਪਾਦਨ (ਕੇਨਜ਼ ਦਾ 'A') ਵਿੱਚੋਂ ਘਟਾ ਦੇਈਏ ਤਾਂ ਸਾਨੂੰ ਕੇਨਜ਼ ਦੇ ਅਰਥ ਭਾਵ ਅਨੁਸਾਰ ਰਾਸ਼ਟਰੀ ਆਮਦਨ ਪ੍ਰਾਪਤ ਹੋ ਜਾਂਦੀ ਹੈ ਜਿਹੜੀ ਕਿ A-U ਦੇ ਬਰਾਬਰ ਹੈ ।

ਕੇਨਜ਼ ਅਨੁਸਾਰ ਰਾਸ਼ਟਰੀ ਆਮਦਨ ਦੀ ਇਹ ਕੇਨਜ਼ੀ ਧਾਰਨਾ (A-U), ਰੁਜ਼ਗਾਰ ਸਿਧਾਂਤ ਵਿੱਚ ਮਹੱਤਵਪੂਰਨ ਥਾਂ ਰਖਦੀ ਹੈ ਕਿਉਂਕਿ ਇਸ ਉੱਤੇ ਆਮਦਨ ਅਤੇ ਰੁਜ਼ਗਾਰ ਨਿਰਭਰ ਕਰਦੇ ਹਨ । ਪਰੰਤੂ ਜਦੋਂ ਦੇਸ਼ ਦੇ ਉਪਭੋਗ ਖਰਚ ਬਾਰੇ ਅੰਦਾਜ਼ਾ ਲਗਾਉਣਾ ਹੋਵੇ ਤਾਂ ਇਹ ਧਾਰਨਾ ਇਤਨੀ ਉਪਯੋਗੀ ਨਹੀਂ ਸਗੋਂ ਸ਼ੁੱਧ ਰਾਸ਼ਟਰੀ ਆਮਦਨ ਦੀ ਧਾਰਨਾ ਉਪਯੋਗੀ ਹੈ । ਕੇਨਜ਼ ਦੀ ਇਸ ਸ਼ੁੱਧ ਆਮਦਨ ਨੂੰ ਲੱਭਣ ਲਈ

ਸਾਨੂੰ ਰਾਸ਼ਟਰੀ ਆਮਦਨ (A-U) ਵਿੱਚੋਂ ਪੂਰਕ ਲਾਗਤਾਂ (supplementary costs) ਜਿਸ ਨੂੰ 'V' ਕਿਹਾ ਜਾਂਦਾ ਹੈ, ਘਟਾਉਣਾ ਪੈਂਦਾ ਹੈ ।

ਸਮੀਕਰਣ ਦੇ ਰੂਪ ਵਿੱਚ ਕੇਨਜ਼ ਦੀ ਸ਼ੁੱਧ ਰਾਸ਼ਟਰੀ ਆਮਦਨ (N.N.P.) ਨੂੰ ਇਸ ਤਰ੍ਹਾਂ ਲਿਖਿਆ ਜਾਂਦਾ ਹੈ ਕਿ :

$Y=A-U-V$

ਪਰੰਤੂ ਇਹ ਪੂਰਕ ਲਾਗਤਾਂ (V) ਕੀ ਹੁੰਦੀਆਂ ਹਨ? ਇਹ ਇੱਕ ਖਾਸ ਕਿਸਮ ਦੀ ਵਾਧੂ ਘਸਾਈ (Extra depreciation) ਹੈ ਜਿਸਦਾ ਅੰਦਾਜ਼ਾ ਪਹਿਲਾਂ ਤੋਂ ਨਹੀਂ ਲਗਾਇਆ ਜਾ ਸਕਦਾ, ਅਰਥਾਤ ਇਹ ਉੱਦਮੀਆਂ ਦੇ ਕੰਟਰੋਲ ਤੋਂ ਬਾਹਰ ਦੀ ਗੱਲ ਹੈ । ਇਹ ਇੱਕ ਕਿਸਮ ਦੀ ਅਚਨਚੇਤ ਲਾਗਤ (contingent cost) ਹੈ ਜਿਵੇਂ ਕਿ ਕਿਸੇ ਮਸ਼ੀਨ ਦਾ ਅਪ੍ਰਚਲਿਤ (obsolete), ਅਤਿ ਪੁਰਾਣਾ (outdate) ਹੋ ਜਾਣਾ ਜਾਂ ਅੱਗ ਲੱਗ ਜਾਣੀ ਆਦਿ ਹੈ ।ਕੇਨਜ਼ ਨੇ ਅਜਿਹੀਆਂ ਲਾਗਤਾਂ ਨੂੰ ਪੂਰਕ ਲਾਗਤਾਂ ਦੇ ਨਾਂ ਨਾਲ ਬੁਲਾਇਆ ਹੈ । ਪ੍ਰੋ: ਹੈਨਸਨ ਅਨੁਸਾਰ "ਪੂਰਕ ਲਾਗਤਾਂ, ਅਣਇੱਛੁੱਕ ਹਾਨੀਆਂ ਹਨ ਜੋ ਨਾ-ਉਮੀਦੀ ਵਾਲੀਆਂ ਨਹੀਂ ਹੁੰਦੀਆਂ ।" ਇਹ ਲਾਗਤਾਂ ਉੱਦਮੀ ਦੇ ਨਿਯੰਤਰਣ ਤੋਂ ਬਾਹਰ ਹੁੰਦੀਆਂ ਹਨ । ਇਹ ਹਾਨੀਆਂ ਉੱਦਮੀ ਨੂੰ ਸਹਿਣ ਕਰਨੀਆਂ ਪੈਂਦੀਆਂ ਹਨ, ਭਾਵੇਂ ਉਹ ਪੂੰਜੀ ਪਦਾਰਥਾਂ ਦੀ ਵਰਤੋਂ ਕਰੇ ਜਾ ਨਾ ਕਰੇ ।

### 1.2.5. ਕੇਨਜ਼ ਤੋਂ ਬਾਅਦ ਰਾਸ਼ਟਰੀ ਆਮਦਨ ਦੀਆਂ ਧਾਰਨਾਵਾਂ (Post-Keynesian National Income Concepts)

ਕੇਨਜ਼ ਦੇ 'ਆਮ ਸਿਧਾਂਤ' ਦੇ ਹੋਂਦ ਵਿੱਚ ਆਉਣ ਤੋਂ ਬਾਅਦ ਰਾਸ਼ਟਰੀ ਆਮਦਨ ਅਤੇ ਸਮਾਜਕ ਲੇਖਾ (Social Accounts) ਦੀ ਪੜ੍ਹਾਈ ਵੱਲ ਰੁਚੀ ਵਧਦੀ ਹੀ ਗਈ ਹੈ । ਰਾਸ਼ਟਰੀ ਆਮਦਨ ਲੇਖਾ ਨੂੰ ਸਰਕਾਰੀ ਜ਼ਿੰਮੇਵਾਰੀ ਦੇ ਤੌਰ ਤੇ ਲਿਆ ਗਿਆ ਹੈ । ਰਾਸ਼ਟਰੀ ਆਮਦਨ ਦੇ ਅੰਕੜਿਆਂ ਤੋਂ ਹੀ ਕਿਸੇ ਅਰਥ ਵਿਵਸਥਾ ਦੀ ਆਰਥਿਕ ਸਿਹਤ ਵਿੱਚ ਹੋਈ ਤਬਦੀਲੀ ਦਾ ਪਤਾ ਚਲਦਾ ਹੈ । ਅਰਥ ਵਿਵਸਥਾ ਦੀ ਅਦਾਕਾਰੀ ਦਾ ਪਤਾ ਚਲਦਾ ਹੈ ਅਰਥਾਤ ਆਰਥਿਕ ਕ੍ਰਿਆ ਵਿੱਚ ਕਿੰਨੇ ਕੁ ਉਤਾਰ ਚੜ੍ਹਾਅ ਆ ਰਹੇ ਹਨ । ਸਿੱਟੇ ਵਜੋਂ, ਕਈ ਨਵੀਆਂ ਧਾਰਨਾਵਾਂ ਨੂੰ ਰਾਸ਼ਟਰੀ ਆਮਦਨ ਅਤੇ ਸਮਾਜਿਕ ਲੇਖੇ ਦੇ ਅਧਿਐਨ ਦੇ ਸਬੰਧ ਵਿੱਚ ਪੜ੍ਹਿਆ ਜਾਂਦਾ ਹੈ, ਜਿਸ ਕਾਰਨ ਇਹ ਅਧਿਐਨ ਹੋਰ ਵੀ ਵਿਸ਼ਾਲ ਆਧਾਰ ਵਾਲਾ ਤੇ ਵਿਆਪਕ ਹੋ ਗਿਆ ਹੈ । ਇਹ ਧਾਰਨਾਵਾਂ ਪੁਰਾਣੀਆਂ ਧਾਰਨਾਵਾਂ ਨਾਲੋਂ ਜ਼ਿਆਦਾ ਗਤੀਸ਼ੀਲ ਹਨ । ਭਾਰਤ ਦੀ ਰਾਸ਼ਟਰੀ ਆਮਦਨ ਕਮੇਟੀ ਅਨੁਸਾਰ, "ਇਕ ਨਿਸ਼ਚਿਤ ਸਮੇਂ ਵਿੱਚ ਕਿਸੇ ਦੇਸ਼ ਵਿੱਚ ਜੋ ਵਸਤਾਂ ਅਤੇ ਸੇਵਾਵਾਂ ਉਤਪਾਦਿਤ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਦੇ ਕੁੱਲ ਜੋੜ ਨੂੰ ਰਾਸ਼ਟਰੀ ਆਮਦਨ ਕਹਿੰਦੇ ਹਨ ਜਦੋਂ ਕਿ ਵਸਤੂ ਦੀ ਦੋਹਰੀ ਗਿਣਤੀ ਨਹੀਂ ਕੀਤੀ ਜਾਂਦੀ ।" ਇੱਕੋ ਸਮੇਂ ਤੇ ਕਿਸੇ ਦੇਸ਼ ਦੀ ਰਾਸ਼ਟਰੀ ਆਮਦਨ ਨੂੰ ਤਿੰਨ ਪ੍ਰਵਾਹਾਂ ਦੇ ਰੂਪ ਵਿੱਚ ਵੀ ਵੇਖਿਆ ਜਾ ਸਕਦਾ ਹੈ, ਜਿਵੇਂ ਕੁੱਲ ਆਮਦਨ, ਕੁੱਲ ਉਤਪਾਦਨ ਅਤੇ ਕੁੱਲ ਖਰਚ ਦੇ ਪ੍ਰਵਾਹ । ਜਦੋਂ ਉਤਪਾਦਨ ਹੁੰਦਾ ਹੈ, ਉਤਪਾਦਨ ਦੇ ਸਾਧਨਾਂ ਨੂੰ ਇਵਜ਼ਾਨਾ ਮਿਲਦਾ ਹੈ, ਜੋ ਉਨ੍ਹਾਂ ਦੀ ਆਮਦਨ ਹੁੰਦੀ ਹੈ ਜਿਹੜੀ ਕਿ ਉਹ ਉਪਭੋਗ ਜਾਂ ਨਿਵੇਸ਼ ਉੱਤੇ ਖਰਚ ਕਰਦੇ ਹਨ । ਇਹ ਤਿੰਨੇ ਕਿਸਮ ਦੇ ਪ੍ਰਵਾਹ, ਅਰਥਾਤ, ਆਮਦਨ, ਉਤਪਾਦਨ ਅਤੇ ਖਰਚ ਸਦਾ ਹੀ ਇੱਕ ਦੂਜੇ ਦੇ ਬਰਾਬਰ ਹੁੰਦੇ ਹਨ ਜੋ ਕਿ ਤੀਹਰੀ ਸਮਤਾ (triple identity) ਅਰਥਾਤ, ਉਤਪਾਦਨ=ਆਮਦਨ=ਖਰਚ ਦਾ ਕਾਰਨ ਹਨ । ਸ਼ੰਪੀਟਰ ਪਹਿਲਾ ਅਰਥ ਸ਼ਾਸਤਰੀ ਸੀ ਜਿਸ ਨੇ ਕਿ ਰਾਸ਼ਟਰੀ ਆਮਦਨ ਅਧਿਐਨ ਨੂੰ 1917 ਵਿੱਚ ਤਿੰਨ ਪ੍ਰਵਾਹਾਂ ਦੇ ਰੂਪ ਵਿੱਚ ਵੇਖਿਆ ਅਤੇ ਉਸ ਤੋਂ ਬਾਅਦ ਅਮਰੀਕਾ ਵਿੱਚ ਡਬਲਯੂ.ਸੀ. ਮਿੱਛਲ (W.C. Mitchell) ਅਤੇ ਸਾਈਮਨ ਕੁਜ਼ਨੇਟਸ ਨੇ, ਯੂ.ਕੇ. ਵਿੱਚ ਮੀਡ (Meade) ਅਤੇ ਰਿਚਰਡ ਸਟੋਨ ਨੇ, ਅਤੇ ਫਰਾਂਸ ਵਿੱਚ ਪੀਰੂ (Peroo) ਨੇ ਇਨ੍ਹਾਂ ਪ੍ਰਵਾਹਾਂ ਦੇ ਆਧਾਰ ਤੇ, ਰਾਸ਼ਟਰੀ ਆਮਦਨ ਦੇ ਅਧਿਐਨ ਨੂੰ ਪ੍ਰਸਿੱਧ ਕੀਤਾ । ਰਾਸ਼ਟਰੀ ਆਮਦਨ ਨੂੰ ਇਨ੍ਹਾਂ ਤਿੰਨ੍ਹਾਂ ਪ੍ਰਵਾਹਾਂ ਵਿੱਚ ਅਧਿਐਨ ਕਰਨ ਦੀ ਅਜੋਕੀ ਵਿਧੀ ਨੂੰ ਸੰਯੁਕਤ ਰਾਸ਼ਟਰੀ ਸੰਘ (UNITED NATIONS) ਨੇ ਵੀ ਸਵੀਕਾਰ ਕੀਤਾ ਹੈ । ਇਸ ਤਰ੍ਹਾਂ ਰਾਸ਼ਟਰੀ

ਆਮਦਨ ਨੂੰ ਸ਼ੁੱਧ ਰਾਸ਼ਟਰੀ ਉਤਪਾਦਨ, ਵੰਡਣਸ਼ੀਲ ਹਿੱਸਿਆਂ (distributive shares) ਦਾ ਜੋੜ ਅਤੇ ਸ਼ੁੱਧ ਰਾਸ਼ਟਰੀ ਖਰਚ ਦੇ ਰੂਪ ਵਿੱਚ ਵੇਖਿਆ ਜਾਂਦਾ ਹੈ ।

ਰਾਸ਼ਟਰੀ ਆਮਦਨ ਨੂੰ ਲੱਭਣ ਦੇ ਇਹ ਤਿੰਨ ਤਰੀਕੇ, ਜਿਵੇਂ ਕਿ ਉੱਪਰ ਦੱਸਿਆ ਗਿਆ ਹੈ ਤੀਹਰੀ ਸਮਤਾ ਨੂੰ ਜਨਮ ਦਿੰਦੇ ਹਨ । ਇਨ੍ਹਾਂ ਪਰਿਭਾਸ਼ਾਵਾਂ ਵਿੱਚ ਸਮਾਂ ਸਦਾ ਇੱਕ ਸਾਲ ਦਾ ਹੀ ਹੁੰਦਾ ਹੈ ਅਤੇ ਤਿੰਨਾਂ ਤਰੀਕਿਆਂ ਨਾਲ ਬਿਲਕੁਲ ਉਹੋ ਸਿੱਟਾ ਪ੍ਰਾਪਤ ਹੁੰਦਾ ਹੈ, ਜੇਕਰ ਇਨ੍ਹਾਂ ਤਿੰਨਾਂ ਤਰੀਕਿਆਂ ਦੀਆਂ ਅੰਗਭੂਤ (constituent) ਇਕਾਈਆਂ ਨੂੰ ਇਕਸੁਰਤਾ ਨਾਲ ਵਰਤਿਆ ਜਾਵੇ । ਇਸ ਤਰ੍ਹਾਂ ਰਾਸ਼ਟਰੀ ਆਮਦਨ ਦੀ ਧਾਰਨਾ ਨੂੰ ਚੰਗੀ ਤਰ੍ਹਾਂ ਸਮਝਣ ਲਈ ਹੇਠ ਲਿਖੀਆਂ ਧਾਰਨਾਵਾਂ ਦਾ ਗਿਆਨ ਜ਼ਰੂਰੀ ਹੈ :

## ਕੁੱਲ ਰਾਸ਼ਟਰੀ ਉਤਪਾਦਨ (Gross National Product)

ਕਿਸੇ ਦੇਸ਼ ਦੀ ਪੂੰਜੀ ਅਤੇ ਮਜ਼ਦੂਰ ਉੱਥੋਂ ਦੇ ਕੁਦਰਤੀ ਸਾਧਨਾਂ ਦੇ ਸਹਿਯੋਗ ਨਾਲ ਹਰ ਸਾਲ ਜੋ ਅੰਤਿਮ ਵਸਤਾਂ ਅਤੇ ਸੇਵਾਵਾਂ ਦਾ ਉਤਪਾਦਨ ਕਰਦੇ ਹਨ, ਨੂੰ ਕੁੱਲ ਰਾਸ਼ਟਰੀ ਉਤਪਾਦਨ ਕਿਹਾ ਜਾਂਦਾ ਹੈ ਅਤੇ ਇਨ੍ਹਾਂ ਵਸਤਾਂ ਅਤੇ ਸੇਵਾਵਾਂ ਦੇ ਬਾਜ਼ਾਰ ਮੁੱਲ ਨੂੰ ਹੀ ਕੁੱਲ ਰਾਸ਼ਟਰੀ ਆਮਦਨ ਕਿਹਾ ਜਾਂਦਾ ਹੈ । ਰਾਸ਼ਟਰੀ ਆਮਦਨ ਦੀ ਇਸ ਧਾਰਨਾ ਦੇ ਬਾਰੇ ਵਿੱਚ ਕੁਝ ਹੇਠ ਦਿੱਤੀਆਂ ਗੱਲ੍ਹਾਂ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ ।

(i) ਕੁੱਲ ਰਾਸ਼ਟਰੀ ਉਤਪਾਦਨ ਦਾ ਜੋੜ ਕਰਦੇ ਹੋਏ ਸਿਰਫ ਅੰਤਿਮ ਵਸਤਾਂ ਨੂੰ ਹੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਵਸਤੂ ਜਾਂ ਸੇਵਾ ਦੀ ਗਣਨਾ ਇੱਕ ਨਾਲੋਂ ਜ਼ਿਆਦਾ ਵਾਰ ਨਾ ਹੋ ਜਾਵੇ । ਕਿਉਂਕਿ ਅਜਿਹੀ ਸਥਿਤੀ ਵਿੱਚ ਰਾਸ਼ਟਰੀ ਆਮਦਨ ਦਾ ਅੰਦਾਜ਼ਾ ਵਧ ਜਾਂਦਾ ਹੈ । ਇਸ ਤਰ੍ਹਾਂ ਮਾਧਿਅਕ ਪਦਾਰਥਾਂ ਨੂੰ ਜੋ ਕਿਸੇ ਅੰਤਿਮ ਵਸਤੂ ਜਾਂ ਸੇਵਾ ਨੂੰ ਪੈਦਾ ਕਰਨ ਵਿੱਚ ਲੱਗਦੇ ਹਨ, ਗਿਣਤੀ ਸਮੇਂ ਬਾਹਰ ਕੱਢ ਦਿੱਤਾ ਜਾਂਦਾ ਹੈ । ਕਈ ਵਾਰੀ ਜਦੋਂ ਅੰਤਿਮ ਵਸਤੂ ਅਤੇ ਮਾਧਿਅਕ ਵਸਤੂ ਦਾ ਫਰਕ ਕਰਨਾ ਬਹੁਤ ਔਖਾ ਹੋ ਜਾਂਦਾ ਹੈ ਤਾਂ ਅਜਿਹੀ ਹਾਲਤ ਵਿੱਚ ਦੂਹਰੀ ਗਿਣਤੀ ਤੋਂ ਬਚਣ ਲਈ, ਵੱਖ-ਵੱਖ ਉਦਯੋਗਾਂ ਦੁਆਰਾ ਜੋ ਸ਼ੁੱਧ ਮੁੱਲਾਂ ਵਿੱਚ ਵਾਧਾ ਕੀਤਾ ਜਾਂਦਾ ਹੈ, ਦੇ ਜੋੜ ਨੂੰ ਰਾਸ਼ਟਰੀ ਆਮਦਨ ਸਮਝ ਲਿਆ ਜਾਂਦਾ ਹੈ । ਭਾਵੇਂ ਕੁੱਲ ਰਾਸ਼ਟਰੀ ਉਤਪਾਦਨ ਦੀ ਧਾਰਨਾ ਦਾ ਅੰਦਾਜ਼ਾ ਲਾਉਣਾ ਅਤੇ ਸਮਝਣਾ ਸੌਖਾ ਤਾਂ ਹੈ ਪਰੰਤੂ ਫਿਰ ਵੀ ਬਿਹਤਰ ਸਿਧਾਂਤਕ ਵਿਆਖਿਆ ਲਈ ਸ਼ੁੱਧ ਰਾਸ਼ਟਰੀ ਉਤਪਾਦਨ ਦੀ ਧਾਰਨਾ ਚੰਗੇਰੀ ਹੈ ।

(ii) ਵਸਤਾਂ ਅਤੇ ਸੇਵਾਵਾਂ ਦਾ ਮੁਦਰਾ ਮੁੱਲ ਪ੍ਰਚੱਲਤ ਬਾਜ਼ਾਰੀ ਕੀਮਤਾਂ ਤੇ ਅੰਕਿਆ ਜਾਂਦਾ ਹੈ । ਇਸੇ ਕਾਰਣ, ਕੁੱਲ ਰਾਸ਼ਟਰੀ ਆਮਦਨ ਨੂੰ ਬਾਜ਼ਾਰੀ ਕੀਮਤਾਂ ਤੇ ਕੁੱਲ ਰਾਸ਼ਟਰੀ ਆਮਦਨ ਦੇ ਨਾਲ ਵੀ ਬੁਲਾਇਆ ਜਾਂਦਾ ਹੈ ।

(iii) ਰਾਸ਼ਟਰੀ ਉਤਪਾਦਨ ਵਿੱਚ ਸਿਰਫ ਉਨ੍ਹਾਂ ਵਸਤਾਂ ਅਤੇ ਸੇਵਾਵਾਂ ਨੂੰ ਗਿਣਿਆ ਜਾਂਦਾ ਹੈ ਜੋ ਬਾਜ਼ਾਰ ਵਿੱਚ ਵਿਕਣ ਲਈ ਆਉਂਦੀਆਂ ਹਨ । ਹਾਂ ਜਿਹੜੀਆਂ ਵਸਤਾਂ ਬਾਜ਼ਾਰ ਵਿੱਚ ਨਹੀਂ ਆਉਂਦੀਆਂ ਉਨ੍ਹਾਂ ਦੇ ਅੰਤਰੀਵ ਮੁੱਲ (imputed value) ਨੂੰ ਰਾਸ਼ਟਰੀ ਆਮਦਨ ਵਿੱਚ ਸ਼ਾਮਲ ਕੀਤਾ ਜਾਂਦਾ ਹੈ ਜਿਵੇਂ ਆਪਣੇ ਰਹਿਣ ਵਾਲੇ ਘਰਾਂ ਦਾ ਕਿਰਾਇਆ ਅਤੇ ਆਪਣੇ ਉਪਭੋਗ ਲਈ ਰੱਖੇ ਉਤਪਾਦਨ ਦਾ ਮੁੱਲ ਆਦਿ ।

(iv) ਕੁੱਲ ਰਾਸ਼ਟਰੀ ਉਤਪਾਦਨ ਵਿੱਚ ਅਣ-ਉਤਪਾਦਕੀ ਸੌਦੇ (non-productive transactions) ਸ਼ਾਮਲ ਨਹੀਂ ਕੀਤੇ ਜਾਂਦੇ ।

(v) ਘਿਸਾਈ ਅਤੇ ਪ੍ਰਤੀ ਸਥਾਪਨ (replacement) ਲਾਗਤਾਂ ਨੂੰ ਘਟਾਉਣ ਦੀ ਕੋਈ ਲੋੜ ਨਹੀਂ ਹੁੰਦੀ ।

(vi) ਇਸ ਤਰ੍ਹਾਂ ਰਾਸ਼ਟਰੀ ਆਮਦਨ ਦਾ ਮਾਪ ਕਰਦਿਆਂ ਹੋਇਆ ਟਰਾਂਸਫਰ ਭੁਗਤਾਨ, ਜਿਵੇਂ ਕਿ ਪੈਨਸ਼ਨਾਂ, ਮੈਟਰਨਿਟੀ ਲਾਭ, ਬੇਰੁਜ਼ਗਾਰੀ, ਭੱਤਾ, ਯਤੀਮਾਂ ਜਾਂ ਲੋੜਵੰਦ ਲੋਕਾਂ ਨੂੰ ਮੁਫਤ

ਦਾਨ ਆਦਿ ਨੂੰ, ਰਾਸ਼ਟਰੀ ਆਮਦਨ ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ ਕਿਉਂਕਿ ਇਨ੍ਹਾਂ ਭੁਗਤਾਨਾਂ ਦੇ ਬਦਲੇ ਉਨ੍ਹਾਂ ਵੱਲੋਂ ਕੋਈ ਆਰਥਿਕ ਕ੍ਰਿਆ ਅਦਾ ਨਹੀਂ ਕੀਤੀ ਜਾਂਦੀ ।

(vii) ਟੈਕਸਾਂ ਦੁਆਰਾ ਸਰਕਾਰ ਨੂੰ ਪ੍ਰਾਪਤ ਆਮਦਨ ਵੀ ਇਸ ਤਰ੍ਹਾਂ ਪ੍ਰਾਪਤ ਕੀਤੀ ਰਾਸ਼ਟਰੀ ਆਮਦਨ ਵਿੱਚ ਸ਼ਾਮਲ ਨਹੀਂ ਕੀਤੀ ਜਾਂਦੀ ਕਿਉਂਕਿ ਇਸ ਦਾ ਭਾਵ ਦੋਹਰੀ ਗਿਣਤੀ ਹੀ ਹੈ ।

(viii)ਦੋਹਰੀ ਗਿਣਤੀ ਤੋਂ ਬੱਚਣ ਲਈ ਕੰਪਨੀਆਂ ਦੁਆਰਾ ਪ੍ਰਾਪਤ ਸ਼ੇਅਰ ਹੋਲਡਰਾਂ ਨੂੰ ਲਾਭਾਂਸ਼ ਦੇ ਤੌਰ ਤੇ ਕੀਤੇ ਗਏ ਭੁਗਤਾਨ ਵੀ, ਰਾਸ਼ਟਰੀ ਆਮਦਨ ਵਿੱਚ ਸ਼ਾਮਲ ਨਹੀਂ ਕੀਤੇ ਜਾਂਦੇ ।

(ix) ਪੂੰਜੀ ਲਾਭਾਂ ਨੂੰ ਵੀ ਸ਼ਾਮਲ ਨਹੀਂ ਕੀਤਾ ਜਾਂਦਾ । ਜੇ ਕੋਈ ਵੀਹ ਹਜ਼ਾਰ ਦੀ ਕੀਮਤ ਦਾ ਘਰ ਪੱਚੀ ਹਜ਼ਾਰ ਵਿੱਚ ਵਿਕਦਾ ਹੈ ਤਾਂ ਪੰਜ ਹਜ਼ਾਰ ਤਾਂ ਪੂੰਜੀ ਲਾਭ ਹੀ ਹੈ । ਇਸ ਲਈ ਇਸ ਪੂੰਜੀ ਲਾਭ ਨੂੰ, ਕੁੱਲ ਰਾਸ਼ਟਰੀ ਆਮਦਨ ਵਿੱਚ ਸ਼ਾਮਲ ਨਹੀਂ ਕੀਤਾ ਜਾਣਾ ਚਾਹੀਦਾ ।

(x) ਦੋਹਰੀ ਗਿਣਤੀ ਤੋਂ ਬਚਣ ਲਈ ਪਰਿਸੰਪਤੀਆਂ ਬਦਲਣ ਤੋਂ ਮਿਲਣ ਵਾਲੀ ਕਮਾਈ ਨੂੰ, ਜਿਵੇਂ ਕਿ ਜਾਇਦਾਦ ਦੀ ਵਿਕਰੀ, ਜਾਂ ਬਾਂਡਾ ਅਤੇ ਸਕਿਉਰਿਟੀ ਦੀ ਵਿਕਰੀ ਤੋਂ ਹੋਈ ਕਮਾਈ ਨੂੰ ਵੀ ਕੁੱਲ ਰਾਸ਼ਟਰੀ ਆਮਦਨ ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ ਕਿਉਂਕਿ ਇਹ ਤਾਂ ਸਿਰਫ ਜਾਇਦਾਦ ਦੇ ਰੂਪ ਦੀ ਹੀ ਅਦਲਾ ਬਦਲੀ ਹੈ ।

## ਸ਼ੁੱਧ ਰਾਸ਼ਟਰੀ ਉਤਪਾਦਨ (Net National Product)

ਸ਼ੁੱਧ ਰਾਸ਼ਟਰੀ ਉਤਪਾਦਨ, ਸਾਲ ਭਰ ਵਿੱਚ ਉਤਪਾਦਿਤ ਵਸਤਾਂ ਅਤੇ ਸੇਵਾਵਾਂ ਦੇ ਸ਼ੁੱਧ ਮੁਦਰਾ ਦੇ ਮੁੱਲਾਂ ਦੇ ਜੋੜ ਨੂੰ ਕਹਿੰਦੇ ਹਨ । ਵਸਤਾਂ ਅਤੇ ਸੇਵਾਵਾਂ ਦਾ ਉਤਪਾਦਨ ਕਰਦੇ ਹੋਇਆਂ ਪੂੰਜੀ ਪਦਾਰਥਾਂ ਦੀ ਟੁੱਟ-ਭੱਜ ਜਾਂ ਘਿਸਾਈ ਆਦਿ ਦੇ ਕਾਰਣ ਉਨ੍ਹਾਂ ਦੇ ਮੁੱਲਾਂ ਵਿੱਚ ਕੁਝ ਕਮੀ ਹੋ ਜਾਂਦੀ ਹੈ । ਪੂੰਜੀ ਪਦਾਰਥਾਂ ਦੀ ਇਸ ਟੁੱਟ-ਭੱਜ ਨੂੰ ਘਿਸਾਈ (depreciation) ਦਾ ਨਾਂ ਦਿੱਤਾ ਗਿਆ ਹੈ । ਅਪ੍ਰਚਲਤ (obsolecence) ਦੇ ਕਾਰਣ ਪੂੰਜੀ ਪਦਾਰਥਾਂ ਦੇ ਮੁਦਰਾ ਮੁੱਲਾਂ ਵਿੱਚ ਕਮੀ ਹੁੰਦੀ ਹੈ । ਕੁੱਲ ਰਾਸ਼ਟਰੀ ਉਪਜ ਵਿਚੋਂ ਪੂੰਜੀ ਪਦਾਰਥਾਂ ਦੇ ਮੁੱਲਾਂ ਵਿੱਚ ਹੋਈ ਉਪਰੋਕਤ ਦੋਨੋਂ ਤਰ੍ਹਾਂ ਦੀ ਕਮੀ ਨੂੰ ਕੱਢ ਦੇਣ ਨਾਲ ਜੋ ਬਾਕੀ ਰਕਮ ਬਚਦੀ ਹੈ, ਨੂੰ ਬਜ਼ਾਰੀ ਮੁੱਲਾਂ ਤੇ ਸ਼ੁੱਧ ਰਾਸ਼ਟਰੀ ਉਤਪਾਦਨ ਕਿਹਾ ਜਾਂਦਾ ਹੈ ।

ਸਪੱਸ਼ਟ ਹੈ ਕਿ ਕੁੱਲ ਰਾਸ਼ਟਰੀ ਉਤਪਾਦਨ ਅਤੇ ਸ਼ੁੱਧ ਉਤਪਾਦਨ ਦਾ ਆਪਸ ਵਿਚ ਡੂੰਘਾ ਸੰਬੰਧ ਹੈ । ਇਸ ਨੂੰ ਸਮੀਕਰਣ ਦੇ ਰੂਪ ਵਿੱਚ ਵੀ ਦੱਸਿਆ ਜਾ ਸਕਦਾ ਹੈ :-

ਸ਼ੁੱਧ ਰਾਸ਼ਟਰੀ ਉਤਪਾਦਨ = ਕੁੱਲ ਰਾਸ਼ਟਰੀ ਉਤਪਾਦਨ – (ਟੁੱਟ ਭੱਜ + ਅਪ੍ਰਚਲਨ)

ਪੂੰਜੀ ਪਦਾਰਥਾਂ ਦੇ ਮੁੱਲ ਵਿੱਚ ਟੁੱਟ ਭੱਜ ਕਾਰਣ ਹੋਈ ਕਮੀ ਨੂੰ ਲੱਭਣਾ ਰਾਸ਼ਟਰੀ ਆਮਦਨ ਲੇਖਾ ਦੇ ਖੇਤਰ ਵਿੱਚ ਸਭ ਤੋਂ ਵੱਡੀ ਮੁਸ਼ਕਲ ਹੈ । ਟੁੱਟ ਭੱਜ ਦਾ ਅੰਦਾਜ਼ਾ ਲਾਉਣ ਲਈ ਆਮ ਤੌਰ ਤੇ ਵਪਾਰੀਆਂ ਦੇ ਹਿਸਾਬ ਕਿਤਾਬ (records) ਨੂੰ ਹੀ ਮੰਨ ਲਿਆ ਜਾਂਦਾ ਹੈ ਅਤੇ ਚਾਲੂ ਪ੍ਰਤੀਸਥਾਪਨ (replacement) ਬਾਰੇ ਦੁਬਾਰਾ ਅੰਦਾਜ਼ੇ ਨਹੀਂ ਲਾਏ ਜਾਂਦੇ । ਇਸ ਤਰ੍ਹਾਂ ਸ਼ੁੱਧ ਰਾਸ਼ਟਰੀ ਉਤਪਾਦਨ ਜਾਂ ਬਾਜ਼ਾਰੀ ਕੀਮਤਾਂ ਤੇ ਸ਼ੁੱਧ ਰਾਸ਼ਟਰੀ ਆਮਦਨ=ਨਿੱਜੀ ਉਪਭੋਗ ਖਰਚ+ਸ਼ੁੱਧ ਘਰੇਲੂ ਨਿੱਜੀ ਨਿਵੇਸ਼+ਸ਼ੁੱਧ ਵਿਦੇਸ਼ੀ ਨਿਵੇਸ਼+ਵਸਤਾਂ ਅਤੇ ਸੇਵਾਵਾਂ ਤੇ ਸਰਕਾਰੀ ਖਰਚ ।

## ਕੁੱਲ ਰਾਸ਼ਟਰੀ ਖਰਚ (Gross National Expenditure)

ਦੇਸ਼ ਦੀ ਕੁੱਲ ਆਮਦਨ ਹਮੇਸ਼ਾਂ ਕੁੱਲ ਖਰਚ ਦੇ ਬਰਾਬਰ ਹੁੰਦੀ ਹੈ ਕਿਉਂਕਿ ਮੁਦਰਾ ਸੌਦਿਆਂ ਦਾ ਸਰੂਪ ਅਸਲ ਵਿੱਚ ਦੋ-ਪੱਖੀ (dual) ਹੁੰਦਾ ਹੈ । ਇਸ ਤਰ੍ਹਾਂ ਕੁੱਲ ਰਾਸ਼ਟਰੀ ਉਤਪਾਦਨ, ਉਨ੍ਹਾਂ ਸਾਰੇ ਖਰਚਿਆਂ ਦਾ ਜੋੜ ਹੈ ਜੋ ਕਿ ਇੱਕ ਸਾਲ ਵਿੱਚ ਵਸਤਾਂ ਅਤੇ ਸੇਵਾਵਾਂ ਦੀ ਖਰੀਦ ਲਈ ਕੀਤਾ ਜਾਂਦਾ ਹੈ । ਇਹ ਖਰਚ ਹੇਠ ਦਿੱਤੀਆਂ ਮੱਦਾਂ ਦਾ ਜੋੜ ਹੁੰਦਾ ਹੈ :

**1. ਨਿੱਜੀ ਉਪਭੋਗ**

ਇਸ ਵਿੱਚ ਕਿਸੇ ਦੇਸ਼ ਦੇ ਵਿਅਕਤੀਆਂ ਵੱਲੋਂ ਨਿੱਜੀ ਉਪਭੋਗ ਉੱਤੇ ਕੀਤਾ ਗਿਆ ਹਰ ਕਿਸਮ ਦਾ ਖਰਚ ਸ਼ਾਮਲ ਹੁੰਦਾ ਹੈ। ਅਰਥਾਤ ਸਾਰੀਆਂ ਪਾਇਦਾਰ ਅਤੇ ਦੂਜੀਆਂ ਉਪਭੋਗੀ ਵਸਤਾਂ ਅਤੇ ਸਭ ਤਰ੍ਹਾਂ ਦੀਆਂ ਸੇਵਾਵਾਂ ਤੇ ਕੀਤਾ ਗਿਆ ਖਰਚ ਸ਼ਾਮਲ ਹੁੰਦਾ ਹੈ ਅਤੇ ਨਾਲ ਹੀ ਮਾਧਿਅਮ ਵਸਤਾਂ ਤੇ ਕੀਤਾ ਗਿਆ ਖਰਚਾ ਵੀ ਸ਼ਾਮਲ ਕੀਤਾ ਜਾਂਦਾ ਹੈ।

**2. ਕੁੱਲ ਘਰੇਲੂ ਨਿੱਜੀ ਨਿਵੇਸ਼**

ਇਸ ਮੱਦ ਥੱਲੇ ਨਿੱਜੀ ਨਿਵੇਸ਼ਕਾਂ ਵੱਲੋਂ ਨਵੇਂ ਨਿਵੇਸ਼ ਅਤੇ ਪੁਰਾਣੀ ਪੂੰਜੀ ਦੇ ਪ੍ਰਤਿਸਥਾਪਨ ਤੇ ਕੀਤਾ ਗਿਆ ਖਰਚ ਸ਼ਾਮਲ ਹੁੰਦਾ ਹੈ। ਇਸ ਵਿੱਚ ਸ਼ੇਅਰਾਂ ਦਾ ਵਿੱਤੀ ਤਬਾਦਲਾ ਸ਼ਾਮਲ ਨਹੀਂ ਹੁੰਦਾ, ਕਿਉਂਕਿ ਉਨ੍ਹਾਂ ਦੀ ਵੇਚ ਜਾਂ ਖਰੀਦ ਅਸਲ ਨਿਵੇਸ਼ ਨਹੀਂ ਕਹਾਉਂਦੀ। ਟੁੱਟ ਭੱਜ ਦੇ ਖਰਚ ਨੂੰ ਵੀ ਜੋੜ ਕੀਤਾ ਜਾਂਦਾ ਹੈ।

**3. ਸ਼ੁੱਧ ਵਿਦੇਸ਼ੀ ਨਿਵੇਸ਼**

ਇਸ ਤੋਂ ਭਾਵ ਬਰਾਮਦਾਂ ਅਤੇ ਦਰਾਮਦਾਂ ਦਾ ਅੰਤਰ, ਅਰਥਾਤ ਬਰਾਮਦਾਂ ਦਾ ਵਾਧਾ ਹੈ। ਇਸ ਤਰ੍ਹਾਂ ਬਰਾਮਦਾਂ (exports) ਅਤੇ ਦਰਾਮਦਾਂ (imports) ਦੇ ਮੁੱਲਾਂ ਦੇ ਅੰਤਰ ਨੂੰ, ਭਾਵੇਂ ਉਹ ਧਨਾਤਮਕ ਹੈ ਜਾਂ ਰਿਣਾਤਮਕ, ਕੁੱਲ ਰਾਸ਼ਟਰੀ ਉਤਪਾਦਨ ਵਿੱਚ ਸ਼ਾਮਲ ਕੀਤਾ ਜਾਂਦਾ ਹੈ।

**4. ਵਸਤਾਂ ਅਤੇ ਸੇਵਾਵਾਂ ਉੱਤੇ ਸਰਕਾਰੀ ਖਰਚ**

ਸਰਕਾਰ ਦੁਆਰਾ ਵਸਤਾਂ ਅਤੇ ਸੇਵਾਵਾਂ ਉੱਤੇ ਕੀਤਾ ਗਿਆ ਖਰਚਾ ਵੀ ਕੁੱਲ ਰਾਸ਼ਟਰੀ ਉਤਪਾਦਨ ਦਾ ਹਿੱਸਾ ਹੈ। ਇਸ ਵਿੱਚ ਸਰਕਾਰ ਦੁਆਰਾ ਚਲਾਏ ਜਾ ਰਹੇ ਉਦਯੋਗਾਂ ਤੇ ਕੀਤਾ ਖਰਚਾ ਵੀ ਸ਼ਾਮਲ ਹੁੰਦਾ ਹੈ। ਪਰੰਤੂ ਟਰਾਂਸਫਰ ਭੁਗਤਾਨਾਂ ਤੇ ਕੀਤਾ ਗਿਆ ਖਰਚ, ਇਸ ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ ਕਿਉਂਕਿ ਇਹ ਭੁਗਤਾਨ ਚਾਲੂ ਸਾਲ ਵਿੱਚ ਪੈਦਾ ਹੋਈਆਂ ਵਸਤਾਂ ਅਤੇ ਸੇਵਾਵਾਂ ਦੇ ਬਦਲੇ ਵਿੱਚ ਨਹੀਂ ਕੀਤੇ ਜਾਂਦੇ।

ਇਸ ਤਰ੍ਹਾਂ ਕੁੱਲ ਖਰਚ ਵਿਧੀ ਅਨੁਸਾਰ, ਕੁੱਲ ਰਾਸ਼ਟਰੀ ਉਤਪਾਦਨ=ਨਿੱਜੀ ਉਪਭੋਗ ਖਰਚ (C) + ਕੁੱਲ ਘਰੇਲੂ ਨਿੱਜੀ ਨਿਵੇਸ਼ (I) + ਸ਼ੁੱਧ ਵਿਦੇਸ਼ੀ ਨਿਵੇਸ਼ (X-M) + ਵਸਤਾਂ ਅਤੇ ਸੇਵਾਵਾਂ ਤੇ ਸਰਕਾਰੀ ਖਰਚ (G).

## ਸਾਧਨ ਲਾਗਤ ਤੇ ਸ਼ੁੱਧ ਰਾਸ਼ਟਰੀ ਉਤਪਾਦਨ/ਆਮਦਨ

ਕਿਸੇ ਦੇਸ਼ ਵਿੱਚ ਇੱਕ ਸਾਲ ਦੌਰਾਨ ਉਥੋਂ ਦੇ ਲੋਕਾਂ ਨੂੰ ਉਤਪਾਦਕੀ ਕ੍ਰਿਆਵਾਂ ਦੇ ਬਦਲੇ ਜੋ ਆਮਦਨ ਪ੍ਰਾਪਤ ਹੁੰਦੀ ਹੈ, ਉਸ ਨੂੰ ਸਾਧਨ ਲਾਗਤ ਤੇ ਰਾਸ਼ਟਰੀ ਆਮਦਨ ਕਹਿੰਦੇ ਹਨ। ਹਰੇਕ ਦੇਸ਼ ਵਿੱਚ ਉਤਪਾਦਿਤ ਵਸਤਾਂ ਅਤੇ ਸੇਵਾਵਾਂ ਉਤਪਾਦਨ ਦੇ ਸਾਧਨਾਂ ਦੇ ਸਹਿਯੋਗ ਤੋਂ ਪ੍ਰਾਪਤ ਹੁੰਦੀਆਂ ਹਨ। ਇਨ੍ਹਾਂ ਵਸਤਾਂ ਅਤੇ ਸੇਵਾਵਾਂ ਦਾ ਮੰਡੀ ਮੁੱਲ, ਉਤਪਾਦਿਤ ਵਸਤਾਂ ਅਤੇ ਸੇਵਾਵਾਂ ਦੀ ਉਤਪਾਦਨ ਲਾਗਤ ਹੁੰਦਾ ਹੈ। ਇਸ ਤਰ੍ਹਾਂ ਦੇਸ਼ ਦੇ ਲੋਕਾਂ ਨੂੰ ਉਤਪਾਦਨ ਸੇਵਾਵਾਂ ਦੇ ਬਦਲੇ ਜੋ ਕੁਝ ਪ੍ਰਾਪਤ ਹੁੰਦਾ ਹੈ ਉਹੀ ਸਾਧਨ ਲਾਗਤ ਤੇ ਰਾਸ਼ਟਰੀ ਉਤਪਾਦਨ ਹੈ।

ਉਤਪਾਦਿਤ ਵਸਤਾਂ ਦੇ ਮੁਦਰਾ ਮੁੱਲ ਨੂੰ ਭਿੰਨ-ਭਿੰਨ ਉਤਪਾਦਕ ਸਾਧਨਾਂ ਵਿੱਚ ਮਜ਼ਦੂਰੀ (wages), ਲਗਾਨ (rent), ਵਿਆਜ (interest) ਅਤੇ ਲਾਭ (profit) ਦੇ ਰੂਪ ਵਿਚ ਵੰਡਿਆ ਜਾਂਦਾ ਹੈ। ਇਨ੍ਹਾਂ ਸਾਧਨਾਂ ਦੀ ਆਮਦਨ, ਉਤਪਾਦਿਤ ਵਸਤਾਂ ਦੇ ਬਾਜ਼ਾਰੀ ਮੁੱਲ ਦੇ ਬਰਾਬਰ ਹੁੰਦੀ ਹੈ।

ਸਾਧਨ ਕੀਮਤ ਤੇ ਰਾਸ਼ਟਰੀ ਆਮਦਨ, ਅਤੇ ਮੰਡੀ ਕੀਮਤ ਤੇ ਰਾਸ਼ਟਰੀ ਆਮਦਨ ਵਿੱਚ ਫ਼ਰਕ ਹੁੰਦਾ ਹੈ ਕਿਉਂਕਿ ਜੋ ਮੁਦਰਾ ਮੁੱਲ, ਖਪਤਕਾਰ, ਵਸਤਾਂ ਤੇ ਸੇਵਾਵਾਂ ਦੀ ਖਰੀਦ ਤੇ ਖਰਚ ਕਰਦੇ ਹਨ, ਉਹ ਉਤਪਾਦਨ ਸਾਧਨਾਂ ਨੂੰ ਪ੍ਰਾਪਤ ਹੋਈ ਰਕਮ ਤੋਂ ਜ਼ਿਆਦਾ ਜਾਂ ਘੱਟ ਹੋ ਸਕਦਾ ਹੈ। ਇਹ ਅੰਤਰ ਅਪ੍ਰਤੱਖ ਟੈਕਸ, ਸਰਕਾਰੀ ਅਨੁਦਾਨ (subsidy) ਅਤੇ ਸਰਕਾਰ ਦੁਆਰਾ ਕਮਾਏ ਲਾਭਾਂ ਦੇ ਕਾਰਣ ਹੁੰਦੇ ਹਨ।

ਦੇਸ਼ ਵਿੱਚ ਪੈਦਾ ਹੋਈਆਂ ਵਸਤਾਂ, ਬਾਜ਼ਾਰ ਮੁੱਲ ਤੇ ਵੇਚੀਆਂ ਜਾਂਦੀਆਂ ਹਨ। ਇਸ ਵਿੱਚ ਅਪ੍ਰਤੱਖ ਟੈਕਸ (indirect txs) ਵੀ ਸੰਮਿਲਤ ਹੁੰਦੇ ਹਨ। ਇਸ ਤਰ੍ਹਾਂ ਰਾਸ਼ਟਰੀ ਉਤਪਾਦਨ, ਸਾਧਨਾਂ ਨੂੰ ਦਿੱਤੇ ਗਏ

ਇਵਜ਼ਾਨੇ ਨਾਲੋਂ, ਅਪ੍ਰਤੱਖ ਟੈਕਸਾਂ ਦੀ ਰਾਸ਼ੀ ਦੇ ਬਰਾਬਰ ਜ਼ਿਆਦਾ ਹੁੰਦਾ ਹੈ ।

ਪਰੰਤੂ ਸਰਕਾਰੀ ਅਨੁਦਾਨ ਦੇ ਸਿੱਟੇ ਵਜੋਂ, ਵਸਤਾਂ ਦੀ ਬਾਜ਼ਾਰੀ ਕੀਮਤ, ਸਾਧਨ ਲਾਗਤ ਨਾਲੋਂ ਘੱਟ ਹੁੰਦੀ ਹੈ । ਇਸ ਤਰ੍ਹਾਂ ਅਨੁਦਾਨ ਦੀ ਰਕਮ ਨੂੰ ਬਾਜ਼ਾਰੀ ਕੀਮਤ ਤੇ ਰਾਸ਼ਟਰੀ ਆਮਦਨ ਵਿੱਚ ਜੋੜਨ ਨਾਲ, ਸਾਧਨ ਲਾਗਤ ਦਾ ਪਤਾ ਲੱਗ ਸਕਦਾ ਹੈ ਸਮੀਕਰਣ ਦੇ ਰੂਪ ਵਿੱਚ :

ਸਾਧਨ ਲਾਗਤ ਤੇ ਰਾਸ਼ਟਰੀ ਆਮਦਨ = ਬਾਜ਼ਾਰੀ ਕੀਮਤ ਤੇ ਰਾਸ਼ਟਰੀ ਆਮਦਨ – ਅਪ੍ਰਤੱਖ ਕਰ + ਅਨੁਦਾਨ – ਸਰਕਾਰੀ ਲਾਭ ।

ਕੁੱਲ ਰਾਸ਼ਟਰੀ ਉਤਪਾਦਨ, ਸ਼ੁੱਧ ਰਾਸ਼ਟਰੀ ਉਤਪਾਦਨ ਅਤੇ ਸਾਧਨ ਲਾਗਤ ਤੇ ਰਾਸ਼ਟਰੀ ਆਮਦਨ ਦਾ ਆਪਸੀ ਸੰਬੰਧ ਸਮੀਕਰਣ ਦੇ ਰੂਪ ਵਿੱਚ ਇਵੇਂ ਦੱਸਿਆ ਜਾ ਸਕਦਾ ਹੈ :

ਕੁੱਲ ਰਾਸ਼ਟਰੀ ਉਤਪਾਦਨ – ਟੁੱਟ ਭੱਜ, ਘਿਸਾਈ ਆਦਿ + ਬਾਜ਼ਾਰੀ ਕੀਮਤਾਂ ਤੇ ਸ਼ੁੱਧ ਰਾਸ਼ਟਰੀ ਆਮਦਨ – (ਅਪ੍ਰਤੱਖ ਟੈਕਸ – ਅਨੁਦਾਨ + ਸਰਕਾਰੀ ਲਾਭ)

## ਆਮਦਨ ਦੀਆਂ ਕੁਝ ਹੋਰ ਧਾਰਨਾਵਾਂ

ਰਾਸ਼ਟਰੀ ਆਮਦਨ ਦੀਆਂ ਉਪਰੋਕਤ ਧਾਰਨਾਵਾਂ ਤੋਂ ਇਲਾਵਾ, ਆਮਦਨ ਦੀਆਂ ਕੁਝ ਹੋਰ ਧਾਰਨਾਵਾਂ ਜਿਹੜੀਆਂ ਕਿ ਕੁਝ ਨਿਵੇਸ਼ ਮਕਸਦਾਂ ਦੀ ਪ੍ਰਾਪਤੀ ਲਈ ਲਾਭਕਾਰੀ ਹਨ, ਹੇਠ ਦਿੱਤੀਆਂ ਹਨ :

### (ੳ) ਵਿਅਕਤੀਗਤ ਆਮਦਨ (Personal Income)

ਵਿਅਕਤੀਗਤ ਆਮਦਨ, ਦੇਸ਼ ਦੇ ਲੋਕਾਂ ਨੂੰ ਇੱਕ ਸਾਲ ਵਿੱਚ ਪ੍ਰਾਪਤ ਹੋਣ ਵਾਲੀ ਆਮਦਨ ਦੇ ਬਰਾਬਰ ਹੈ । ਵਿਅਕਤੀਗਤ ਆਮਦਨ ਕਦੇ ਵੀ ਰਾਸ਼ਟਰੀ ਆਮਦਨ ਦੇ ਬਰਾਬਰ ਨਹੀਂ ਹੁੰਦੀ । ਕਿਉਂਕਿ ਵਿਅਕਤੀਗਤ ਆਮਦਨ ਵਿੱਚ ਟਰਾਂਸਫਰ ਭੁਗਤਾਨ ਸ਼ਾਮਲ ਹੁੰਦੇ ਹਨ ਜਦੋਂ ਕਿ ਇਹ ਰਾਸ਼ਟਰੀ ਆਮਦਨ ਵਿੱਚ ਸ਼ਾਮਲ ਨਹੀਂ ਹੁੰਦੇ । ਪੈਨਸ਼ਨ, ਬੇਕਾਰੀ ਭੱਤਾ ਆਦਿ ਜੋ ਕੁਝ ਇਕ ਵਿਅਕਤੀ ਨੂੰ ਮਿਲਦੇ ਹਨ, ਉਸ ਦੀ ਵਿਅਕਤੀਗਤ ਆਮਦਨ ਵਿੱਚ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ ਕਿਉਂਕਿ ਇਹ ਉਸ ਵਾਸਤੇ ਆਮਦਨ ਹੈ, ਜਦੋਂ ਕਿ ਰਾਸ਼ਟਰੀ ਆਮਦਨ ਵਿੱਚ ਕੰਪਨੀਆਂ ਤੇ ਲੱਗੇ ਆਮਦਨ ਕਰ ਅਤੇ ਸੰਯੁਕਤ ਪੂੰਜੀ ਕੰਪਨੀਆਂ ਦੇ ਅਣਵੰਡੇ ਲਾਭ ਸ਼ਾਮਲ ਕੀਤੇ ਜਾਂਦੇ ਹਨ । ਇਸ ਤਰ੍ਹਾਂ ਹੀ ਵਿਅਕਤੀਆਂ ਦੀ ਆਮਦਨ ਵਿੱਚ ਸਮਾਜਿਕ ਸੁਰੱਖਿਆ ਲਈ ਕੀਤੀ ਗਈ ਕਟੌਤੀ ਵੀ ਉਨ੍ਹਾਂ ਦੀ ਆਮਦਨ ਨਹੀਂ। ਇਸ ਤਰ੍ਹਾਂ ਵਿਅਕਤੀਗਤ ਆਮਦਨ ਲੱਭਣ ਲਈ ਟਰਾਂਸਫਰ ਭੁਗਤਾਨ, ਰਾਸ਼ਟਰੀ ਆਮਦਨ ਵਿੱਚ ਜਮ੍ਹਾਂ ਕੀਤੇ ਜਾਂਦੇ ਹਨ ਅਤੇ ਕਾਰਪੋਰੇਸ਼ਨਾਂ ਦੇ ਅਣਵੰਡੇ ਲਾਭ ਕਾਰਪੋਰੇਸ਼ਨ ਤੇ ਲੱਗੇ ਆਮਦਨ ਕਰ ਅਤੇ ਸਮਾਜਿਕ ਸੁਰੱਖਿਆ ਲਈ ਦਿੱਤੀਆਂ ਰਕਮਾਂ ਇਸ ਵਿੱਚੋਂ ਘਟਾਈਆਂ ਜਾਂਦੀਆਂ ਹਨ । ਇਸ ਲਈ, ਵਿਅਕਤੀਗਤ ਆਮਦਨ = ਸ਼ੁੱਧ ਰਾਸ਼ਟਰੀ ਆਮਦਨ + ਟਰਾਂਸਫਰ ਭੁਗਤਾਨ – ਸੰਯੁਕਤ ਪੂੰਜੀ ਕੰਪਨੀਆਂ ਦੇ ਅਣਵੰਡੇ ਲਾਭ – ਕਾਰਪੋਰੇਸ਼ਨਾਂ ਤੇ ਲੱਗੇ ਆਮਦਨ ਕਰ – ਸਮਾਜਿਕ ਸੁਰੱਖਿਆ ਲਈ ਆਮਦਨ ਵਿੱਚੋਂ ਕੀਤੀ ਕਟੌਤੀ ।

### (ਅ) ਖਰਚ ਕਰਨ ਯੋਗ ਆਮਦਨ (Disposable Income)

ਖਰਚ ਕਰਨ ਯੋਗ ਆਮਦਨ ਦਾ ਭਾਵ, ਆਮਦਨ ਦਾ ਉਹ ਭਾਗ ਹੈ ਜੋ ਕਿ ਪ੍ਰਤੱਖ ਟੈਕਸ ਦੇਣ ਤੋਂ ਬਾਅਦ ਲੋਕਾਂ ਦੇ ਕੋਲ ਰਹਿ ਜਾਂਦਾ ਹੈ । ਪ੍ਰਤੱਖ ਟੈਕਸਾਂ ਦੇ ਘਟਾਉਣ ਤੋਂ ਬਾਅਦ ਜੋ ਆਮਦਨ ਬਾਕੀ ਰਹਿ ਜਾਂਦੀ ਹੈ ਉਹ ਖਰਚ ਕਰਨ ਯੋਗ ਆਮਦਨ ਦੇ ਬਰਾਬਰ ਹੁੰਦੀ ਹੈ । ਖਰਚ ਕਰਨ ਯੋਗ ਆਮਦਨ, ਧਨ ਦੇ ਰੂਪ ਵਿਚ ਪ੍ਰਾਪਤ ਹੋਣ ਵਾਲੀ ਆਮਦਨ ਦਾ ਜੋੜ ਹੈ ਜੋ ਵਿਅਕਤੀਆਂ ਕੋਲ ਅਸਲ ਵਿੱਚ ਖਰਚ ਕਰਨ ਲਈ ਰਹਿੰਦੀ ਹੈ ।

ਖਰਚ ਕਰਨ ਯੋਗ ਰਾਸ਼ੀ ਦੋ ਹਿੱਸਿਆਂ ਵਿੱਚ ਵੰਡੀ ਜਾ ਸਕਦੀ ਹੈ । ਇੱਕ ਭਾਗ ਉਪਭੋਗ ਤੇ ਖਰਚ ਕੀਤਾ ਜਾਂਦਾ ਹੈ ਤੇ ਦੂਜਾ ਭਾਗ ਬਚਾ ਲਿਆ ਜਾਂਦਾ ਹੈ ਅਰਥਾਤ ਆਮਦਨ ਦਾ ਇੱਕ ਵੱਡਾ ਭਾਗ ਵਿਅਕਤੀਆਂ ਦੁਆਰਾ ਉਪਭੋਗੀ ਵਸਤਾਂ ਤੇ ਖਰਚ ਕਰ ਦਿੱਤਾ ਜਾਂਦਾ ਹੈ ਅਤੇ ਕੁਝ ਭਾਗ ਬਚਾ ਲਿਆ ਜਾਂਦਾ ਹੈ । ਸਮੀਕਰਣ ਦੇ ਰੂਪ ਵਿੱਚ:

ਖਰਚ ਕਰਨ ਯੋਗ ਆਮਦਨ = ਉਪਭੋਗ ਖਰਚ + ਬੱਚਤ

**(ਙ) ਨਿੱਜੀ ਆਮਦਨ** (Private Income)

ਇਸ ਵਿੱਚ ਟੈਕਸ ਤੋਂ ਪਹਿਲਾਂ ਨਿੱਜੀ ਆਮਦਨ, ਜਮ੍ਹਾਂ ਟੈਕਸ ਤੋਂ ਪਹਿਲਾਂ ਕੰਪਨੀਆਂ ਦੇ ਅਣਵੰਡੇ ਲਾਭ ਸ਼ਾਮਲ ਹੁੰਦੇ ਹਨ ।

**(ਸ) ਨਿਗਮ ਆਮਦਨ** (Corporation Income)

ਨਿਗਮ ਆਮਦਨ, ਕੰਪਨੀਆਂ ਅਤੇ ਸਰਕਾਰੀ ਕਾਰਪੋਰੇਸ਼ਨਾਂ ਦੇ ਲਾਭ ਅਤੇ ਬਾਕੀ ਆਮਦਨ ਦਾ ਜੋੜ ਹੁੰਦੀ ਹੈ । ਜੇ ਇਸ ਵਿੱਚੋਂ ਆਮਦਨ ਕਰ ਅਤੇ ਲਾਭ ਟੈਕਸ ਘਟਾ ਦਿੱਤੇ ਜਾਣ ਤਾਂ ਇਹ ਖਰਚ ਕਰਨ ਯੋਗ ਆਮਦਨ ਰਹਿ ਜਾਂਦੀ ਹੈ ।

(ਹ) ਵਾਸਤਵਿਕ ਆਮਦਨ, ਅਸਲ ਵਿੱਚ ਰਾਸ਼ਟਰੀ ਆਮਦਨ ਨੂੰ ਹੀ, ਕਿਸੇ ਖਾਸ ਸਾਲ ਨੂੰ ਆਧਾਰ ਮੰਨ ਕੇ, ਕੀਮਤਾਂ ਦੇ ਆਮ ਪੱਧਰ ਦੇ ਰੂਪ ਵਿੱਚ ਦੱਸਦੀ ਹੈ । ਰਾਸ਼ਟਰੀ ਆਮਦਨ, ਚਾਲੂ ਕੀਮਤਾਂ ਤੇ ਦੇਸ਼ ਵਿੱਚ ਪੈਦਾ ਹੋਈਆਂ ਵਸਤਾਂ ਦਾ ਮੁਦਰਕ ਮੁੱਲ ਹੈ । ਪਰੰਤੂ ਇਸ ਨਾਲ ਅਰਥ ਵਿਵਸਥਾ ਦਾ ਸਹੀ ਪਤਾ ਨਹੀਂ ਲਗਦਾ । ਅਰਥ ਵਿਵਸਥਾ ਦੀ ਸਹੀ ਹਾਲਤ ਦਾ ਪਤਾ ਅਰਥ ਵਿਵਸਥਾ ਦੀ ਵਾਸਤਵਿਕ ਆਮਦਨ ਦੇ ਪੱਧਰ ਤੋਂ ਹੀ ਲਾਇਆ ਜਾ ਸਕਦਾ ਹੈ ।

ਕਿਸੇ ਦੇਸ਼ ਦੀ ਵਾਸਤਵਿਕ ਆਮਦਨ ਦਾ ਪਤਾ ਲਗਾਉਣ ਲਈ, ਇੱਕ ਖਾਸ ਸਾਲ ਨੂੰ ਆਧਾਰ ਮੰਨਿਆ ਜਾਂਦਾ ਹੈ । ਜਿਸ ਨਾਲ ਕੀਮਤ ਪੱਧਰ ਨਾ ਜ਼ਿਆਦਾ ਉੱਚਾ ਤੇ ਨਾ ਜ਼ਿਆਦਾ ਨੀਵਾਂ ਹੁੰਦਾ ਹੈ ਅਤੇ ਉਸ ਸਾਲ ਲਈ ਕੀਮਤਾਂ ਦੇ ਪੱਧਰ ਨੂੰ 100 ਦੇ ਬਰਾਬਰ ਮੰਨ ਲਿਆ ਜਾਂਦਾ ਹੈ । ਹੁਣ ਕਿਸੇ ਸਾਲ ਦੇ ਕੀਮਤਾਂ ਦੇ ਆਮ ਪੱਧਰ, ਜਿਸ ਸਾਲ ਲਈ ਵਾਸਤਵਿਕ ਆਮਦਨ ਦਾ ਪਤਾ ਕਰਨਾ ਹੈ, ਨੂੰ ਆਧਾਰ ਸਾਲ ਦੀਆਂ ਕੀਮਤਾਂ ਅਨੁਸਾਰ ਬਦਲ ਲਿਆ ਜਾਂਦਾ ਹੈ ।

**ਪ੍ਰਤੀ ਵਿਅਕਤੀ ਆਮਦਨ** (Per Capita Income)

ਕਿਸੇ ਖਾਸ ਸਾਲ ਵਿੱਚ ਕਿਸੇ ਦੇਸ਼ ਦੇ ਵਿਅਕਤੀ ਦੀ ਔਸਤ ਆਮਦਨ ਨੂੰ ਪ੍ਰਤੀ ਵਿਅਕਤੀ ਆਮਦਨ ਕਿਹਾ ਜਾਂਦਾ ਹੈ । ਜੇ ਕਿਸੇ ਦੇਸ਼ ਦੀ ਰਾਸ਼ਟਰੀ ਆਮਦਨ ਨੂੰ ਉਸੇ ਸਾਲ ਦੀ ਜੰਨ-ਸੰਖਿਆ ਨਾਲ ਵੰਡ ਦਿੱਤਾ ਜਾਵੇ ਤਾਂ ਸਾਨੂੰ ਉਸ ਦੇਸ਼ ਦੀ ਪ੍ਰਤੀ ਵਿਅਕਤੀ ਆਮਦਨ ਪ੍ਰਾਪਤ ਹੋ ਜਾਂਦੀ ਹੈ ।

ਪ੍ਰਤੀ ਵਿਅਕਤੀ ਆਮਦਨ ਵਧਾਉਣ ਲਈ, ਜਾਂ ਤਾਂ ਦੇਸ਼ ਦੀ ਰਾਸ਼ਟਰੀ ਆਮਦਨ ਵਧਾਈ ਜਾਵੇ, ਅਤੇ ਜਾਂ ਜਨ-ਸੰਖਿਆ ਘਟਾਈ ਜਾਵੇ ਜਾਂ ਦੋਵੇਂ ਤਰੀਕੇ ਵਰਤੇ ਜਾਣ । ਪ੍ਰਤੀ ਵਿਅਕਤੀ ਆਮਦਨ ਦੀ ਧਾਰਨਾ ਦੁਆਰਾ ਸਾਨੂੰ ਕਿਸੇ ਦੇਸ਼ ਦੇ ਲੋਕਾਂ ਦੇ ਜੀਵਨ ਪੱਧਰ ਦਾ ਪਤਾ ਚਲਦਾ ਹੈ ਅਤੇ ਇਸ ਤਰ੍ਹਾਂ ਇਹ ਦੇਸ਼ ਦੀ ਆਰਥਿਕ ਉੱਨਤੀ ਦਾ ਮਾਪ ਹੈ ।

## ਰਾਸ਼ਟਰੀ ਆਮਦਨ ਦਾ ਮਾਪ (Measurement of National Income)

ਰਾਸ਼ਟਰੀ ਆਮਦਨ ਦੇ ਮਾਪ ਲਈ ਕਿਸੇ ਵੀ ਵਿਧੀ ਦੀ ਵਰਤੋਂ ਇਸ ਗੱਲ ਤੇ ਨਿਰਭਰ ਕਰਦੀ ਹੈ, ਕਿ ਅਸੀਂ ਕੀ ਮਕਸਦ ਹੱਲ ਕਰਨਾ ਚਾਹੁੰਦੇ ਹਾਂ? ਅਤੇ ਕੀ ਉਸ ਵਿਧੀ ਦੀ ਵਰਤੋਂ ਕਰਨ ਲਈ ਉਸ ਕਿਸਮ ਦੇ ਅੰਕੜੇ ਮਿਲਦੇ ਹਨ, ਜਾਂ ਨਹੀਂ? ਰਾਸ਼ਟਰੀ ਆਮਦਨ ਨੂੰ ਮਾਪਣ ਲਈ ਨਿਮਨ ਵਿਧੀਆਂ ਹਨ :

1. ਉਤਪਾਦਨ ਵਿਧੀ (The Product Method)
2. ਆਮਦਨ ਵਿਧੀ (Income Method)
3. ਖਰਚ ਵਿਧੀ (Expenditure Method)
4. ਸਮਾਜਿਕ ਲੇਖਾ ਵਿਧੀ (Social Accounting Method)
5. ਮਿਸ਼ਰਿਤ ਵਿਧੀ (Mixed Method)

### 1. ਉਤਪਾਦਨ ਵਿਧੀ (Product Method)

ਇਸ ਵਿਧੀ ਅਨੁਸਾਰ ਦੇਸ਼ ਦੀ ਰਾਸ਼ਟਰੀ ਆਮਦਨ ਦੀ ਗਣਨਾ ਕਰਦੇ ਹੋਏ ਸਭ ਅੰਤਿਮ ਵਸਤਾਂ ਅਤੇ ਸੇਵਾਵਾਂ, ਜੋ ਇਸ ਸਮੇਂ ਦੀ ਅਵਧੀ ਵਿੱਚ ਪੈਦਾ ਹੁੰਦੀਆਂ ਹਨ, ਦੇ ਦ੍ਰਵ ਮੁੱਲ ਨੂੰ ਜੋੜ ਕੇ, ਰਾਸ਼ਟਰੀ ਆਮਦਨ ਪ੍ਰਾਪਤ ਕੀਤੀ ਜਾਂਦੀ ਹੈ । ਇਸ ਮਕਸਦ ਲਈ ਅਰਥ ਵਿਵਸਥਾ ਨੂੰ ਤਿੰਨ ਹਿੱਸਿਆਂ ਵਿੱਚ

ਵੰਡਿਆ ਜਾ ਸਕਦਾ ਹੈ ਜਿਵੇਂ ਕਿ ਪ੍ਰਾਥਮਿਕ ਖੇਤਰ (Primary Sector), ਗੌਣ ਖੇਤਰ (Secondary Sector) ਅਤੇ ਤੀਸਰਾ ਖੇਤਰ (Tertiary Sector) ਆਦਿ। ਇਸ ਵਿਧੀ ਅਨੁਸਾਰ, ਹਰੇਕ ਖੇਤਰ ਦੀ ਉਤਪਾਦਿਤ ਆਮਦਨ ਦੇ ਬਾਰੇ ਜਾਣਕਾਰੀ ਲਈ ਜਾਂਦੀ ਹੈ। ਇਸ ਵਿਧੀ ਨਾਲ ਰਾਸ਼ਟਰੀ ਆਮਦਨ ਦੇ ਭਿੰਨ-ਭਿੰਨ ਸਰੋਤਾਂ ਦੇ ਮਹੱਤਵ ਦਾ ਪਤਾ ਲਗਦਾ ਹੈ। ਇਸ ਵਿਧੀ ਅਨੁਸਾਰ, ਪ੍ਰਾਪਤ ਕੀਤੀ ਗਈ ਰਾਸ਼ਟਰੀ ਆਮਦਨ ਨੂੰ ਉਦਯੋਗਿਕ ਮੁੱਢ ਦੇ ਅਨੁਸਾਰ ਪ੍ਰਾਪਤ ਰਾਸ਼ਟਰੀ ਆਮਦਨ (national income by industrial origin) ਜਾਂ ਬਾਜ਼ਾਰੀ ਕੀਮਤਾਂ ਦੇ ਅਨੁਸਾਰ ਰਾਸ਼ਟਰੀ ਆਮਦਨ ਕਿਹਾ ਜਾਂਦਾ ਹੈ। ਜੇ ਅਰਥ ਵਿਵਸਥਾ ਵਿੱਚ ਉਤਪਾਦਨ ਸੰਬੰਧੀ ਸਭ ਅੰਕੜੇ ਪ੍ਰਾਪਤ ਹੋਣ ਤਾਂ ਹੀ ਇਸ ਵਿਧੀ ਨੂੰ ਸਫਲਤਾ ਪੂਰਵਕ ਵਰਤਿਆ ਜਾ ਸਕਦਾ ਹੈ।

### 2. ਆਮਦਨ ਵਿਧੀ (Income Method)

ਇਸ ਵਿਧੀ ਅਨੁਸਾਰ ਰਾਸ਼ਟਰੀ ਆਮਦਨ ਦੀ ਗਣਨਾ ਲਈ ਉਤਪਾਦਨ ਦੇ ਸਾਧਨਾਂ ਦੀ ਆਮਦਨ, ਅਰਥਾਤ ਮਜ਼ਦੂਰੀ, ਵਿਆਜ, ਲਗਾਨ ਅਤੇ ਲਾਭ ਦਾ ਜੋੜ ਕੀਤਾ ਜਾਂਦਾ ਹੈ। ਇਸ ਵਿਧੀ ਅਨੁਸਾਰ ਰਾਸ਼ਟਰੀ ਆਮਦਨ ਦੀ ਗਣਨਾ ਲਈ ਲੋਕਾਂ ਦੀ ਉਤਪਾਦਨ ਸਾਧਨਾਂ ਦੇ ਮਾਲਕ ਦੇ ਤੌਰ ਤੇ ਪ੍ਰਾਪਤ ਹੋਈ ਆਮਦਨ ਨੂੰ ਹੀ ਜੋੜਿਆ ਜਾਂਦਾ ਹੈ। ਉਨ੍ਹਾਂ ਨੂੰ ਟਰਾਂਸਫਰ ਭੁਗਤਾਨਾਂ (transfer payments) ਦੇ ਤੌਰ ਤੇ ਪ੍ਰਾਪਤ ਹੋਈ ਆਮਦਨ ਵਿੱਚ ਨਹੀਂ ਗਿਣਿਆ ਜਾਂਦਾ। ਇਸ ਤਰ੍ਹਾਂ ਰਾਸ਼ਟਰੀ ਆਮਦਨ ਵਿੱਚ ਭਿੰਨ ਭਿੰਨ ਉਤਪਾਦਨ ਸਾਧਨਾਂ ਦੇ ਯੋਗਦਾਨ ਦਾ ਪਤਾ ਚਲਦਾ ਹੈ। ਇਸ ਵਿਧੀ ਨੂੰ ਉਤਪਾਦਨ ਸਾਧਨਾ ਦੀ ਆਮਦਨ ਅਨੁਸਾਰ ਰਾਸ਼ਟਰੀ ਆਮਦਨ (national Income through distributive shares) ਜਾਂ ਸਾਧਨ ਲਾਗਤ ਤੇ ਰਾਸ਼ਟਰੀ ਆਮਦਨ ਵੀ ਕਹਿ ਦਿੱਤਾ ਜਾਂਦਾ ਹੈ। ਇਸ ਵਿਧੀ ਅਨੁਸਾਰ ਰਾਸ਼ਟਰੀ ਆਮਦਨ ਹੇਠ ਲਿਖੀਆਂ ਰਕਮਾਂ ਦਾ ਜੋੜ ਕਰਨ ਨਾਲ ਪ੍ਰਾਪਤ ਹੁੰਦੀ ਹੈ :

(ੳ) ਸਭ ਤਰ੍ਹਾਂ ਦੇ ਮਜ਼ਦੂਰਾਂ ਦੀ ਸਲਾਨਾ ਮਜ਼ਦੂਰੀ ਅਤੇ ਆਮਦਨ ਆਦਿ।

(ਅ) ਸਭ ਤਰ੍ਹਾਂ ਦੇ ਲਗਾਨ।

(ੲ) ਪੂੰਜੀਪਤੀਆਂ ਨੂੰ ਪੂੰਜੀ ਤੋਂ ਮਿਲਣ ਵਾਲਾ ਵਿਆਜ।

(ਸ) ਸੰਯੁਕਤ ਕੰਪਨੀਆਂ ਦਾ ਲਾਭ।

(ਹ) ਸੰਯੁਕਤ ਕੰਪਨੀਆਂ ਦੇ ਬਚਾਏ ਹੋਏ ਲਾਭ ਦਾ ਹਿੱਸਾ, ਜੋ ਕਿ ਭਾਈਵਾਲਾਂ ਵਿੱਚ ਵੰਡਿਆ ਨਹੀਂ ਜਾਂਦਾ।

ਇਸ ਵਿਧੀ ਅਨੁਸਾਰ ਰਾਸ਼ਟਰੀ ਆਮਦਨ ਦੀ ਗਣਨਾ ਕਰਦੇ ਹੋਏ ਟਰਾਂਸਫਰ ਭੁਗਤਾਨਾਂ ਨੂੰ ਰਾਸ਼ਟਰੀ ਆਮਦਨ ਵਿੱਚ ਨਹੀਂ ਜੋੜਿਆ ਜਾਂਦਾ।

### 3. ਖਰਚ ਵਿਧੀ (Expenditure Method)

ਇਸ ਵਿਧੀ ਅਨੁਸਾਰ ਰਾਸ਼ਟਰੀ ਆਮਦਨ, ਇੱਕ ਸਾਲ ਦੇ ਦੌਰਾਨ ਕੀਤੇ ਜਾਣ ਵਾਲੇ ਕੁੱਲ ਖਰਚਾਂ ਦੇ ਜੋੜ ਦੇ ਬਰਾਬਰ ਹੁੰਦੀ ਹੈ। ਇਸ ਤਰ੍ਹਾਂ ਇਸ ਵਿਧੀ ਅਨੁਸਾਰ, ਆਮਦਨ ਦਾ ਪਤਾ ਕਰਨ ਲਈ ਨਿੱਜੀ ਉਪਭੋਗ, ਕੁੱਲ ਨਿੱਜੀ ਘਰੇਲੂ ਨਿਵੇਸ਼, ਸਰਕਾਰ ਦੁਆਰਾ ਕੀਤੇ ਗਏ ਕੁੱਲ ਖਰਚ ਅਤੇ ਸ਼ੁੱਧ ਵਿਦੇਸ਼ੀ ਵਿਨਯੋਗ ਦਾ ਜੋੜ ਲਗਾਉਣਾ ਪੈਂਦਾ ਹੈ। ਇਸ ਤਰ੍ਹਾਂ ਮੰਡੀ ਕੀਮਤਾਂ ਤੇ ਸਾਨੂੰ ਕੁੱਲ ਰਾਸ਼ਟਰੀ ਉਤਪਾਦਨ ਪ੍ਰਾਪਤ ਹੁੰਦਾ ਹੈ। ਇਸ ਵਿਚੋਂ ਟੁੱਟ ਭੱਜ ਤੇ ਘਿਸਾਈ ਕੱਢ ਕੇ ਬਾਜ਼ਾਰੀ ਕੀਮਤਾਂ ਤੇ ਸ਼ੁੱਧ ਰਾਸ਼ਟਰੀ ਉਤਪਾਦਨ ਪ੍ਰਾਪਤ ਹੁੰਦਾ ਹੈ। ਅਸਿੱਧੇ ਟੈਕਸ ਘਟਾ ਦੇਣ ਨਾਲ ਸਾਧਨ ਲਾਗਤ ਤੇ ਰਾਸ਼ਟਰੀ ਉਤਪਾਦਨ ਪ੍ਰਾਪਤ ਕੀਤਾ ਜਾ ਸਕਦਾ ਹੈ। ਰਾਸ਼ਟਰੀ ਉਤਪਾਦਨ ਨੂੰ ਮਾਪਣ ਦੀ ਇਸ ਵਿਧੀ ਅਨੁਸਾਰ, ਕੁੱਲ ਰਾਸ਼ਟਰੀ ਉਤਪਾਦਨ ਨੂੰ ਵਸਤਾਂ ਅਤੇ ਸੇਵਾਵਾਂ ਦਾ ਸਮਾਜ ਦੁਆਰਾ, ਮੁਦਰਕ ਭੁਗਤਾਨਾਂ ਦੇ ਰੂਪ ਵਿੱਚ ਪ੍ਰਵਾਹ ਦੇ ਤੌਰ ਤੇ ਵੇਖਿਆ ਜਾਂਦਾ ਹੈ। ਕੁੱਲ ਰਾਸ਼ਟਰੀ ਉਤਪਾਦਨ ਦਾ ਖਰਚ ਵਿਧੀ ਅਨੁਸਾਰ ਮੁਦਰਕ ਮੁੱਲ, ਉਤਪਾਦਨ ਵਿਧੀ ਦੁਆਰਾ ਪ੍ਰਾਪਤ ਕੀਤੇ ਮੁਦਰਕ ਮੁੱਲ ਤੋਂ ਵੱਖਰਾ ਹੋ ਸਕਦਾ ਹੈ ਕਿਉਂਕਿ ਇਕ ਖਾਸ ਸਮੇਂ ਵਿੱਚ ਸਮਾਜ ਜਿੰਨੀਆਂ ਵਸਤਾਂ ਅਤੇ ਸੇਵਾਵਾਂ ਖਰੀਦਦਾ ਹੈ, ਉਹ ਉਸ ਸਮੇਂ ਦੇ ਉਤਪਾਦਨ ਨਾਲੋਂ ਜ਼ਿਆਦਾ ਜਾਂ ਘੱਟ ਵੀ ਹੋ ਸਕਦੀਆਂ ਹਨ। ਜੇ

ਜ਼ਿਆਦਾ ਹੋਣ ਤਾਂ ਦੇਸ਼ ਦਾ ਰਾਖਵਾਂ ਮਾਲ (inventor Stock) ਘਟੇਗਾ ਨਹੀਂ ਤਾਂ ਉਸ ਸਮੇਂ ਦੇ ਅਖੀਰ ਤੇ ਇੰਨਾ ਜ਼ਿਆਦਾ ਹੋਵੇਗਾ ਜਿੰਨਾ ਕਿ ਉਸ ਸਮੇਂ ਦੀ ਖਰੀਦ, ਕੁੱਲ ਉਤਪਾਦਨ ਨਾਲੋਂ ਘੱਟ ਹੈ। ਰਾਖਵੇਂ ਭੰਡਾਰੇ ਦੇ ਵਿੱਚ ਜ਼ਰੂਰੀ ਸਮਾਯੋਜਨ (adjustment) ਕਰਕੇ ਰਾਸ਼ਟਰੀ ਆਮਦਨ ਦੀ ਗਿਣਤੀ ਦੋਹਾਂ ਤਰੀਕਿਆਂ ਨਾਲ ਇਕੋ ਜਿੰਨੀ ਪ੍ਰਾਪਤ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ, ਜੋ ਵਸਤਾਂ ਬਾਜ਼ਾਰ ਵਿੱਚ ਵਿਕਣ ਲਈ ਨਹੀਂ ਆਉਂਦੀਆਂ ਜਾਂ ਉਨ੍ਹਾਂ ਦਾ ਵਟਾਂਦਰਾ ਹੁੰਦਾ ਹੈ ਜਾਂ ਉਨ੍ਹਾਂ ਦਾ ਸਿੱਧੇ ਤੌਰ ਤੇ ਉਪਭੋਗ ਹੋ ਜਾਂਦਾ ਹੈ, ਜਿਵੇਂ ਕਿ ਅਰਧ ਵਿਕਸਿਤ ਦੇਸ਼ਾਂ ਵਿੱਚ ਵਾਪਰਦਾ ਹੈ, ਤਾਂ ਕੁੱਲ ਖਰਚ ਨੂੰ ਜੋੜ ਕੇ ਪ੍ਰਾਪਤ ਕੀਤਾ ਅੰਦਾਜ਼ਾ ਉਤਪਾਦਨ ਵਿਧੀ ਨਾਲ ਪ੍ਰਾਪਤ ਹੋਏ ਕੁੱਲ ਰਾਸ਼ਟਰੀ ਉਤਪਾਦਨ ਨਾਲੋਂ ਘੱਟ ਹੋਵੇਗਾ। ਅਜਿਹੀ ਹਾਲਤ ਵਿੱਚ ਅਜਿਹੇ ਸੌਦਿਆਂ ਦੇ ਬਾਜ਼ਾਰੀ ਮੁੱਲ ਨੂੰ, ਜੋ ਮੰਡੀ ਵਿੱਚ ਨਹੀਂ ਹੁੰਦੇ, ਨੂੰ ਸ਼ਾਮਲ ਕਰਨਾ ਪਵੇਗਾ, ਜੋ ਕਿ ਬਹੁਤ ਔਖੀ ਸੰਕਲਪ ਸੰਬੰਧੀ (conceptual) ਸਮੱਸਿਆ ਹੈ।

ਜੇ ਸਾਡੀ ਗਣਨਾ ਠੀਕ ਤਰੀਕੇ ਨਾਲ ਹੋਵੇ ਤਾਂ ਇਨ੍ਹਾਂ ਤਰੀਕਿਆਂ ਨਾਲ ਰਾਸ਼ਟਰੀ ਆਮਦਨ ਦੀ ਇੱਕੋ ਗਿਣਤੀ ਹੋਵੇਗੀ। ਇਸ ਤਰ੍ਹਾਂ ਰਾਸ਼ਟਰੀ ਆਮਦਨ ਦੀ ਇਨ੍ਹਾਂ ਤਿੰਨਾਂ ਤਰੀਕਿਆਂ ਨਾਲ ਇੱਕੋ ਗਿਣਤੀ ਦਾ ਕਾਰਣ ਇਹ ਹੈ ਕਿ ਅਰਥ ਵਿਵਸਥਾ ਵਿੱਚ ਆਮਦਨ, ਉਤਪਾਦਨ ਅਤੇ ਖਰਚ ਦੇ ਰੂਪ ਵਿੱਚ ਤਿੰਨ ਪ੍ਰਵਾਹ ਚਲਦੇ ਹੀ ਰਹਿੰਦੇ ਹਨ ਜੋ ਆਪਸ ਵਿੱਚ ਅੰਤਰ ਸੰਬੰਧਤ ਹਨ।

### 4. ਸਮਾਜਿਕ ਲੇਖਾ ਵਿਧੀ (Social Accounting Method)

ਰਾਸ਼ਟਰੀ ਆਮਦਨ ਨੂੰ ਮਾਪਣ ਦੀ ਇਸ ਸੱਜਰੀ (recent) ਵਿਧੀ ਅਨੁਸਾਰ, ਜੋ ਕਿ ਰਿਚਰਡ ਸਟੋਨ (Richard Stone) ਨੇ ਵਿਕਸਿਤ ਕੀਤੀ, ਵੱਖ-ਵੱਖ ਕਿਸਮ ਦੀਆਂ ਸੌਦੇਬਾਜੀਆਂ ਦੀ ਵੱਖ-ਵੱਖ ਗਰੁੱਪਾਂ ਜਿਵੇਂ ਕਿ ਉਤਪਾਦਕਾਂ, ਵਪਾਰੀਆਂ, ਅੰਤਿਮ ਉਪਭੋਗੀ ਆਦਿ ਵਿੱਚ ਵੰਡ ਕੀਤੀ ਜਾਂਦੀ ਹੈ ਅਤੇ ਵੱਖ-ਵੱਖ ਆਰਥਿਕ ਗਰੁੱਪਾਂ ਨਾਲ ਸਬੰਧਤ ਕੁਝ ਪ੍ਰਤੀਨਿਧ ਵਿਅਕਤੀਆਂ ਦੀਆਂ ਸੌਦੇਬਾਜੀਆਂ ਦੇ ਅੰਕੜਿਆਂ ਨੂੰ ਧਿਆਨ ਅਧੀਨ ਰੱਖ ਕੇ ਰਾਸ਼ਟਰੀ ਆਮਦਨ ਦੇ ਅੰਦਾਜ਼ੇ ਤਿਆਰ ਕੀਤੇ ਜਾਂਦੇ ਹਨ।

### 5. ਮਿਸ਼ਰਤ ਵਿਧੀ (Mixed Method)

ਕਈ ਵਾਰੀ ਰਾਸ਼ਟਰੀ ਆਮਦਨ ਦੀ ਗਣਨਾ ਲਈ ਦੋ ਜਾਂ ਤਿੰਨਾਂ ਵਿਧੀਆਂ ਨੂੰ ਰਲਾ ਮਿਲਾ ਕੇ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ। ਇਸ ਵਿਧੀ ਨੂੰ ਮਿਸ਼ਰਤ ਵਿਧੀ ਜਾਂ ਸੰਯੁਕਤ ਵਿਧੀ (Combined Method) ਦਾ ਨਾਂ ਦਿੱਤਾ ਜਾਂਦਾ ਹੈ। ਇਸ ਵਿਧੀ ਦੀ ਵਰਤੋਂ ਦੀ ਲੋੜ ਉਸ ਸਮੇਂ ਹੁੰਦੀ ਹੈ ਜਦੋਂ ਕਿਸੇ ਇੱਕ ਵਿਧੀ ਜਾਂ ਦੋ ਵਿਧੀਆਂ ਦੀ ਵਰਤੋਂ ਨਾ ਕੀਤੀ ਜਾ ਸਕਦੀ ਹੋਵੇ ਜਾਂ ਉਨ੍ਹਾਂ ਵਿਧੀਆਂ ਦੀ ਵਰਤੋਂ ਲਈ ਅੰਕੜੇ ਪ੍ਰਾਪਤ ਨਾ ਹੋਣ। ਜੇਕਰ ਅਰਥ ਵਿਵਸਥਾ ਵਿੱਚ ਬਹੁਤ ਲੋਕੀਂ ਕਈ ਧੰਦਿਆਂ ਵਿੱਚ ਲੱਗੇ ਹੋਣ ਤਾਂ ਆਮਦਨ ਵਿਧੀ ਦੀ ਵਰਤੋਂ ਬਹੁਤੀ ਉਚਿੱਤ ਨਹੀਂ ਹੋਵੇਗੀ। ਇਸੇ ਤਰ੍ਹਾਂ ਜੇ ਉਤਪਾਦਨ ਸੰਬੰਧੀ ਅੰਕੜਿਆਂ ਦੀ ਕਮੀ ਹੋਵੇ ਤਾਂ ਉਤਪਾਦਨ ਵਿਧੀ ਦੀ ਵਰਤੋਂ ਵੀ ਸੰਤੋਖਜਨਕ ਸਿੱਟੇ ਨਹੀਂ ਦੇ ਸਕਦੀ। ਇਸੇ ਤਰ੍ਹਾਂ ਵਪਾਰ ਸੰਬੰਧੀ ਅੰਕੜਿਆਂ ਦੀ ਅਣਹੋਂਦ ਵਿੱਚ, ਖਰਚ ਵਿਧੀ ਦਾ ਇਸਤੇਮਾਲ ਕਰਨਾ ਠੀਕ ਨਹੀਂ ਹੈ। ਅਜਿਹੀ ਹਾਲਤ ਵਿੱਚ ਮਿਸ਼ਰਤ ਵਿਧੀ ਸਹਾਇਕ ਸਿੱਧ ਹੁੰਦੀ ਹੈ। ਭਾਰਤ ਵਿੱਚ 1948-49 ਵਿੱਚ ਰਾਸ਼ਟਰੀ ਆਮਦਨ ਕਮੇਟੀ ਨੇ ਮਿਸ਼ਰਤ ਵਿਧੀ ਦਾ ਹੀ ਪ੍ਰਯੋਗ ਕੀਤਾ ਕਿਉਂਕਿ ਉਤਪਾਦਨ ਜਾਂ ਆਮਦਨ ਵਿਧੀ ਇਕੱਲੇ ਇਕੱਲੇ ਠੀਕ ਸਿੱਟੇ ਨਾ ਦੇ ਸਕੀ।

## ਹਰ ਅਵਸਥਾ (Stage) ਤੇ ਮੁੱਲਾਂ ਦਾ ਜੋੜ ਜਾਂ ਅੰਤਿਮ ਵਸਤਾਂ ਦੇ ਮੁੱਲ ਦੀ ਵਿਧੀ

ਰਾਸ਼ਟਰੀ ਆਮਦਨ ਦਾ ਅੰਦਾਜ਼ਾ ਲਗਾਉਂਦੇ ਹੋਏ ਕਈ ਵਾਰ ਦੋਹਰੀ-ਗਿਣਤੀ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ। ਦੋਹਰੀ ਗਿਣਤੀ ਤੋਂ ਭਾਵ ਵਸਤੂ ਦੇ ਮੁੱਲ ਜਾਂ ਕਿਸੇ ਵਿਅਕਤੀ ਦੀ ਆਮਦਨ ਨੂੰ ਇੱਕ ਵਾਰ ਨਾਲੋਂ ਜ਼ਿਆਦਾ ਵਾਰ ਗਿਣ ਲੈਣ ਨਾਲ ਹੈ ਜਿਸ ਨਾਲ ਰਾਸ਼ਟਰੀ ਆਮਦਨ ਦਾ ਅੰਦਾਜ਼ਾ ਵਧ ਜਾਂਦਾ ਹੈ। ਇਸ ਮੁਸ਼ਕਿਲ ਤੋਂ ਬਚਣ ਲਈ ਅੰਤਿਮ ਵਸਤਾਂ ਜਾਂ ਸੇਵਾਵਾਂ ਦੇ ਮੁਦਰਿਕ ਮੁੱਲ ਨੂੰ ਹੀ ਰਾਸ਼ਟਰੀ ਆਮਦਨ ਵਿੱਚ

ਜੋੜਿਆ ਜਾਂਦਾ ਹੈ । ਅੰਤਮ ਪਦਾਰਥ ਉਹ ਪਦਾਰਥ ਹੁੰਦੇ ਹਨ ਜੋ ਅੰਤਿਮ ਉਪਭੋਗ ਲਈ ਵਰਤੇ ਜਾਂਦੇ ਹਨ । ਮਾਧਆਮਿਕ ਵਸਤਾਂ ਉਹ ਹੁੰਦੀਆਂ ਹਨ ਜੋ ਕਿ ਦੂਸਰੀ ਵਸਤੂ ਦੇ ਬਣਾਉਣ ਲਈ ਵਰਤੀਆਂ ਜਾਂਦੀਆਂ ਸਨ । ਭਾਵੇਂ ਕਈ ਵਾਰ ਇਹ ਫੈਸਲਾ ਮੁਸ਼ਕਿਲ ਹੋ ਜਾਂਦਾ ਹੈ ਕਿ ਕਿਹੜੇ ਪਦਾਰਥ ਮਾਧਿਆਮਿਕ ਪਦਾਰਥ ਹਨ ਅਤੇ ਕਿਹੜੇ ਅੰਤਿਮ ਪਦਾਰਥ ਹਨ । ਰਾਸ਼ਟਰੀ ਆਮਦਨ ਦੀ ਗਣਨਾ ਸਮੇਂ ਮਾਧਿਆਮਿਕ ਪਦਾਰਥਾਂ ਨੂੰ ਸ਼ਾਮਲ ਨਹੀਂ ਕਰਨਾ ਚਾਹੀਦਾ ਕਿਉਂਕਿ ਅਜਿਹਾ ਕਰਨ ਨਾਲ ਰਾਸ਼ਟਰੀ ਆਮਦਨ ਦਾ ਅੰਦਾਜ਼ਾ ਆਪਣੇ ਅੰਦਾਜ਼ੇ ਨਾਲੋਂ ਵੱਧ ਜਾਂਦਾ ਹੈ । ਅਜਿਹੀ ਸਮੱਸਿਆ ਦੇ ਹੇਠ ਲਿਖੇ ਦੋ ਸੰਭਵ ਤਰੀਕੇ ਹਨ :

1. ਆਰਥਿਕ ਕ੍ਰਿਆ ਦੀ ਹਰ ਅਵਸਥਾ (Stage) ਉੱਤੇ ਮੁੱਲਾਂ ਵਿੱਚ ਹੋਏ ਵਾਧੇ ਦਾ ਜੋੜ ਕਰ ਲੈਣਾ, ਜਾਂ
2. ਅੰਤਿਮ ਵਸਤਾਂ ਦੇ ਮੁੱਲਾਂ ਨੂੰ ਲੈਣਾ ।

### 1.2.7 ਰਾਸ਼ਟਰੀ ਆਮਦਨ ਦੀ ਗਣਨਾ 'ਚ ਆਉਂਦੀਆਂ ਕਠਿਨਾਈਆਂ

ਰਾਸ਼ਟਰੀ ਆਮਦਨ ਦੀ ਗਣਨਾ ਦਾ ਕੰਮ ਬਹੁਤ ਮੁਸ਼ਕਿਲ ਹੈ । ਰਾਸ਼ਟਰੀ ਆਮਦਨ ਦੀ ਗਣਨਾ ਦੇ ਰਾਹ ਵਿੱਚ ਬਹੁਤ ਸਾਰੀਆਂ ਸਿਧਾਂਤਿਕ ਅਤੇ ਵਿਵਹਾਰਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਕੁਜੇਨਟਸ (Kuznets) ਅਨੁਸਾਰ, ਇਹ ਔਕੜਾਂ ਹੇਠ ਲਿਖੀਆਂ ਹਨ :

**1. ਰਾਸ਼ਟਰ ਦੀ ਪਰਿਭਾਸ਼ਾਂ (Definition of Nation)**

ਸਭ ਤੋਂ ਪਹਿਲੀ ਮੁਸ਼ਕਿਲ ਕਿਸੇ ਰਾਸ਼ਟਰ ਦੀ ਪਰਿਭਾਸ਼ਾ, ਉਸ ਦੀਆਂ ਹੱਦਾਂ ਅਤੇ ਖੇਤਰ ਨੂੰ ਨਿਸ਼ਚਿਤ ਕਰਨ ਦੀ ਹੈ । ਸੰਕੁਚਿਤ ਰੂਪ ਵਿੱਚ ਰਾਸ਼ਟਰੀ ਆਮਦਨ ਤੋਂ ਭਾਵ, ਸਿਰਫ ਦੇਸ਼ ਦੀਆਂ ਭੌਤਿਕ ਹੱਦਾਂ ਵਿੱਚ ਰਹਿਣ ਵਾਲਿਆਂ ਦੀ ਆਮਦਨ ਦਾ ਜੋੜ ਹੀ ਮੰਨਿਆ ਜਾਣਾ ਚਾਹੀਦਾ ਹੈ । ਇਸ ਤਰ੍ਹਾਂ ਵਿਦੇਸ਼ਾਂ ਤੋਂ ਪ੍ਰਾਪਤ ਹੋਣ ਵਾਲੀ ਆਮਦਨ, ਨੂੰ ਇਸ ਵਿੱਚ ਸ਼ਾਮਲ ਕਰਨਾ ਉਚਿੱਤ ਨਹੀਂ ਹੋਵੇਗਾ ।

ਵਿਸਤ੍ਰਿਤ ਦ੍ਰਿਸ਼ਟੀਕੋਣ ਤੋਂ ਜੇਕਰ ਰਾਸ਼ਟਰ ਦਾ ਭਾਵ ਉਸ ਦੇਸ਼ ਦੇ ਸਭ ਨਾਗਰਿਕਾਂ ਤੋਂ ਹੈ ਜੋ ਦੇਸ਼ ਜਾਂ ਵਿਦੇਸ਼ਾਂ ਵਿੱਚ ਰਹਿੰਦੇ ਹਨ ਤਾਂ ਰਾਸ਼ਟਰੀ ਆਮਦਨ ਦੇ ਅੰਕੜਿਆਂ ਦਾ ਆਧਾਰ ਬਦਲ ਜਾਂਦਾ ਹੈ । ਇਸ ਤਰ੍ਹਾਂ ਰਾਸ਼ਟਰ ਦੀ ਠੀਕ ਪਰਿਭਾਸ਼ਾ ਦੇਣੀ ਇੱਕ ਮਹੱਤਵਪੂਰਨ ਔਕੜ ਹੈ ।

**2. ਵਿਧੀ ਦੀ ਚੋਣ (Choice of Method)**

ਰਾਸ਼ਟਰੀ ਆਮਦਨ ਦੀ ਗਣਨਾ ਵਿੱਚ ਦੂਜੀ ਮੁਸ਼ਕਿਲ ਇਹ ਹੈ ਕਿ ਇਸ ਨੂੰ ਮਾਪਣ ਲਈ ਕਿਹੜੀ ਵਿਧੀ ਦੀ ਵਰਤੋਂ ਕੀਤੀ ਜਾਵੇ । ਕਿਉਂਕਿ ਹਰ ਵਿਧੀ ਦੇ ਆਪਣੇ ਹੀ ਗੁਣ ਅਤੇ ਦੋਸ਼ ਹੁੰਦੇ ਹਨ । ਦੇਸ਼ ਦੇ ਹਰ ਖੇਤਰ ਲਈ, ਇੱਕ ਸਰਵਮਾਨੀ ਵਿਧੀ ਦੀ ਚੋਣ ਕਰਨਾ ਵੀ ਇੱਕ ਅਹਿਮ ਸਮੱਸਿਆ ਹੈ ।

**3. ਆਰਥਿਕ ਕ੍ਰਿਆ ਦੀ ਅਵਸਥਾ (Stage)**

ਇਹ ਵੀ ਇੱਕ ਭਾਰੀ ਸਮੱਸਿਆ ਹੈ ਕਿ ਆਰਥਿਕ ਕ੍ਰਿਆ ਦੀ ਕਿਹੜੀ ਸਟੇਜ ਤੇ ਆਮਦਨ ਦੇ ਅੰਕੜੇ ਲਏ ਜਾਣ । ਰਾਸ਼ਟਰੀ ਆਮਦਨ ਨੂੰ ਉਪਭੋਗ, ਖਰਚ ਆਦਿ ਕ੍ਰਿਆਵਾਂ ਦੇ ਆਧਾਰ ਤੇ ਮਾਪਿਆ ਜਾ ਸਕਦਾ ਹੈ । ਇਸ ਸਬੰਧ ਵਿੱਚ ਅਰਥ-ਸ਼ਾਸਤਰੀਆਂ ਦਾ ਕਹਿਣਾ ਹੈ ਕਿ ਸਟੇਜ ਦੇ ਬਾਰੇ ਵਿੱਚ ਨਿਰਣਾ ਰਾਸ਼ਟਰੀ ਆਮਦਨ ਦੀ ਗਣਨਾ ਦੇ ਉਦੇਸ਼ ਅਤੇ ਅੰਕੜਿਆਂ ਦੀ ਪ੍ਰਾਪਤੀ ਤੇ ਨਿਰਭਰ ਕਰਦਾ ਹੈ ।

**4. ਕਿਹੜੀਆਂ ਵਸਤਾਂ ਅਤੇ ਸੇਵਾਵਾਂ ਨੂੰ ਰਾਸ਼ਟਰੀ ਆਮਦਨ ਦੀ ਗਣਨਾ ਵਿੱਚ ਸ਼ਾਮਲ ਕੀਤਾ ਜਾਵੇ ?**

ਇਨ੍ਹਾਂ ਮੁਸ਼ਕਲਾਂ ਵਿੱਚੋਂ ਪਹਿਲੀਆਂ ਤਿੰਨ ਮੁਸ਼ਕਲਾਂ ਤਾਂ ਕਾਫੀ ਹੱਦ ਤੱਕ ਹੱਲ ਹੋ ਚੁੱਕੀਆਂ ਹਨ । ਰਾਸ਼ਟਰੀ-ਆਮਦਨ ਦੀ ਧਾਰਨਾ ਸਬੰਧੀ ਜਿਹੜੀ ਮੁਸ਼ਕਲ ਅਜੇ ਤੱਕ ਹੱਲ ਨਹੀਂ ਹੋ ਸਕੀ ਉਹ ਇਹੋ ਹੈ ਕਿ ਰਾਸ਼ਟਰੀ ਆਮਦਨ ਦੀ ਗਿਣਤੀ ਵਿੱਚ ਕਿਹੜੀਆਂ ਵਸਤਾਂ ਅਤੇ ਸੇਵਾਵਾਂ ਸ਼ਾਮਲ ਕੀਤੀਆਂ ਜਾਣ । ਆਮ ਤੌਰ ਤੇ ਉਹ ਵਸਤਾਂ ਅਤੇ ਸੇਵਾਵਾਂ ਜਿਨ੍ਹਾਂ ਦਾ ਮੁਦਰਿਕ ਮੁੱਲ ਹੁੰਦਾ ਹੈ ਉਨ੍ਹਾਂ ਨੂੰ ਰਾਸ਼ਟਰੀ ਆਮਦਨ ਵਿੱਚ ਸ਼ਾਮਲ ਕੀਤਾ ਜਾਂਦਾ ਹੈ । ਪਰੰਤੂ ਕਈ ਅਜਿਹੀਆਂ ਵਸਤਾਂ ਹੁੰਦੀਆਂ ਹਨ ਜਿਨ੍ਹਾਂ ਦੇ ਬਦਲੇ ਕੋਈ ਮੁਦਰਿਕ ਭੁਗਤਾਨ ਨਹੀਂ ਹੁੰਦਾ । ਅਜਿਹੀ ਸ਼੍ਰੇਣੀ ਵਿੱਚ ਅਸੀਂ ਪੀਗੂ ਦਾ ਪ੍ਰਸਿੱਧ ਵਿਰੋਧਾਭਾਸ (paradox) ਲੈਂਦੇ ਹਾਂ, ਜਿਸ ਤਰ੍ਹਾਂ ਕਿ ਕੁਝ ਸੇਵਾਵਾਂ ਪਿਆਰ ਅਤੇ ਦਯਾ ਵੱਜੋਂ ਹੀ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਦਾ

ਆਰਥਿਕ ਪੱਖ ਤਾਂ ਹੁੰਦਾ ਹੈ ਪਰੰਤੂ ਮੁਦਰਿਕ ਮੁੱਲ ਨਹੀਂ ਹੁੰਦਾ ।

5. ਉਪਰੋਕਤ ਅੰਕੜਿਆਂ ਦਾ ਪ੍ਰਾਪਤ ਨਾ ਹੋਣਾ, ਜਾਂ ਨਾ ਕਾਫੀ ਤੇ ਘੱਟ ਵਿਸ਼ਵਾਸਯੋਗ ਹੋਣਾ ਵੀ ਰਾਸ਼ਟਰੀ ਆਮਦਨ ਦੀ ਗਣਨਾ ਦੇ ਰਾਹ ਵਿੱਚ ਇੱਕ ਸਮੱਸਿਆ ਹੈ । ਅਵਿਕਸਿਤ ਦੇਸ਼ਾਂ ਵਿੱਚ ਇਸ ਮੁਸ਼ਕਿਲ ਦਾ ਗੰਭੀਰ ਰੂਪ ਹੁੰਦਾ ਹੈ ਕਿਉਂਕਿ ਇੱਥੇ ਸਬੰਧਿਤ ਅੰਕੜੇ ਠੀਕ ਅਤੇ ਅਸਲੀ ਹਾਲਤ ਵਿੱਚ ਨਹੀਂ ਮਿਲਦੇ । ਭਾਰਤ ਦੀ ਰਾਸ਼ਟਰੀ ਆਮਦਨ ਕਮੇਟੀ ਅਨੁਸਾਰ, ਖਾਸ ਕਰਕੇ ਭਾਰਤ ਵਿੱਚ ਖੇਤੀ ਅਤੇ ਛੋਟੇ ਉਦਯੋਗਾਂ ਨਾਲ ਸਬੰਧਿਤ ਅੰਕੜੇ ਬਹੁਤ ਅਵਿਸ਼ਵਾਸ ਯੋਗ ਅਤੇ ਅਧੂਰੇ ਹਨ ।

**6. ਵਸਤੂ ਵਿਨਿਯਮ ਦਾ ਹੋਣਾ** (Existence of Barter System)

ਵਸਤੂ ਵਟਾਂਦਰਾ ਪ੍ਰਣਾਲੀ ਦੇ ਅੰਤਰਗਤ ਵਸਤਾਂ ਦੇ ਬਦਲੇ ਵਸਤਾਂ ਦਾ ਲੈਣ ਦੇਣ ਹੁੰਦਾ ਹੈ । ਅਜਿਹੀ ਪ੍ਰਣਾਲੀ ਵਿਚ ਮੁਦਰਾ ਵਿਨਿਯਮ ਦਾ ਪੂਰਾ ਵਿਕਾਸ ਨਹੀਂ ਹੁੰਦਾ । ਅਜਿਹੀ ਹਾਲਤ ਵਿੱਚ ਇਹ ਅੰਦਾਜਾ ਲਾਉਣਾ ਅਸੰਭਵ ਹੈ ਕਿ ਇੱਕ ਨਿਸ਼ਚਿਤ ਸਮੇਂ ਵਿੱਚ ਵਸਤਾਂ ਅਤੇ ਸੇਵਾਵਾਂ ਦਾ ਕਿੰਨਾ ਕਿੰਨਾ ਉਤਪਾਦਨ ਹੋਇਆ ਹੈ । ਇਹ ਸਮੱਸਿਆ ਆਮ ਤੌਰ ਤੇ ਅਵਿਕਸਿਤ ਦੇਸ਼ਾਂ ਵਿਚ ਪਾਈ ਜਾਂਦੀ ਹੈ ।

**7. ਇੰਤਕਾਲੀ ਭੁਗਤਾਨ ਦੀ ਸਮੱਸਿਆ** (Problem of Transfer Payments)

ਰਾਸ਼ਟਰੀ ਆਮਦਨ ਦੀ ਗਣਨਾ ਸਮੇਂ ਇੰਤਕਾਲੀ ਭੁਗਤਾਨਾਂ (transfer payments) ਦੇ ਫਲਸਰੂਪ ਵੀ ਗਲਤੀ ਦੀ ਸੰਭਾਵਨਾ ਬਣੀ ਰਹਿੰਦੀ ਹੈ । ਅਜਿਹੇ ਭੁਗਤਾਨ ਕੁਝ ਵਿਅਕਤੀਆਂ, ਨੂੰ ਬਿਨਾਂ ਕਿਸੇ ਉਤਪਾਦਨ ਕਾਰਜ ਦੇ ਪ੍ਰਾਪਤ ਹੁੰਦੇ ਹਨ । ਇਸ ਸਮੱਸਿਆ ਦੇ ਹੱਲ ਲਈ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਵਿਅਕਤੀਆਂ ਦੇ ਗਰੁੱਪਾਂ ਦੀ, ਖਰਚ ਕਰਨ ਯੋਗ ਆਮਦਨ (disposable income) ਨੂੰ ਹੀ ਧਿਆਨ ਵਿੱਚ ਰੱਖਿਆ ਜਾਵੇ, ਅਰਥਾਤ, ਉਨ੍ਹਾਂ ਦੀ ਨਿੱਜੀ ਆਮਦਨ ਵਿਚੋਂ ਸਾਰੇ ਇੰਤਕਾਲੀ ਭੁਗਤਾਨ ਘਟਾ ਦਿੱਤੇ ਜਾਣ ।

8. ਸਰਕਾਰ ਦੁਆਰਾ ਕੀਤੇ ਗਏ ਭੁਗਤਾਨਾਂ ਕਾਰਣ ਵੀ ਰਾਸ਼ਟਰੀ ਆਮਦਨ ਦੀ ਗਣਨਾ ਦੇ ਰਾਹ ਵਿੱਚ ਕਠਿਨਾਈ ਆਉਂਦੀ ਹੈ । ਅਰਥ ਸ਼ਾਸਤਰੀਆਂ ਦੀ ਇਹ ਆਮ ਰਾਇ ਹੈ ਕਿ ਸਰਕਾਰ ਦੇ ਰਾਜ ਪ੍ਰਬੰਧਕ ਕੰਮਾਂ ਨੂੰ, ਜਿਵੇਂ ਕਿ ਨਿਆਇਕ, ਪ੍ਰਬੰਧਕ ਅਤੇ ਰੱਖਿਆ ਆਦਿ ਨਾਲ ਸਬੰਧਿਤ ਕੰਮਾਂ ਨੂੰ, ਇਸ ਤਰ੍ਹਾਂ ਸਮਝਿਆ ਜਾਵੇ ਜਿਵੇਂ ਕਿ ਉਹ ਸਮਾਜ ਨੂੰ ਪ੍ਰਾਪਤ ਹੋਈਆਂ ਅੰਤਿਮ ਸੇਵਾਵਾਂ ਵਿੱਚ ਵਾਧਾ ਕਰਦੇ ਹਨ ਅਤੇ ਸਰਕਾਰ ਦੀ ਇਨ੍ਹਾਂ ਸੇਵਾਵਾਂ ਦੇ ਰੂਪ ਵਿੱਚ ਦੇਣ, ਸਰਕਾਰ ਵੱਲੋਂ ਮਜ਼ਦੂਰੀਆਂ ਅਤੇ ਤਨਖਾਹਾਂ ਦੇ ਭੁਗਤਾਨ ਦੇ ਬਰਾਬਰ ਹੋਵੇਗੀ ਅਤੇ ਦੇਸ਼ ਦੁਆਰਾ ਪੂੰਜੀ ਦੀ ਬਣਤਰ ਨੂੰ ਕਿਸੇ ਹੋਰ ਉਦਮ ਦੁਆਰਾ ਕੀਤੀ ਪੂੰਜੀ ਦੀ ਬਣਤਰ ਮੰਨਿਆ ਜਾਂਦਾ ਹੈ ।

**9. ਅਧੂਰੀ ਵਿਵਸਾਇਕ ਵਿਸ਼ਸ਼ਟੀਕਰਨ** (Incomplete Occupational Specialization) ਕਾਰਣ ਵੀ ਉਦਯੋਗਿਕ ਮੁੱਢ, ਜਾਂ ਵੰਡ ਸ਼ੇਅਰਾਂ ਅਨੁਸਾਰ ਰਾਸ਼ਟਰੀ ਆਮਦਨ ਦੀ ਗਣਨਾ ਦਾ ਕੰਮ ਔਖਾ ਹੋ ਜਾਂਦਾ ਹੈ ਕਿਉਂਕਿ ਆਰਥਿਕ ਕ੍ਰਿਆਵਾਂ ਨੂੰ ਵੱਖਰਾ-ਵੱਖਰਾ ਕਰਨ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ । ਅਵਿਕਸਿਤ ਦੇਸ਼ਾਂ ਵਿੱਚ ਕਈ ਲੋਕ ਇੱਕ ਤੋਂ ਵੱਧ ਕੰਮਾਂ ਵਿੱਚ ਲੱਗੇ ਹੋਏ ਹੁੰਦੇ ਹਨ । ਮਿਸਾਲ ਵਜੋਂ ਭਾਰਤੀ ਖੇਤੀ ਵਿੱਚ ਲੱਗੇ ਲੋਕ ਉਦਯੋਗਾਂ ਵਿੱਚ ਵੀ ਕੰਮ ਕਰਦੇ ਹਨ । ਇਸ ਤਰ੍ਹਾਂ ਅਜਿਹੇ ਮਜ਼ਦੂਰਾਂ ਨੂੰ ਕਿਸੇ ਖਾਸ ਧੰਦੇ ਸਬੰਧੀ ਵਿਸ਼ਿਸ਼ਟੀਕਰਨ ਅਨੁਸਾਰ ਰੱਖਣਾ ਮੁਸ਼ਕਲ ਹੋ ਜਾਂਦਾ ਹੈ ।

**10. ਕਿਸੇ ਦੇਸ਼ ਵਿੱਚ ਵਿਦੇਸ਼ੀ ਫਰਮਾਂ** (Foreign Firms) ਕਾਰਣ ਪ੍ਰਾਪਤ ਹੋਣ ਵਾਲੀ ਆਮਦਨ ਵੀ ਇੱਕ ਸਮੱਸਿਆ ਪੈਦਾ ਕਰਦੀ ਹੈ । ਇਹ ਵੇਖਣ ਦੀ ਲੋੜ ਹੈ ਕਿ ਇਨ੍ਹਾਂ ਫਰਮਾਂ ਦੀ ਆਮਦਨ, ਉਸ ਦੇਸ਼ ਦੀ ਰਾਸ਼ਟਰੀ ਆਮਦਨ ਦਾ ਹਿੱਸਾ ਹੈ ਜਿਸ ਵਿੱਚ ਇਹ ਚੱਲ ਰਹੀਆਂ ਹਨ ਜਾਂ ਜਿਸ ਦੇਸ਼ ਦੀਆਂ ਇਹ ਫਰਮਾਂ ਹਨ? ਇਸ ਸਬੰਧ ਵਿੱਚ ਅੰਤਰ ਰਾਸ਼ਟਰੀ ਮੁਦਰਾ ਫੰਡ (I.M.F.) ਦੇ ਫਤਵੇ (verdict) ਨੂੰ ਸਭ ਨੇ ਸਵੀਕਾਰ ਕੀਤਾ ਹੈ ਕਿ ਇਸ ਤਰ੍ਹਾਂ ਦੀ ਆਮਦਨ ਉਸ ਦੇਸ਼ ਦੀ ਰਾਸ਼ਟਰੀ ਆਮਦਨ ਕਹਾਏਗੀ ਜਿਥੇ ਉਹ ਫਰਮ ਕੰਮ ਕਰ ਰਹੀ ਹੈ, ਪਰੰਤੂ, ਵਿਦੇਸ਼ੀ ਫਰਮਾਂ ਦੁਆਰਾ ਕਮਾਏ ਗਏ ਲਾਭ ਵਿਦੇਸ਼ੀਆਂ ਦੀ ਆਮਦਨ ਹੋਣਗੇ ।

**11. ਅੰਤਿਮ ਅਤੇ ਮਾਧਿਆਮਿਕ ਵਸਤਾਂ ਵਿੱਚ ਫ਼ਰਕ ਦੀ ਸਮੱਸਿਆ (Difference between Final and Intermediate Goods) :** ਰਾਸ਼ਟਰੀ ਆਮਦਨ ਦੀ ਗਣਨਾ ਕਰਦੇ ਹੋਏ ਕਈ ਵੇਰ ਇਹ ਫੈਸਲਾ ਕਰਨਾ ਵੀ ਔਖਾ ਹੋ ਜਾਂਦਾ ਹੈ ਕਿ ਕਿਹੜੇ ਪਦਾਰਥ ਅੰਤਿਮ ਅਤੇ ਕਿਹੜੇ ਮਾਧਿਆਮਿਕ ਹਨ। ਇਸਪਾਤ, ਸੀਮੈਂਟ, ਸੰਦ ਆਦਿ ਪਦਾਰਥ ਇੱਕ ਥਾਂ ਤੇ ਅੰਤਿਮ ਪਦਾਰਥ ਮੰਨੇ ਜਾਂਦੇ ਹਨ ਜਦ ਕਿ ਦੂਜੀ ਥਾਂ ਤੇ ਉਹੀ ਪਦਾਰਥ ਮਾਧਿਆਮਿਕ ਸਾਬਤ ਹੋ ਜਾਂਦੇ ਹਨ. ਅਤੇ ਇਸ ਤਰ੍ਹਾਂ ਦੋਹਰੀ ਗਿਣਤੀ ਦੀ ਸੰਭਾਵਨਾ ਦੀ ਸਮੱਸਿਆ ਬਣੀ ਰਹਿੰਦੀ ਹੈ।

**12. ਲੋਕਾਂ ਦੀ ਅਗਿਆਨਤਾ ਜਾਂ ਸਮਾਜਿਕ-ਆਰਥਿਕ ਪਛੜਿਆਪਨ** (Socio Economic Backwardness) ਵੀ ਰਾਸ਼ਟਰੀ ਆਮਦਨ ਦੀ ਸਹੀ ਗਣਨਾ ਦੇ ਰਸਤੇ ਵਿੱਚ ਰੁਕਾਵਟ ਦੇ ਤੌਰ ਤੇ ਪੇਸ਼ ਆਉਂਦਾ ਹੈ। ਅਗਿਆਨੀ, ਪਛੜੇ ਹੋਏ ਅਤੇ ਸ਼ੱਕੀ ਸੁਭਾ ਦੇ ਹੋਣ ਕਾਰਣ ਉਤਪਾਦਕ, ਉਤਪਾਦਨ ਦਾ ਸਹੀ ਬਿਉਰਾ ਨਹੀਂ ਦੇ ਸਕਦੇ, ਨਾ ਹੀ ਉਹ ਲੇਖਾ ਜੋਖਾ ਰੱਖਣ ਦੇ ਆਦੀ ਹੁੰਦੇ ਹਨ। ਇਹ ਮੁਸ਼ਕਲ ਅਵਿਕਸਿਤ ਦੇਸ਼ਾਂ ਵਿੱਚ ਹੋਰ ਵੀ ਘਣੀ ਹੁੰਦੀ ਹੈ। ਇਸ ਤਰ੍ਹਾਂ ਉਤਪਾਦਨ ਦੀ ਮਾਤਰਾ ਦੇ ਭਰੋਸੇਯੋਗ ਅੰਦਾਜ਼ੇ ਪ੍ਰਾਪਤ ਨਹੀਂ ਹੁੰਦੇ।

13. **ਵਸਤਾਂ ਦੀਆਂ ਕੀਮਤਾਂ ਵਿੱਚ ਨਿਰੰਤਰ ਪਰਿਵਰਤਨ (Continuous Fluctuation in Prices of Goods)**

ਵਸਤਾਂ ਦੀਆਂ ਕੀਮਤਾਂ ਵਿੱਚ ਨਿਰੰਤਰ ਪਰਿਵਰਤਨ ਵੀ ਰਾਸ਼ਟਰੀ ਆਮਦਨ ਦੇ ਰਾਹ ਵਿੱਚ ਰੁਕਾਵਟ ਦਾ ਕਾਰਣ ਬਣਦਾ ਹੈ। ਇਸ ਤਰ੍ਹਾਂ ਇਹ ਸਮੱਸਿਆ ਖੜ੍ਹੀ ਹੋ ਜਾਂਦੀ ਹੈ ਕਿ ਕਿਹੜੀਆਂ ਕੀਮਤਾਂ ਦੇ ਆਧਾਰ ਤੇ, ਵਸਤਾਂ ਦਾ ਮੁੱਲ ਕੱਢਿਆ ਜਾਵੇ।

## 1.2.8 ਰਾਸ਼ਟਰੀ ਆਮਦਨ ਦੇ ਵਿਸ਼ਲੇਸ਼ਣ ਵਿੱਚ ਕੇਨਜ਼ ਦੇ ਯੋਗਦਾਨ ਦਾ ਮਹੱਤਵ :

ਇਸ ਸਬੰਧ ਵਿੱਚ **ਪ੍ਰੋ. ਕੁਰੀਹਾਰਾ** ਦੇ ਵਿਚਾਰ ਢੁੱਕਵੇਂ ਹਨ ਕਿ ਕੇਨਜ਼ ਤੋਂ ਸਾਨੂੰ ਰਾਸ਼ਟਰੀ ਆਮਦਨ ਦਾ ਵਿਗਿਆਨਕ ਵਿਸ਼ਲੇਸ਼ਣ (scientific analysis) ਪ੍ਰਾਪਤ ਹੋਇਆ ਹੈ। ਆਮਦਨ ਦੇ ਪ੍ਰਸਾਰ, ਨਿਰਮਾਣ, ਰਾਸ਼ਟਰੀ ਆਮਦਨ ਦਾ ਸੁਭਾਅ ਅਤੇ ਰਾਸ਼ਟਰੀ ਆਮਦਨ ਅਤੇ ਰੁਜ਼ਗਾਰ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਦੀ ਜਾਣਕਾਰੀ ਸਾਨੂੰ ਕੇਨਜ਼ ਦੇ ਵਿਸ਼ਲੇਸ਼ਣ ਤੋਂ ਹੀ ਪ੍ਰਾਪਤ ਹੁੰਦੀ ਹੈ ਕਿਉਂਕਿ :

1. ਕੇਨਜ਼ ਨੇ ਆਪਣੇ ਸਿਧਾਂਤ ਵਿੱਚ ਆਮਦਨ ਤੇ ਖਰਚ ਸਬੰਧੀ ਸਕ੍ਰਿਆ (dynamic) ਵਿਸ਼ਲੇਸ਼ਣ ਕੀਤਾ ਹੈ ਜੋ ਕਿ ਉਸ ਦੇ ਬੁਨਿਆਦੀ ਸਮੀਕਰਣ $Y = C + 1$ ਤੋਂ ਸਾਫ ਨਜਰ ਆਉਂਦਾ ਹੈ।
2. ਕੇਨਜ਼ ਦੇ ਆਮਦਨ ਵਿਸ਼ਲੇਸ਼ਣ ਦੀ ਮਦਦ ਨਾਲ ਕੁੱਲ ਉਪਭੋਗ, ਕੁੱਲ ਬੱਚਤ, ਕੁੱਲ ਨਿਵੇਸ਼, ਕੁੱਲ ਆਮਦਨ ਅਤੇ ਕੁੱਲ ਰੁਜ਼ਗਾਰ ਦੇ 'ਮਾਤਰਾਤਮਕ ਸਬੰਧ' (Quantitative Relations) ਦਾ ਨਿਰਧਾਰਣ ਕਰਨਾ ਸੌਖਾ ਹੋ ਗਿਆ ਹੈ।
3. ਆਮਦਨ ਦੇ ਨਿਰਧਾਰਣ ਦੀ ਪ੍ਰਕ੍ਰਿਆ ਅਤੇ ਤੱਤਾਂ ਨੂੰ ਸਮਝਣ ਲਈ ਵੀ ਕੇਨਜ਼ ਦਾ ਵਿਸ਼ਲੇਸ਼ਣ, ਅਹਿਮ ਮਹੱਤਵ ਰੱਖਦਾ ਹੈ।
4. ਕੇਨਜ਼ ਦਾ ਆਮਦਨ ਦਾ ਵਿਸ਼ਲੇਸ਼ਣ ਇਹ ਦੱਸਦਾ ਹੈ ਕਿ ਆਮਦਨ ਦੇ ਨਿਰਵਿਘਨ (smooth) ਪ੍ਰਵਾਹ ਲਈ ਮੁਦਰਾ ਦਾ ਚੱਕਰੀ ਪ੍ਰਵਾਹ ਅਰਥਾਤ ਬੱਚਤ ਅਤੇ ਨਿਵੇਸ਼ ਦੀ ਬਰਾਬਰੀ ਦਾ ਬਣਾਈ ਰੱਖਣਾ ਜ਼ਰੂਰੀ ਹੈ।
5. ਖਾਸ ਕਰਕੇ ਕੇਨਜ਼ ਦੀ ਉਪਭੋਗ ਫਲਨ ਦੀ ਖੋਜ ਨੇ ਅੰਕੜਾ ਵਿਗਿਆਨੀਆਂ ਨੂੰ ਇੱਕ ਆਦਰਸ਼ ਧਾਰਨਾ ਦਿੱਤੀ ਹੈ ਜਿਸ ਨਾਲ ਨਾ ਸਿਰਫ ਰਾਸ਼ਟਰੀ ਆਮਦਨ ਨਾਲ ਸਬੰਧਿਤ ਮਾਡਲ ਬਣਾਏ ਜਾ ਸਕਦੇ ਹਨ ਸਗੋਂ ਭਵਿੱਖ ਬਾਣੀ ਵੀ ਸੰਭਵ ਹੋਈ ਹੈ।

6. ਕੇਨਜ਼ ਦੀ ਆਮਦਨ ਖਰਚ ਦੀ ਵਿਧੀ ਉਨ੍ਹਾਂ ਸਾਰੀਆਂ ਆਰਥਿਕ ਨੀਤੀਆਂ ਲਈ ਆਧਾਰ ਦਾ ਕੰਮ ਕਰਦੀ ਹੈ ਜੋ ਅਜੋਕੀਆਂ ਸਰਕਾਰਾਂ ਵੱਲੋਂ ਮੁਦਰਾ ਸਫੀਤੀ ਆਦਿ ਦੇ ਖਿਲਾਫ਼ ਅਪਣਾਈਆਂ ਜਾਂਦੀਆਂ ਹਨ। ਰਾਸ਼ਟਰੀ ਆਮਦਨ ਦੇ ਅੰਕੜਿਆਂ ਤੇ ਆਧਾਰਿਤ ਮੁਦਰਕ ਅਤੇ ਰਾਜਕੋਸ਼ੀ ਨੀਤੀਆਂ ਬਣਾਈਆਂ ਜਾਂਦੀਆਂ ਹਨ ਜੋ ਸਫੀਤੀਜਨਕ ਅਤੇ ਅਸਫੀਤੀਜਨਕ ਖੱਪਿਆਂ ਨੂੰ ਪੂਰਦੀਆਂ ਹਨ।
7. ਕੇਨਜ਼ ਦਾ ਰਾਸ਼ਟਰੀ ਆਮਦਨ ਦਾ ਅਧਿਐਨ ਸਾਡਾ ਧਿਆਨ ਆਮਦਨ ਵੰਡ ਦੀ ਸਮੱਸਿਆ ਵੱਲ ਖਿੱਚਦਾ ਹੈ, ਜਿਸ ਵੱਲ 1936 ਤੋਂ ਪਹਿਲਾਂ ਕੋਈ ਤਵੱਜੋ ਨਹੀਂ ਸੀ ਦਿੱਤੀ ਜਾਂਦੀ। ਉਸ ਨੇ ਉਤਪਾਦਨ, ਆਮਦਨ ਦੇ ਅਣਉਚਿਤ ਆਕਾਰ ਅਤੇ ਉਸ ਦੀ ਕਾਣੀ ਵੰਡ ਵਿੱਚ ਨੇੜੇ ਦਾ ਸੰਪਰਕ ਸਥਾਪਿਤ ਕੀਤਾ ਜੋ ਕਿ ਰਾਬਰਟਸਨ ਅਨੁਸਾਰ ਸਾਡੇ ਸਮਾਜ ਦੀਆਂ ਦੋ ਭਿਆਨਕ ਬੁਰਾਈਆਂ ਹਨ।
8. ਕੇਨਜ਼ ਨੇ ਹੀ ਰਾਸ਼ਟਰੀ ਆਮਦਨ ਦੀ ਧਾਰਨਾ ਦੁਆਰਾ ਸਪਸ਼ਟ ਕੀਤਾ ਹੈ ਕਿ ਰਾਸ਼ਟਰੀ ਆਮਦਨ ਦਾ ਸਿਧਾਂਤਕ ਹੀ ਨਹੀਂ ਸਗੋਂ ਵਿਵਹਾਰਿਕ ਮਹੱਤਵ ਵੀ ਹੈ। ਹਰ ਦੇਸ਼ ਵਿੱਚ ਬੱਜਟ, ਯੁੱਧ ਅਤੇ ਯੋਜਨਾ ਸਬੰਧੀ ਨੀਤੀਆਂ ਰਾਸ਼ਟਰੀ ਆਮਦਨ ਦੇ ਅੰਕੜਿਆਂ ਦੇ ਆਧਾਰ ਤੇ ਹੀ ਬਣਾਈਆਂ ਜਾਂਦੀਆਂ ਹਨ।

ਇਸ ਤਰ੍ਹਾਂ ਅਜੋਕੇ ਅਰਥ-ਸ਼ਾਸਤਰੀ, ਲਾਰਡ ਕੇਨਜ਼ ਦੀ ਰਾਸ਼ਟਰੀ ਆਮਦਨ ਦੀ ਵਿਆਖਿਆ ਨੂੰ ਦੇਣ ਕਾਰਣ ਧੰਨਵਾਦੀ ਹਨ ਜਿਸ ਕਾਰਣ ਅਜਿਹੇ ਅਧਿਐਨ ਦੀ ਉਪਯੋਗਤਾ ਵਿੱਚ ਵਾਧਾ ਹੋਇਆ ਹੈ ਕਿਉਂਕਿ ਇਹ ਅਧਿਐਨ ਵਰਤਮਾਨ ਰੁਜ਼ਗਾਰ ਦੇ ਸਿਧਾਂਤ ਦਾ ਆਧਾਰ ਹੈ।

**1.2.9 ਰਾਸ਼ਟਰੀ ਆਮਦਨ ਦਾ ਮਹੱਤਵ** (Importance of National Income)

ਕਿਸੇ ਦੇਸ਼ ਦੀ ਰਾਸ਼ਟਰੀ ਆਮਦਨ ਦੀ ਗਣਨਾ, ਉਸ ਦੇਸ਼ ਦੀਆਂ ਆਰਥਿਕ ਗਤੀਵਿਧੀਆਂ ਦੀ ਸੂਚਨਾ ਦਿੰਦੀ ਹੈ ਅਤੇ ਇਸ ਦੇ ਅਧਿਐਨ ਦੀ ਉਪਯੋਗਤਾ ਹੇਠ ਲਿਖੀਆਂ ਗੱਲਾਂ ਤੋਂ ਸਾਫ ਨਜ਼ਰ ਆਉਂਦੀ ਹੈ :-

**1. ਅਰਥ ਵਿਵਸਥਾ ਦਾ ਢਾਂਚਾ** (Structure of an Economy)

ਰਾਸ਼ਟਰੀ ਆਮਦਨ ਦੇ ਅੰਦਾਜਿਆਂ ਨਾਲ ਸਾਨੂੰ ਕਿਸੇ ਅਰਥ ਵਿਵਸਥਾ ਦੇ ਢਾਂਚੇ ਦੀ ਸਹੀ ਅਤੇ ਸਾਫ ਤਸਵੀਰ ਦਾ ਪਤਾ ਚਲਦਾ ਹੈ ਕਿ ਆਮਦਨ ਕਿਵੇਂ ਖਰਚੀ ਜਾਂਦੀ ਹੈ। ਟੈਕਸਾਂ ਦੇ ਰੂਪ ਵਿੱਚ ਖਰਚੀ ਜਾਂਦੀ ਹੈ ਜਾਂ ਵਿਅਕਤੀਆਂ ਵੱਲੋਂ ਬੱਚਤ ਕੀਤੀ ਜਾਂਦੀ ਹੈ ਆਦਿ। ਇਸ ਤੋਂ ਇਹ ਪਤਾ ਵੀ ਚਲਦਾ ਹੈ ਕਿ ਆਮਦਨ ਦੀ ਇਲਾਕਾਈ ਵੰਡ, ਉਦਯੋਗਿਕ ਆਧਾਰ ਜਾਂ ਕਾਰਜਾਤਮਕ ਸੇਵਾਵਾਂ ਅਤੇ ਵੱਖ-ਵੱਖ ਵਿਅਕਤੀਆਂ ਅਨੁਸਾਰ ਕਿਵੇਂ ਹੈ।

**2. ਵੱਖ-ਵੱਖ ਆਰਥਿਕ ਨੀਤੀਆਂ ਬਣਾਉਣ ਲਈ ਅਮੁੱਲ ਮਾਰਗ-ਦਰਸ਼ਕ** (Valuable Guide to Economic Policy)

ਰਾਸ਼ਟਰੀ ਆਮਦਨ ਦੇ ਅੰਕੜੇ ਆਰਥਿਕ ਨੀਤੀਆਂ ਬਣਾਉਣ ਲਈ ਇੱਕ ਮਾਰਗ-ਦਰਸ਼ਕ ਹਨ। ਰਾਸ਼ਟਰੀ ਆਮਦਨ ਦੇ ਅੰਕੜਿਆਂ ਤੋਂ ਹੀ ਸਰਕਾਰ ਨੂੰ ਇਹ ਪਤਾ ਚਲਦਾ ਹੈ ਕਿ ਅਰਥ ਵਿਵਸਥਾ ਜਾਂ ਇਸ ਦੇ ਭਿੰਨ-ਭਿੰਨ ਖੇਤਰਾਂ ਨੂੰ ਕਿਵੇਂ ਉਤੇਜਕ (stimulate) ਜਾਂ ਨਿਯਮਤ (regulate) ਕਰਨ ਦੀ ਲੋੜ ਹੈ।

**3. ਆਰਥਿਕ ਕਲਿਆਣ ਦਾ ਪੱਧਰ** (Level of Economic Welfare)

ਪ੍ਰਤੀ ਵਿਅਕਤੀ ਆਮਦਨ ਅਤੇ ਰਾਸ਼ਟਰੀ ਆਮਦਨ ਦੇ ਅੰਕੜਿਆਂ ਨਾਲ, ਲੋਕਾਂ ਦੇ ਔਸਤ ਜੀਵਨ ਪੱਧਰ ਦੇ ਬਾਰੇ ਪਤਾ ਲਗਾਇਆ ਜਾ ਸਕਦਾ ਹੈ। ਔਸਤ ਜੀਵਨ ਪੱਧਰ ਦੇ ਬਾਰੇ ਜਾਣਕਾਰੀ, ਲੋਕਾਂ ਦੀ ਆਰਥਿਕ ਕਲਿਆਣ ਦੀ ਸਥਿਤੀ ਨੂੰ ਸੂਚਿਤ ਕਰਦੀ ਹੈ। ਰਾਸ਼ਟਰੀ ਆਮਦਨ ਦੇ ਅੰਕੜਿਆਂ ਤੋਂ ਹੀ ਸਪਸ਼ਟ ਹੁੰਦਾ ਹੈ ਕਿ ਸਮੇਂ ਦੇ ਨਾਲ ਨਾਲ ਲੋਕਾਂ ਦਾ ਆਰਥਿਕ ਪੱਧਰ ਉੱਚਾ ਉੱਠ ਰਿਹਾ ਹੈ ਜਾਂ ਨੀਵਾਂ ਹੋ ਰਿਹਾ ਹੈ।

**4. ਯੋਜਨਾ ਬਣਾਉਣ ਵਿੱਚ ਮਹੱਤਵ** (Significance in Economic Planning)

ਰਾਸ਼ਟਰੀ ਆਮਦਨ ਦੇ ਅੰਕੜੇ, ਥੋੜ੍ਹੇ ਸਮੇਂ ਅਤੇ ਲੰਮੇ ਸਮੇਂ ਦੀਆਂ ਆਰਥਿਕ ਯੋਜਨਾਵਾਂ ਦੇ ਬਣਾਉਣ ਵਿੱਚ ਮਦਦ ਕਰਦੇ ਹਨ । ਆਰਥਿਕ ਯੋਜਨਾ ਦੀ ਸਫਲਤਾ ਦਾ ਮੁੱਲ-ਅੰਕਣ, ਰਾਸ਼ਟਰੀ ਆਮਦਨ ਦੇ ਅੰਕੜਿਆਂ ਵਿੱਚ ਹੋਈਆਂ ਤਬਦੀਲੀਆਂ ਤੋਂ ਹੀ ਕੀਤਾ ਜਾ ਸਕਦਾ ਹੈ ।

**5. ਬੱਜਟ ਬਣਾਉਣ ਵਿੱਚ ਸਹਾਇਕ** (Helpful in Preparing Anti-Cyclical Budgetry Policies)

ਕਿਉਂਕਿ ਰਾਸ਼ਟਰੀ ਆਮਦਨ ਦੇ ਅੰਕੜਿਆਂ ਤੋਂ ਹੀ ਸਰਕਾਰ ਵਲੋਂ ਟੈਕਸ ਅਤੇ ਰਿਣ ਦੇਣ ਦੀ ਸਮਰੱਥਾ ਦਾ ਪਤਾ ਲਗਾਇਆ ਜਾ ਸਕਦਾ ਹੈ, ਇਸ ਲਈ ਰਾਸ਼ਟਰੀ ਆਮਦਨ ਦੇ ਅੰਕੜਿਆਂ ਦੇ ਬਾਰੇ ਅਨੁਮਾਨ ਬੱਜਟ ਬਣਾਉਣ ਵਿੱਚ ਸਹਾਇਕ ਸਿੱਧ ਹੁੰਦੇ ਹਨ । ਇੱਥੋਂ ਤਕ ਕਿ ਟੈਕਸ ਅਤੇ ਰਿਣ ਸਬੰਧੀ ਨੀਤੀਆਂ ਵੀ ਇਵੇਂ ਬਣਾਈਆਂ ਜਾਂਦੀਆਂ ਹਨ ਤਾਂ ਕਿ ਰਾਸ਼ਟਰੀ ਆਮਦਨ ਵਿੱਚ ਭਾਰੀ ਉਤਾਰ ਚੜ੍ਹਾਅ ਨਾ ਆਉਣ ।

**6. ਠੀਕ ਠਾਕ ਘਿਸਾਈ ਦਾ ਇੰਤਜ਼ਾਮ** (Provision for Reasonable Depreciation)

ਦੇਸ਼ ਦੇ ਪੂੰਜੀ ਪਦਾਰਥਾਂ ਦੇ ਸਟਾਕ ਦੇ ਪੱਧਰ ਨੂੰ ਬਣਾਈ ਰੱਖਣ ਲਈ ਪੂੰਜੀ ਪਦਾਰਥਾਂ ਦੀ ਘਿਸਾਈ ਅਤੇ ਟੁੱਟ ਭੱਜ ਲਈ ਇੰਤਜ਼ਾਮ ਰੱਖਣਾ ਵੀ ਬਹੁਤ ਜ਼ਰੂਰੀ ਹੈ । ਇਸ ਭੰਡਾਰ (provision) ਦੀ ਮਾਤਰਾ ਕਿੰਨੀ ਹੋਣੀ ਚਾਹੀਦੀ ਹੈ ਤਾਂ ਕਿ ਦੇਸ਼ ਦੇ ਉਪਭੋਗ ਜਾਂ ਰੁਜ਼ਗਾਰ ਤੇ ਉਲਟਾ ਅਸਰ ਨਾ ਪਵੇ, ਲਈ ਵੀ ਸਾਨੂੰ ਰਾਸ਼ਟਰੀ ਆਮਦਨ ਦੇ ਅੰਕੜਿਆਂ ਦਾ ਗਿਆਨ ਹੋਣਾ ਜ਼ਰੂਰੀ ਹੈ ।

**7. ਮੁਦਰਾ ਸਫੀਤੀ ਅਤੇ ਅਸਫੀਤੀ ਦੇ ਖੱਪਿਆਂ ਬਾਰੇ ਜਾਣਕਾਰੀ** (Knowledge of Inflationary and Deflationary Gaps)

ਸਰਕਾਰ ਦੁਆਰਾ ਸਫੀਤੀ ਜਾਂ ਅਸਫੀਤੀ ਵਿਰੁੱਧ ਸਮੇਂ ਸਿਰ ਉਪਾਅ ਕਰਨ ਲਈ ਜਾਂ ਇਨ੍ਹਾਂ ਖੱਪਿਆਂ ਨੂੰ ਪੂਰਨ ਲਈ ਰਾਸ਼ਟਰੀ ਆਮਦਨ, ਅਰਥਾਤ ਦੇਸ਼ ਦੀ ਖਰੀਦ ਸ਼ਕਤੀ ਦੀ ਬਕਾਇਦਾ (regular) ਜਾਣਕਾਰੀ ਹੋਣਾ ਵੀ ਬਹੁਤ ਜ਼ਰੂਰੀ ਹੈ ।

**8. ਸਰਕਾਰੀ ਅਨੁਦਾਨ ਨਿਰਧਾਰਤ ਕਰਨ ਲਈ ਮਹੱਤਵ**

ਇਕ ਸੰਘੀ (Federal) ਦੇਸ਼ ਵਿਚ, ਕੇਂਦਰ ਵਲੋਂ ਭਿੰਨ-ਭਿੰਨ ਰਾਜ ਸਰਕਾਰਾਂ ਨੂੰ, ਕਿੰਨਾ-ਕਿੰਨਾ ਅਨੁਦਾਨ (grants) ਦਿੱਤਾ ਜਾਣਾ ਚਾਹੀਦਾ ਹੈ, ਲਈ ਵੀ ਭਿੰਨ-ਭਿੰਨ ਰਾਜਾਂ ਦੀ ਰਾਸ਼ਟਰੀ ਆਮਦਨ ਦਾ ਅੰਦਾਜ਼ਾ ਹੋਣਾ ਜ਼ਰੂਰੀ ਹੈ ।

**9. ਅੰਤਰ-ਰਾਸ਼ਟਰੀ ਤੁਲਨਾਵਾਂ** (International Comparisons)

ਵੱਖ-ਵੱਖ ਦੇਸ਼ਾਂ ਦੀ ਰਾਸ਼ਟਰੀ ਆਮਦਨ ਦੇ ਆਧਾਰ ਤੇ ਹੀ ਪ੍ਰਤੀ ਵਿਅਕਤੀ ਆਮਦਨ ਦਾ ਅੰਦਾਜ਼ਾ ਲਗਾ ਕੇ ਵੱਖ-ਵੱਖ ਦੇਸ਼ਾਂ ਦੇ ਲੋਕਾਂ ਦੇ ਆਰਥਿਕ ਕਲਿਆਣ ਪੱਧਰ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ ਅਤੇ ਲੋੜ ਅਨੁਸਾਰ ਆਰਥਿਕ ਯੋਜਨਾ ਜਾਂ ਨੀਤੀ ਬਣਾਈ ਜਾ ਸਕਦੀ ਹੈ ।

ਅਜੋਕੇ ਸਮੇਂ ਵਿੱਚ ਹਰੇਕ ਦੇਸ਼ ਲਈ ਸਾਰੀਆਂ ਅੰਤਰ ਰਾਸ਼ਟਰੀ ਸੰਸਥਾਵਾਂ ਜਿਵੇਂ ਕਿ U.N.O., I.M.F. ਅਤੇ I.B.R.D. ਆਦਿ ਦਾ ਮੈਂਬਰ ਬਣਨਾ ਵੀ ਜ਼ਰੂਰੀ ਹੈ । ਵੱਖ-ਵੱਖ ਦੇਸ਼ਾਂ ਦਾ ਇਨ੍ਹਾਂ ਸੰਸਥਾਵਾਂ ਲਈ ਚੰਦਾ ਨਿਰਧਾਰਿਤ ਕਰਨ ਲਈ ਵੀ ਵੱਖ-ਵੱਖ ਦੇਸ਼ਾਂ ਦੀ ਰਾਸ਼ਟਰੀ ਆਮਦਨ ਦਾ ਗਿਆਨ ਹੋਣਾ ਜ਼ਰੂਰੀ ਹੈ ।

10. ਮਿਸ਼ਰਤ ਅਰਥ ਵਿਵਸਥਾਵਾਂ ਵਿੱਚ, ਰਾਸ਼ਟਰੀ ਆਮਦਨ ਦੇ ਅੰਕੜਿਆਂ ਤੋਂ ਸਰਕਾਰੀ ਤੇ ਨਿੱਜੀ ਸੈਕਟਰਾਂ ਦੀ ਅਦਾਕਾਰੀ ਦਾ ਵੀ ਪਤਾ ਲਗਾਇਆ ਜਾ ਸਕਦਾ ਹੈ ।

**11. ਸੁਰੱਖਿਆ ਲਈ ਸਾਧਨਾਂ ਦਾ ਇੰਤਜ਼ਾਮ** (Provision for Defence Requirements)

ਕੋਈ ਦੇਸ਼ ਆਪਣੀ ਸੁਰੱਖਿਆ ਤੇ ਕਿੰਨਾ ਖਰਚ ਕਰ ਸਕਦਾ ਹੈ, ਇਹ ਅਨੁਮਾਨ ਲਾਉਣ ਲਈ, ਤਾਂ ਕਿ ਕਿਸੇ

ਦੇਸ਼ ਲਈ ਉਚਿੱਤ ਸੁਰੱਖਿਆ ਨੀਤੀ ਬਣਾਈ ਜਾ ਸਕੇ, ਰਾਸ਼ਟਰੀ ਆਮਦਨ ਦੇ ਅੰਕੜਿਆਂ ਦਾ ਗਿਆਨ ਹੋਣਾ ਅਤਿ ਜ਼ਰੂਰੀ ਹੈ।

**12. ਪਛੜੇ ਹੋਏ ਦੇਸ਼ ਦੀਆਂ ਆਰਥਿਕ ਸਮੱਸਿਆਵਾਂ ਨੂੰ ਸੁਲਝਾਉਣ ਵਿੱਚ ਸਹਾਇਕ (Helpful in Solving Economic Problems of Backward Countries)**

ਪਛੜੇ ਹੋਏ ਦੇਸ਼ ਦੀਆਂ ਆਰਥਿਕ ਸਮੱਸਿਆਵਾਂ ਨੂੰ ਸੁਲਝਾਉਣ ਲਈ ਵੀ ਰਾਸ਼ਟਰੀ ਆਮਦਨ ਦੇ ਅੰਕੜਿਆਂ ਦੀ ਮਹੱਤਤਾ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਦੇਸ਼ਾਂ ਦੇ ਵੱਖ-ਵੱਖ ਉਦਯੋਗਾਂ, ਸੈਕਟਰਾਂ ਦੀ ਆਮਦਨ ਜਾਂ ਪੂੰਜੀ ਦੀ ਬਣਤਰ ਦੇ ਅੰਕੜਿਆਂ ਦੀ ਜਾਣਕਾਰੀ, ਇਨ੍ਹਾਂ ਦੇਸ਼ਾਂ ਦੇ ਉੱਨਤੀ ਦੇ ਰਾਹ ਵਿੱਚ ਆਉਣ ਵਾਲੀਆਂ ਰੁਕਾਵਟਾਂ ਦੇ ਸੁਲਝਾਉਣ ਲਈ ਅਹਿਮ ਰੋਲ ਰੱਖਦੀ ਹੈ।

**13. ਵਪਾਰੀਆਂ ਲਈ ਉਪਯੋਗੀ (Useful for Business Class)**

ਉਪਭੋਗ ਅਤੇ ਨਿਵੇਸ਼ ਵਿੱਚ ਆਉਣ ਵਾਲੀਆਂ ਤਬਦੀਲੀਆਂ ਦਾ ਕੁੱਲ ਮੰਗ, ਕੁੱਲ ਪੂਰਤੀ ਅਤੇ ਕੀਮਤਾਂ ਦੇ ਸਾਧਾਰਨ ਪੱਧਰ ਉੱਤੇ ਮਹੱਤਵਪੂਰਣ ਪ੍ਰਭਾਵ ਪੈਂਦਾ ਹੈ। ਇਨ੍ਹਾਂ ਗੱਲਾਂ ਦੀ ਜਾਣਕਾਰੀ ਨਾਲ ਵਪਾਰੀ ਵਰਗ ਵੀ ਠੀਕ ਭਵਿੱਖਬਾਣੀ ਕਰ ਕੇ ਲਾਭ ਉਠਾ ਸਕਦਾ ਹੈ।

ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਰਾਸ਼ਟਰੀ ਆਮਦਨ ਦੇ ਅੰਕੜੇ ਸਾਨੂੰ ਸਿਧਾਂਤਕ ਅਤੇ ਵਪਾਰਕ ਖੇਤਰਾਂ ਵਿੱਚ ਮਹੱਤਵਪੂਰਨ ਮਾਰਗ-ਦਰਸ਼ਕ ਸਾਬਤ ਹੋ ਸਕਦੇ ਹਨ। ਅਵਿਕਸਿਤ ਦੇਸ਼ਾਂ ਲਈ, ਅੰਕੜਿਆਂ ਦਾ ਮਹੱਤਵ ਹੋਰ ਵੀ ਜ਼ਿਆਦਾ ਹੁੰਦਾ ਹੈ।

## 1.2.10. ਰਾਸ਼ਟਰੀ ਆਮਦਨ ਦੇ ਚੱਕਰੀ ਪ੍ਰਵਾਹ ਦੀ ਭੂਮਿਕਾ

(Introduction of Circular Flow of National Income)

ਜਿਵੇਂ ਕਿ ਅਸੀਂ ਜਾਣਦੇ ਹਾਂ ਰਾਸ਼ਟਰੀ ਆਮਦਨ ਇੱਕ ਪ੍ਰਵਾਹ (Flow) ਹੈ। ਹਰ ਸਾਲ ਬਹੁਤ ਸਾਰੀਆਂ ਵਸਤੂਆਂ ਅਤੇ ਸੇਵਾਵਾਂ ਦਾ ਭਾਵ ਰਾਸ਼ਟਰੀ ਆਮਦਨ ਦਾ ਉਤਪਾਦਨ ਹੁੰਦਾ ਰਹਿੰਦਾ ਹੈ। ਇਹ ਵਸਤੂਆਂ, ਫਰਮਾਂ ਰਾਹੀਂ ਉਤਪਾਦਨ ਦੇ ਵੱਖ-ਵੱਖ ਸਾਧਨਾਂ ਦੀ ਸਹਾਇਤਾ ਤੇ ਉਤਪੰਨ ਕੀਤੀ ਜਾਂਦੀਆਂ ਹਨ। ਉਤਪਾਦਕ ਇਹਨਾਂ ਸਾਧਨਾਂ ਦੀਆਂ ਸੇਵਾਵਾਂ ਖਰੀਦਦੇ ਰਹਿੰਦੇ ਹਨ। ਇਸ ਤਰ੍ਹਾਂ ਸਾਧਨਾਂ ਦੀ ਸੇਵਾਵਾਂ ਦਾ ਪ੍ਰਵਾਹ ਫਰਮਾਂ ਵੱਲ ਹੁੰਦਾ ਰਹਿੰਦਾ ਹੈ। ਇਹਨਾਂ ਸੇਵਾਵਾਂ ਦੇ ਰੂਪ ਵਿੱਚ ਫਰਮਾਂ ਇਹਨਾਂ ਨੂੰ ਵਸਤੂਆਂ ਜਾਂ ਮੁਦਰਾ ਦਿੰਦੀ ਹੈ। ਇਸ ਤਰ੍ਹਾਂ ਵਸਤੂਆਂ ਜਾਂ ਮੁਦਰਾ ਦਾ ਪ੍ਰਵਾਹ ਸਾਧਨਾਂ ਵੱਲ ਹੁੰਦਾ ਰਹਿੰਦਾ ਹੈ। ਸਾਧਨਾਂ ਨੂੰ ਮੁਦਰਾ ਦੇ ਰੂਪ ਵਿੱਚ ਫਰਮਾਂ ਤੋਂ ਜੋ ਪ੍ਰਤੀਫਲ ਪ੍ਰਾਪਤ ਹੁੰਦਾ ਹੈ ਉਹ ਉਸਦਾ ਉਪਯੋਗ ਫਰਮਾਂ ਤੋਂ ਵਸਤੂਆਂ ਖਰੀਦਣ ਲਈ ਕਰਦੇ ਹਨ। ਇਸ ਤਰ੍ਹਾਂ ਮੌਲਿਕ ਆਮਦਨ ਦਾ ਪ੍ਰਵਾਹ ਸਾਧਨਾਂ ਤੋਂ ਫਰਮਾਂ ਵੱਲ ਹੋਣ ਲੱਗਦਾ ਹੈ। ਇਸ ਤਰ੍ਹਾਂ ਰਾਸ਼ਟਰੀ ਆਮਦਨ ਦੀ ਇਹ ਪ੍ਰਕ੍ਰਿਆ ਨਿਰੰਤਰ ਚਲਦੀ ਰਹਿੰਦੀ ਹੈ। ਇਸਦਾ ਨਾ ਤਾਂ ਕੋਈ ਆਰੰਭ ਹੈ ਅਤੇ ਨਾ ਹੀ ਕੋਈ ਅੰਤ ਹੈ। ਇਸ ਲਈ ਰਾਸ਼ਟਰੀਆਮਦਨ ਦੇ ਪ੍ਰਵਾਹ ਨੂੰ ਚੱਕਰੀ ਪ੍ਰਵਾਹ ਕਿਹਾ ਜਾਂਦਾ ਹੈ।

ਇੱਕ ਅਰਥਵਿਵਸਥਾ ਦੇ ਦ੍ਰਿਸ਼ਟੀਕੋਣ ਤੋਂ ਇੱਕ ਮਨੁੱਖ ਦੀ ਆਮਦਨ ਦੂਜੇ ਦਾ ਖਰਚ ਹੁੰਦਾ ਹੈ। ਹੋਰ ਸ਼ਬਦਾਂ ਵਿੱਚ ਰਾਸ਼ਟਰੀ ਆਮਦਨ (National Income) ਅਤੇ ਰਾਸ਼ਟਰੀ ਖਰਚ (National Expenditure) ਬਰਾਬਰ ਹੁੰਦੇ ਹਨ। ਕਿਸੇ ਵੀ ਅਰਥਵਿਵਸਥਾ ਨੂੰ ਚਾਰ ਖੇਤਰਾਂ ਵਿੱਚ ਵੰਡਿਆ ਜਾ ਸਕਦਾ ਹੈ : (1) ਘਰੇਲੂ ਖੇਤਰ (Household Sector) (2) ਵਪਾਰਕ ਖੇਤਰ (Business Sector) (3) ਸਰਕਾਰੀ ਖੇਤਰ (Government Sector) ਅਤੇ (4) ਵਿਦੇਸ਼ੀ ਖੇਤਰ (Foreign Sector)। ਇਹਨਾਂ ਖੇਤਰਾਂ ਵਿੱਚ ਆਮਦਨ ਅਤੇ ਖਰਚ ਦੇ ਰੂਪ ਵਿੱਚ ਰਾਸ਼ਟਰੀ ਆਮਦਨ ਦਾ ਆਪਸੀ ਪ੍ਰਵਾਹ ਹੁੰਦਾ ਰਹਿੰਦਾ ਹੈ। ਉਦਾਹਰਣ ਦੇ ਲਈ ਘਰੇਲੂ ਖੇਤਰ ਦਾ ਜੋ ਖਰਚ ਹੁੰਦਾ ਹੈ ਉਹ ਵਪਾਰਕ ਖੇਤਰ ਦੀ ਆਮਦਨ ਹੁੰਦੀ ਹੈ ਅਤੇ ਵਪਾਰਕ ਖੇਤਰ ਦਾ ਖਰਚ, ਘਰੇਲੂ ਖੇਤਰ ਦੀ ਆਮਦਨ ਬਣ ਜਾਂਦੀ ਹੈ। ਇਸ ਤਰ੍ਹਾਂ ਅਰਥਵਿਵਸਥਾ ਦੇ ਵੱਖ-ਵੱਖ ਖੇਤਰਾਂ ਵਿੱਚ ਆਮਦਨ ਅਤੇ ਖਰਚ ਦਾ ਇੱਕ ਪ੍ਰਵਾਹ ਰਹਿੰਦਾ ਹੈ। ਇਸ ਪ੍ਰਵਾਹ (Flow) ਨੂੰ ਆਮਦਨ ਦਾ ਚੱਕਰੀ ਪ੍ਰਵਾਹ (Circular Flow of Income) ਕਿਹਾ

ਜਾਂਦਾ ਹੈ, ਕਿਉਂਕਿ ਇਸ ਪ੍ਰਵਾਹ ਨੂੰ ਅਸੀਂ ਦੋ ਤਰ੍ਹਾਂ ਦੇ ਦ੍ਰਿਸ਼ਟੀਕੋਣ ਤੋਂ ਵੇਖ ਸਕਦੇ ਹਾਂ। (1) ਇੱਕ ਪ੍ਰਵਾਹ ਤਾਂ ਵਸਤੂਆਂ ਅਤੇ ਸੇਵਾਵਾਂ ਦੇ ਰੂਪ ਵਿੱਚ ਹੁੰਦਾ ਹੈ। ਇਸ ਨੂੰ ਵਾਸਤਵਿਕ ਪ੍ਰਵਾਹ (Real Flow) ਕਿਹਾ ਜਾਂਦਾ ਹੈ। (2) ਦੂਜਾ ਪ੍ਰਵਾਹ ਮੁਦਰਾ ਦੇ ਰੂਪ ਵਿੱਚ ਹੁੰਦਾ ਹੈ ਇਸਨੂੰ ਮੌਦ੍ਰਿਕ ਪ੍ਰਵਾਹ (Monetary Flow) ਕਿਹਾ ਜਾਂਦਾ ਹੈ। ਇਸ ਤਰ੍ਹਾਂ ਰਾਸ਼ਟਰੀ ਆਮਦਨ ਦਾ ਪ੍ਰਵਾਹ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ :

**(1) ਵਾਸਤਵਿਕ ਪ੍ਰਵਾਹ (Real Flow) :-** ਵਪਾਰਕ ਖੇਤਰ ਰਾਹੀਂ ਉਤਪਾਦਿਤ ਅੰਤਮ ਵਸਤੂਆਂ ਅਤੇ ਸੇਵਾਵਾਂ ਦਾ ਪ੍ਰਵਾਹ ਘਰੇਲੂ ਖੇਤਰ ਵੱਲ ਹੁੰਦਾ ਹੈ। ਇਸੇ ਤਰ੍ਹਾਂ ਘਰੇਲੂ ਖੇਤਰ ਰਾਹੀਂ ਪ੍ਰਦਾਨ ਕੀਤੀ ਗਈ ਉਤਪਾਦਨ ਦੇ ਸਾਧਨਾਂ ਦੀ ਸੇਵਾਵਾਂ ਦਾ ਪ੍ਰਵਾਹ ਵਪਾਰਕ ਖੇਤਰ ਵੱਲ ਹੁੰਦਾ ਹੈ।

**(2) ਮੌਦ੍ਰਿਕ ਪ੍ਰਵਾਹ (Monetary Flow) :-** ਵਪਾਰਕ ਖੇਤਰ ਰਾਹੀਂ ਉਤਪਾਦਨ ਦੇ ਸਾਧਨਾਂ ਦੀ ਸੇਵਾਵਾਂ ਲਈ ਵਿਆਜ, ਮਜ਼ਦੂਰੀ, ਲਾਭ, ਲਗਾਨ ਦੇ ਰੂਪ ਵਿੱਚ ਜੋ ਭੁਗਤਾਨ ਕੀਤਾ ਜਾਂਦਾ ਹੈ ਇਸਦਾ ਪ੍ਰਵਾਹ ਘਰੇਲੂ ਖੇਤਰ ਵੱਲ ਉਸਦੀ ਆਮਦਨ ਦੇ ਰੂਪ ਵਿੱਚ ਹੁੰਦਾ ਹੈ। ਇਸਦੇ ਉਲਟ ਘਰੇਲੂ ਖੇਤਰ ਵਪਾਰਕ ਖੇਤਰ ਰਾਹੀਂ ਉਤਪਾਦਿਤ ਵਸਤੂਆਂ ਅਤੇ ਸੇਵਾਵਾਂ ਲਈ ਜੋ ਉਪਭੋਗ ਖਰਚ ਕਰਦਾ ਹੈ ਉਸਦਾ ਪ੍ਰਵਾਹ ਘਰੇਲੂ ਖੇਤਰ ਤੋਂ ਵਪਾਰਕ ਖੇਤਰ ਵੱਲ ਹੁੰਦਾ ਹੈ।

## 2. ਵੱਖ-ਵੱਖ ਖੇਤਰਾਂ ਵਿੱਚ ਆਮਦਨ ਦਾ ਚੱਕਰੀ ਪ੍ਰਵਾਹ

### (Circular flow of Income in Different Sectors)

ਆਮਦਨ ਦੇ ਚੱਕਰੀ ਪ੍ਰਵਾਹ ਦਾ ਵਿਸ਼ਲੇਸ਼ਣ, ਅਧਿਐਨ ਦੀ ਸੁਵਿਧਾ ਦੀ ਦ੍ਰਿਸ਼ਟੀ ਤੋਂ ਤਿੰਨ ਤਰ੍ਹਾਂ ਦੀ ਸਥਿਤੀਆਂ ਵਿੱਚ ਕੀਤਾ ਜਾ ਸਕਦਾ ਹੈ।

**(i) ਦੋ ਖੇਤਰਾਂ ਵਿੱਚ ਆਮਦਨ ਦਾ ਚੱਕਰੀ ਪ੍ਰਵਾਹ (Circular Flow of Income between Two Sectors) :-** ਇਸ ਵਿੱਚ (a) ਘਰੇਲੂ ਖੇਤਰ (Household Sector) ਅਤੇ (b) ਵਪਾਰਕ ਖੇਤਰ (Business Sector) ਦੇ ਵਿਚਕਾਰ ਹੋਣ ਵਾਲੇ ਚੱਕਰੀ ਪ੍ਰਵਾਹ ਦਾ ਅਧਿਐਨ ਕੀਤਾ ਜਾਂਦਾ ਹੈ।

**(ii) ਤਿੰਨ ਖੇਤਰਾਂ ਵਿੱਚ ਆਮਦਨ ਦਾ ਚੱਕਰੀ ਪ੍ਰਵਾਹ (Circular Flow of Income among Three Sectors) :-** ਇਸ ਵਿੱਚ (a) ਘਰੇਲੂ ਖੇਤਰ (Household Sector) (b) ਵਪਾਰਕ ਖੇਤਰ (Business Sector) ਅਤੇ (c) ਸਰਕਾਰ (Government) (4) ਵਿਦੇਸ਼ੀ ਖੇਤਰ (Foreign Sector) ਦੇ ਵਿਚਕਾਰ ਹੋਣ ਵਾਲੇ ਆਮਦਨ ਦਾ ਚੱਕਰੀ ਪ੍ਰਵਾਹ ਦਾ ਅਧਿਐਨ ਕੀਤਾ ਜਾਂਦਾ ਹੈ।

ਆਮਦਨ ਪ੍ਰਵਾਹ ਦੀ ਇਹਨਾਂ ਵੱਖ-ਵੱਖ ਸਥਿਤੀਆਂ ਦਾ ਅਧਿਐਨ ਹੇਠ ਲਿਖੇ ਸਿਧਾਂਤਾਂ ਜਾਂ ਮੰਡਲਾਂ ਦੇ ਰੂਪ ਵਿੱਚ ਕੀਤਾ ਜਾਂਦਾ ਹੈ।

## 1. ਆਮਦਨ ਦੇ ਚੱਕਰੀ ਪ੍ਰਵਾਹ ਦੇ ਦੋ ਖੇਤਰੀ ਮੰਡਲ (Two Sector Model of the Circular Flow of Income)


ਆਮਦਨ ਦੇ ਚੱਕਰੀ ਪ੍ਰਵਾਹ ਦੇ ਦੋ ਖੇਤਰੀ ਮੰਡਲ ਵਿੱਚ ਅਰਥਵਿਵਸਥਾ ਦੇ ਦੋ ਖੇਤਰਾਂ ਭਾਵ (1) ਘਰੇਲੂ ਖੇਤਰ ਅਤੇ (2) ਫਰਮਾਂ ਜਾਂ ਵਪਾਰਕ ਖੇਤਰ ਦੇ ਵਿਚਕਾਰ ਹੋਣ ਵਾਲੇ ਚੱਕਰੀ ਪ੍ਰਵਾਹ ਦਾ ਅਧਿਐਨ ਕੀਤਾ ਜਾਂਦਾ ਹੈ।

### ਮਾਨਤਾਵਾਂ (Assumptions)

1. ਅਰਥਵਿਵਸਥਾ ਵਿੱਚ ਕੇਵਲ ਦੋ ਖੇਤਰ ਹਨ : (a) ਵਪਾਰਕ ਖੇਤਰ (Business Sector)
2. ਸਰਕਾਰ ਦਾ ਆਰਥਕ ਕਿਰਿਆਵਾਂ ਤੇ ਕੋਈ ਪ੍ਰਭਾਵ ਨਹੀਂ ਪੈਂਦਾ ਹੈ।
3. ਅਰਥਵਿਵਸਥਾ ਇੱਕ ਬੰਦ ਅਰਥਵਿਵਸਥਾ (Closed Economy) ਹੈ।

4. ਘਰੇਲੂ ਖੇਤਰ ਆਪਣੀ ਸੰਪੂਰਣ ਆਮਦਨ ਵਸਤੂਆਂ ਅਤੇ ਸੇਵਾਵਾਂ ਤੇ ਖਰਚ ਕਰਦੇ ਹਨ ਭਾਵ ਕੋਈ ਬੱਚਤ ਨਹੀਂ ਕਰਦੇ ਹਨ।
5. ਉਤਪਾਦਕ ਆਪਣੇ ਸਾਰੇ ਆਗਮ ਨੂੰ ਉਤਪਾਦਨ ਦੇ ਸਾਧਨਾਂ ਵਿੱਚ ਵੰਡ ਦਿੰਦੇ ਹਨ। ਭਾਵ ਉਹ ਅਣਵੰਡਿਆਂ ਆਮਦਨ ਦੇ ਰੂਪ ਵਿੱਚਕੁੱਝ ਨਹੀਂ ਰੱਖਦੇ।

ਉਪਰਲੀ ਮਾਨਤਾਵਾਂ ਦੇ ਆਧਾਰ ਤੇ ਆਮਦਨ ਦੇ ਚੱਕਰੀ ਪ੍ਰਵਾਹ ਨੂੰ ਮੰਡਲ ਨੰ. 1 ਰਾਹੀਂ ਸਪਸ਼ਟ ਕੀਤਾ ਗਿਆ ਹੈ।





ਮੌਡਲ ਨੰ. 1: ਰਾਸ਼ਟਰੀ ਆਮਦਨ ਦਾ ਦੋ ਖੇਤਰੀ ਚੱਕਰੀ ਪ੍ਰਵਾਹ

ਕਿਉਂਕਿ ਗ੍ਰਹਿਸਥੀ ਆਪਣੀ ਸਾਰੀ ਆਮਦਨ ਨੂੰ ਖਰਚ ਕਰ ਦਿੰਦੇ ਹਨ। ਨਿਸ਼ਚੇ ਹੀ ਵਪਾਰਕ ਖੇਤਰ ਦੀ ਕੁਲ ਮੌਦ੍ਰਿਕ ਪ੍ਰਾਪਤੀ ਗ੍ਰਹਿਸਥੀਆਂ ਦੀ ਆਮਦਨ ਅਤੇ ਉਪਭੋਗ ਦੇ ਬਰਾਬਰ ਹੋਵੇਗੀ। ਭਾਵ ਉਤਪਾਦਕਾਂ ਦੀ ਮੌਦ੍ਰਿਕ ਪ੍ਰਾਪਤੀ = ਗ੍ਰਹਿਸਥੀ ਦੀ ਆਮਦਨ = ਗ੍ਰਹਿਸਥੀਆਂ ਦੀ ਉਪਭੋਗ ਖਰਚ। ਇਸ ਤਰ੍ਹਾਂ ਅਰਥਵਿਵਸਥਾ ਵਿੱਚ ਕੁਲ ਮੰਗ ਅਤੇ ਕੁਲ ਪੂਰਤੀ ਬਰਾਬਰ ਹੋਣਗੇ। ਇਸ ਸਥਿੱਤੀ ਨੂੰ ਹੀ ਸੰਤੁਲਨ ਦੀ ਸਥਿਤੀ (Position of Equilibrium) ਕਿਹਾ ਜਾਂਦਾ ਹੈ, ਜਿਸ ਵਿੱਚ ਕਿ ਆਮਦਨ ਦਾ ਚੱਕਰੀ ਪ੍ਰਵਾਹ ਨਿਯਮਿਤ ਰੂਪ ਨਾਲ ਅੰਤ ਤੱਕ ਚਲਦਾ ਰਹਿੰਦਾ ਹੈ।

**2. ਅਰਥਵਿਵਸਥਾ ਚ ਬੱਚਤ ਅਤੇ ਨਿਵੇਸ਼ ਦਾ ਹੋਣਾ (Savings and Investment in the Economy)**

ਅਸਲ ਵਿੱਚ ਘਰੇਲੂ ਖੇਤਰ ਆਪਣੀ ਸਾਰੀ ਆਮਦਨ ਨੂੰ ਖਰਚ ਨਹੀਂ ਕਰਦਾ ਸਗੋਂ ਉਸ ਵਿੱਚੋਂ ਕੁਝ ਨੂੰ ਬਚਾ ਲੈਂਦਾ ਹੈ। ਘਰੇਲੂ ਖੇਤਰ ਰਾਹੀਂਜੋ ਬੱਚਤ ਕੀਤੀ ਜਾਵੇਗੀ ਉਹ ਰਾਸ਼ਟਰੀ ਆਮਦਨ ਦੇ ਚੱਕਰੀ ਪ੍ਰਵਾਹ ਵਿਚੋਂ ਇੱਕ ਤਰ੍ਹਾਂ ਦੀ ਮੌਦ੍ਰਿਕ ਵਾਪਸੀ (Monetry Withdrawl) ਹੋਵੇਗੀ। ਇਸ ਦੇ ਫਲਸਰੂਪ ਘਰੇਲੂ ਖੇਤਰ ਦੀ ਕੁਲ ਆਮਦਨ ਫਰਮਾਂ ਕੋਲ ਉਪਭੋਗ ਖਰਚ ਦੇ ਰੂਪ ਵਿੱਚ ਵਾਪਸ ਨਹੀਂ ਆਵੇਗੀ। ਇਸ ਤਰ੍ਹਾਂ ਫਰਮਾਂ ਦਾ ਉਤਪਾਦਨ ਉਹਨਾਂ ਦੀ ਵਿੱਕਰੀ ਤੋਂ ਜਿਆਦਾ ਹੋਵੇਗਾ। ਪਰ ਉਤਪਾਦਨ ਦੀ ਵਿਕਰੀ ਨੂੰ ਵਧਾਉਣ ਦਾ ਇੱਕ ਉਪਾਅ ਇਹ ਵੀ ਹੈ ਕਿ ਫਰਮਾਂ ਪੂੰਜੀਗਤ ਵਸਤੂਆਂ (Capital Goods) ਦਾ ਵੀ ਉਤਪਾਦਨ ਕਰ ਸਕਦੀ ਹੈ ਅਤੇ ਉਹ ਪੂੰਜੀਗਤ ਵਸਤੂਆਂ ਨੂੰ ਆਪ ਆਪਸ ਵਿੱਚ ਖਰੀਦ ਸਕਦੀ ਹੈ। ਇਸ ਤਰ੍ਹਾਂ ਦੇ ਖਰਚ ਨੂੰ ਨਿਵੇਸ਼ ਖਰਚ (Investment

Expenditure) ਕਿਹਾ ਜਾਵੇਗਾ । ਜੋ ਫਰਮਾਂ ਰਾਹੀਂ ਕੀਤਾ ਜਾਣ ਵਾਲਾ ਕੁਲ ਨਿਵੇਸ਼ (I) ਅਤੇ ਘਰੇਲੂ ਖੇਤਰ ਰਾਹੀਂ ਕੀਤੀ ਜਾਣ ਵਾਲੀ ਕੁਲ ਬੱਚਤ (S) ਬਰਾਬਰ ਹੋਵੇਗੀ ਤਾਂ ਅਰਥਵਿਵਸਥਾ ਵਿੱਚਤੋਂ ਸੰਤੁਲਨ ਦੀ ਸਥਿਤੀ ਵਿੱਚ ਹੋਵੇਗੀ ।





ਮੌਡਲ ਨੰ. 2: ਰਾਸ਼ਟਰੀ ਆਮਦਨ ਦਾ ਚੱਕਰੀ ਪ੍ਰਵਾਹ

### ੩. ਆਮਦਨ ਦੇ ਚੱਕਰੀ ਪ੍ਰਵਾਹ ਦਾ ਤਿੰਨ ਖੇਤਰੀ ਮੰਡਲ (Three Sector Model of the Circular Flow of Income)

ਇਹ ਮੰਡਲ ਵਾਸਤਵਿਕਤਾ ਦੇ ਜਿਆਦਾ ਨੇੜੇ ਹੈ । ਇਸ ਮੰਡਲ ਵਿੱਚ ਇੱਕ ਅਜਿਹੀ ਅਰਥਵਿਵਸਥਾ ਦਾ ਅਧਿਐਨ ਕੀਤਾ ਜਾਂਦਾ ਹੈ ਜਿਸ ਵਿੱਚ ਨਾ ਕੇਵਲ ਅਰਥਵਿਵਸਥਾ ਵਿੱਚ ਵਾਸਤਵਿਕ ਅਤੇ ਘਰੇਲੂ ਖੇਤਰਾਂ ਸਗੋਂ ਸਰਕਾਰ ਦੀ ਆਰਥਕ ਕ੍ਰਿਆਵਾਂ ਦਾ ਵੀ ਦਾਖਲਾ ਕੀਤਾ ਜਾਂਦਾ ਹੈ ਪਰ ਹਾਲੇ ਅਸੀਂ ਇਹ ਮੰਨ ਕੇ ਚਲਦੇ ਹਾਂ ਕਿ ਅਰਥਵਿਵਸਥਾ ਬੰਦ (Closed) ਹੈ, ਭਾਵ ਆਮਦਨ ਦੇ ਚੱਕਰੀ ਪ੍ਰਵਾਹ ਤੇ ਵਿਦੇਸ਼ੀ ਖੇਤਰ ਦਾ ਕੋਈ ਪ੍ਰਭਾਵ ਨਹੀਂ ਪੈਂਦਾ ਹੈ ।

ਸਰਕਾਰੀ ਖੇਤਰ ਵੱਲ ਵਪਾਰਕ ਅਤੇ ਘਰੇਲੂ ਖੇਤਰ ਤੋਂ ਕਰਾਂ (Taxes) ਦੇ ਰੂਪ ਵਿੱਚ ਆਮਦਨ ਦਾ ਪ੍ਰਵਾਹ ਹੁੰਦਾ ਹੈ । ਕਰਾਂ ਤੋਂ ਪ੍ਰਾਪਤ ਸਰਕਾਰੀ ਖੇਤਰ ਦੀ ਆਮਦਨ ਦਾ ਪ੍ਰਵਾਹ, ਵਪਾਰਕ ਖੇਤਰ ਵੱਲ ਵਸਤੂਆਂ ਅਤੇ ਸੇਵਾਵਾਂ ਦੇ ਰੂਪ ਵਿੱਚ ਅਤੇ ਘਰੇਲੂ ਖੇਤਰ ਵੱਲ ਸੇਵਾਵਾਂ ਦੀ ਕੀਮਤ ਦੇ ਰੂਪ ਵਿੱਚ ਹੁੰਦਾ ਹੈ । ਸਰਕਾਰ, ਫਰਮਾਂ ਨੂੰ ਵਿੱਤੀ ਸਹਾਇਤਾ ਅਤੇ ਗ੍ਰਹਿਸਥੀਆਂ ਨੂੰ ਪੈਂਸ਼ਨ ਆਦਿ ਦੇ ਰੂਪ ਵਿੱਚ ਹਸਤਾਂਤਰਿਕ ਭੁਗਤਾਨ ਵੀ ਕਰਦੀ ਹੈ । ਇਸੇ ਤਰ੍ਹਾਂ ਸਰਕਾਰ ਆਪਣੀ ਆਮਦਨ ਦਾ ਇੱਕ ਭਾਗ ਬੱਚਤ ਦੇ ਰੂਪ ਵਿਚ ਪੂੰਜੀ ਬਜ਼ਾਰ ਵਿੱਚ ਜਮਾ ਕਰਦੀ ਹੈ ਅਤੇ ਲੋੜ ਦੇ ਸਮੇਂ ਉਧਾਰ ਲੈ ਕੇ ਉਪਭੋਗ ਅਤੇ ਨਿਵੇਸ਼ ਕੰਮ ਵਿੱਚ ਲਗਾਉਂਦੀ ਹੈ । ਇਸ ਤਰ੍ਹਾਂ ਕਰਾਂ ਦੇ ਰੂਪ ਵਿੱਚ ਆਮਦਨ ਦਾ ਪ੍ਰਵਾਹ ਸਰਕਾਰ ਵੱਲ ਹੁੰਦਾ ਹੈ ਅਤੇ ਸਰਕਾਰੀ ਖਰਚ (Government Expenditure) ਦੇ ਰੂਪ ਵਿੱਚ ਆਮਦਨ ਦਾ ਪ੍ਰਵਾਹ ਘਰੇਲੂ ਅਤੇ ਵਪਾਰਕ ਖੇਤਰ ਵੱਲ ਹੁੰਦਾ ਹੈ । ਸਿੱਟੇ ਵਜੋਂ ਮੰਡਲ ਨੰ. ੩ ਦੇ ਚੱਕਰੀ ਪ੍ਰਵਾਹ ਵਿੱਚ ਕੁਝ ਹੋਰ ਕ੍ਰਿਆਵਾਂ ਜਾਂ ਸਮਾਵੇਸ਼ ਹੁੰਦਾ ਹੈ ।





ਮੌਡਲ ਨੰ. 3: ਰਾਸ਼ਟਰੀ ਆਮਦਨ ਦਾ ਤਿੰਨ ਖੇਤਰਾਂ ਵਿੱਚ ਚੱਕਰੀ ਪ੍ਰਵਾਹ

ਜੇ ਸਰਕਾਰ ਵੀ ਕਰਾਂ ਰਾਹੀਂ ਪ੍ਰਾਪਤ ਸਾਰੀ ਆਮਦਨ, ਖਰਚ ਦੇ ਰੂਪ ਵਿੱਚ ਖਰਚ ਕਰ ਦਿੰਦੀ ਹੈ ਤਾਂ ਨਿਸ਼ਚੇ ਹੀ ਗ੍ਰਹਿਸਥੀਆਂ ਅਤੇ ਉਹਨਾਂ ਵਲ ਪ੍ਰਵਾਹਿਤ ਸਾਰੀ ਆਮਦਨ ਦੁਬਾਰਾ ਦੂਜੇ ਰੂਪ ਵਿੱਚ ਉਹਨਾਂ ਵੱਲ ਪ੍ਰਵਾਹਤ ਹੋ ਜਾਂਦੀ ਹੈ ਅਤੇ ਇਸ ਤਰ੍ਹਾਂ ਰਾਸ਼ਟਰੀ ਆਮਦਨ ਦਾ ਚੱਕਰੀ ਪ੍ਰਵਾਹ ਨਿਰੰਤਰ ਨਿਯਮਿਤ ਰਹਿੰਦਾ ਹੈ।

**4. ਚਾਰ ਖੇਤਰਾਂ ਵਿੱਚ ਆਮਦਨ ਦਾ ਚੱਕਰੀ ਪ੍ਰਵਾਹ (Circular Flow of Income between Four Sectors)**

ਆਮਦਨ ਦੇ ਚੱਕਰੀ ਪ੍ਰਵਾਹ ਦਾ ਚਾਰ ਖੇਤਰਾਂ ਵਿੱਚ ਅਧਿਐਨ ਜ਼ਿਆਦਾ ਅਸਲੀ ਅਧਿਅਨ ਹੈ। ਇੱਕ ਖੁੱਲੀ ਅਰਥਵਿਵਸਥਾ (Open Economy) ਵਿੱਚ ਚਾਰ ਖੇਤਰ ਹੁੰਦੇ ਹਨ : (1) ਪਰਿਵਾਰ ਖੇਤਰ (Household Sector) (2) ਉਤਪਾਦਕ ਖੇਤਰ (Producing Sector) (3) ਸਰਕਾਰੀ ਖੇਤਰ (Government Sector) (4) ਅਤੇ ਬਾਕੀ ਸੰਸਾਰ ਖੇਤਰ (Rest of the World Sector) ਇਸਦੇ ਉਲਟ ਜੇਕਰ ਕਿਸੇ ਅਰਥਵਿਵਸਥਾ ਵਿਚ ਕੇਵਲ ਪਹਿਲੇ ਤਿੰਨ ਖੇਤਰ ਹਨ ਅਤੇ ਬਾਕੀ ਵਿਸ਼ੇਸ਼ ਖੇਤਰ ਨਹੀਂ ਹਨ ਤਾਂ ਅਜਿਹੀ ਅਰਥਵਿਵਸਥਾ ਨੂੰ ਬੰਦ ਅਰਥਵਿਵਸਥਾ (Closed Economy) ਕਿਹਾ ਜਾਵੇਗਾ। ਇਸ ਸਥਿੱਤੀ ਦੀ ਅਰਥਵਿਵਸਥਾ ਵਿੱਚ ਕੋਈ ਆਯਾਤ ਅਤੇ ਨਿਰਯਾਤ ਨਹੀਂ ਕੀਤਾ ਜਾਂਦਾ। ਪਰ ਇਹ ਇੱਕ ਅਸਲੀ ਸਥਿਤੀ ਨਹੀਂ ਹੈ। ਅਸਲ ਵਿੱਚ ਤਾਂ ਹਰੇਕ ਅਰਥਵਿਵਸਥਾ ਵਿੱਚ ਚਾਰ ਖੇਤਰ ਹੁੰਦੇ ਹਨ। ਅਸਲੀ ਜੀਵਨ ਵਿੱਚ ਪਰਿਵਾਰ ਖੇਤਰ, ਉਤਪਾਦਨ ਖੇਤਰ ਅਤੇ ਸਰਕਾਰੀ ਖੇਤਰ ਮੁਦਰਾ ਦੇ ਰੂਪ ਵਿੱਚ ਬੱਚਤ ਵੀ ਕਰਦੇ ਹਨ। ਇਹ ਬੱਚਤ ਪੂੰਜੀ ਬਜ਼ਾਰ (Capital Market) ਵਿੱਚ ਜਮਾਂ ਹੁੰਦੀ ਹੈ। ਉਤਪਾਦਕ ਖੇਤਰ ਅਤੇ ਸਰਕਾਰ ਖੇਤਰ ਪੂੰਜੀ ਬਜ਼ਾਰ ਤੋਂ ਜਰੂਰਤ ਦੇ ਅਨੁਸਾਰ ਧਨ ਨੂੰ ਉਧਾਰ ਵੀ

ਲੈਂਦੇ ਹਨ । ਇਸ ਤਰ੍ਹਾਂ ਪੂੰਜੀ ਬਜ਼ਾਰ ਵਿੱਚ ਵੀ ਆਮਦਨ ਦਾ ਚੱਕਰੀ ਪ੍ਰਵਾਹ ਹੁੰਦਾ ਹੈ । ਪੂੰਜੀ ਬਜ਼ਾਰ ਤੋਂ ਭਾਵ ਹੈ ਕਿ ਵਿੱਤੀ ਸੰਸਥਾਵਾਂ ਜਿਵੇਂ ਬੈਂਕ, ਬੀਮਾ ਕੰਪਨੀਆਂ ਚਿਟ-ਫੰਡਜ਼ ਆਦਿ । ਚਾਰ ਖੇਤਰਾਂ ਵਿੱਚ ਹੋਣ ਵਾਲੇ ਆਮਦਨ ਦੇ ਚੱਕਰੀ ਪ੍ਰਵਾਹ ਨੂੰ ਹੇਠ ਲਿਖੇ ਚਿੱਤਰ ਦੀ ਸਹਾਇਤਾ ਤੋਂ ਸਪੱਸ਼ਟ ਕੀਤਾ ਜਾ ਸਕਦਾ ਹੈ ।



ਮੌਡਲ ਨੰ. 4: ਰਾਸ਼ਟਰੀ ਆਮਦਨ ਦਾ ਚਾਰ ਖੇਤਰਾਂ 'ਚ ਚੱਕਰੀ ਪ੍ਰਵਾਹ

ਉਪਰਲੇ ਰੇਖਾਚਿੱਤਰ ਤੋਂ ਪਤਾ ਚਲਦਾ ਹੈ ਕਿ ਆਮਦਨ, ਖਰਚ ਅਤੇ ਉਤਪਾਦਨ ਦਾ ਪ੍ਰਵਾਹ ਇੱਕ ਖੇਤਰ ਤੋਂ ਦੂਜੇ ਖੇਤਰ ਵਿੱਚ ਹੁੰਦਾ ਰਹਿੰਦਾ ਹੈ । ਆਮਦਨ ਦੇ ਪ੍ਰਵਾਹ ਦੀ ਦ੍ਰਿਸ਼ਟੀ ਤੋਂ ਹਰੇਕ ਖੇਤਰ ਦੀ ਦੋਹਰੀ ਯੋਗਤਾ (Double Capacity) ਹੁੰਦੀ ਹੈ । ਵੱਖ-ਵੱਖ ਖੇਤਰਾਂ ਵਿੱਚ ਹੋਣ ਵਾਲੇ ਆਮਦਨ ਦੇ ਚੱਕਰੀ ਪ੍ਰਵਾਹ ਨੂੰ ਹੇਠ ਲਿਖੇ ਢੰਗ ਨਾਲ ਪ੍ਰਗਟ ਕੀਤਾ ਜਾ ਸਕਦਾ ਹੈ :

**1. ਪਰਿਵਾਰ ਖੇਤਰ (Household Sector) :-** ਪਰਿਵਾਰ ਖੇਤਰ ਦੂਜੇ ਖੇਤਰਾਂ ਤੋਂ ਕੁੱਝ ਪ੍ਰਾਪਤੀਆਂ ਕਰਦਾ ਹੈ ਅਤੇ ਉਹਨਾਂ ਨੂੰ ਭੁਗਤਾਨ ਵੀ ਕਰਦਾ ਹੈ । ਇਸ ਖੇਤਰ ਦੀਆਂ ਪ੍ਰਾਪਤੀਆਂ ਅਤੇ ਭੁਗਤਾਨ ਹੇਠ ਲਿਖੇ ਹਨ :

**(a) ਪ੍ਰਾਪਤੀਆਂ (Receipts) :-** ਪਰਿਵਾਰ ਖੇਤਰ ਨੂੰ ਉਤਪਾਦਨ ਖੇਤਰ ਤੋਂ ਉਤਪਾਦਨ ਦੇ ਸਾਧਨਾਂ ਦੀਆਂ ਸੇਵਾਵਾਂ ਦੇ ਬਦਲੇ ਵਿੱਚ ਸਾਧਨ ਆਮਦਨ (Factor Income) ਲਗਾਨ, ਵਿਆਜ, ਲਾਭ ਅਤੇ ਮਜ਼ਦੂਰੀ ਦੇ ਰੂਪ ਵਿੱਚ ਪ੍ਰਾਪਤ ਹੁੰਦੀ ਹੈ । ਇਸ ਖੇਤਰ ਨੂੰ ਸਰਕਾਰੀ ਖੇਤਰ ਤੋਂ ਤਬਦੀਲ ਭੁਗਤਾਨ (Transfer Payments) ਵੀ ਪ੍ਰਾਪਤ ਹੁੰਦੇ ਹਨ । ਇਸ ਤਰ੍ਹਾਂ ਸਾਧਨ ਆਮਦਨ ਅਤੇ ਬਦਲੀ ਭੁਗਤਾਨ ਦੇ ਰੂਪ ਵਿੱਚ ਆਮਦਨ ਦਾ ਪ੍ਰਵਾਹ ਪਰਿਵਾਰ ਖੇਤਰ ਵੱਲ ਹੁੰਦਾ ਹੈ ।

**(b) ਭੁਗਤਾਨ (Payments) :-** ਪਰਿਵਾਰ ਖੇਤਰ ਆਪਣੀ ਜ਼ਰੂਰਤ ਦੀ ਉਪਭੋਗਤਾ ਵਸਤੂਆਂ ਅਤੇ ਸੇਵਾਵਾਂ ਖਰੀਦਣ ਲਈ ਉਤਪਾਦਕ ਖੇਤਰ ਨੂੰ ਉਪਭੋਗ ਖਰਚ ਦੇ ਰੂਪ ਵਿੱਚ ਭੁਗਤਾਨ ਕਰਦਾ ਹੈ । ਇਹ ਖੇਤਰ ਸਰਕਾਰ ਨੂੰ ਪ੍ਰਤੱਖ ਕਰਾਂ ਦਾ ਭੁਗਤਾਨ ਕਰਦਾ ਹੈ । ਇਸ ਖੇਤਰ ਦੀ ਬੱਚਤ ਦਾ ਪ੍ਰਵਾਹ ਪੂੰਜੀ ਬਜ਼ਾਰ (Capital Market) ਵੱਲ ਹੁੰਦਾ ਹੈ । ਇਸ ਲਈ ਪਰਿਵਾਰ ਖੇਤਰ ਤੋਂ ਉਪਭੋਗ ਖਰਚ ਕਰ ਅਤੇ ਬੱਚਤ ਦੇ ਰੂਪ ਵਿੱਚ ਆਮਦਨ ਦਾ ਪ੍ਰਵਾਹ ਲੜੀਵਾਰ ਉਤਪਾਦਕ ਖੇਤਰ, ਸਰਕਾਰੀ ਖੇਤਰ ਅਤੇ ਪੂੰਜੀ ਬਜ਼ਾਰ ਵੱਲ ਹੁੰਦਾ ਹੈ ।

**2. ਉਤਪਾਦਕ ਖੇਤਰ (Producing Sector) :-** ਉਤਪਾਦਕ ਖੇਤਰ ਦੀਆਂ ਮੁੱਖ ਪ੍ਰਾਪਤੀਆਂ ਅਤੇ ਭੁਗਤਾਨ ਹੇਠ ਲਿਖੇ ਹਨ :

**(a) ਪ੍ਰਾਪਤੀਆਂ (Receipts) :-** ਉਤਪਾਦਕ ਖੇਤਰ ਨੂੰ ਪਰਿਵਾਰ ਖੇਤਰ ਅਤੇ ਸਰਕਾਰ ਖੇਤਰ ਤੋਂ ਵਸਤੂਆਂ ਅਤੇ ਸੇਵਾਵਾਂ ਦੇ ਬਦਲੇ ਵਿੱਚ ਆਮਦਨ ਪ੍ਰਾਪਤ ਹੁੰਦੀ ਹੈ । ਬਾਕੀ ਵਿਸ਼ਵ ਖੇਤਰ ਤੋਂ ਨਿਰਯਾਤ ਦੇ ਬਦਲੇ ਵਿੱਚ ਆਮਦਨ ਪ੍ਰਾਪਤ ਹੁੰਦੀ ਹੈ ਅਤੇ ਪੂੰਜੀ ਬਜ਼ਾਰ ਤੋਂ ਜਰੂਰਤ ਦੇ ਅਨੁਸਾਰ ਕਰਜ਼ਾ ਪ੍ਰਾਪਤ ਹੁੰਦਾ ਹੈ । ਉਤਪਾਦਕ ਖੇਤਰ ਨੂੰ ਸਰਕਾਰੀ ਖੇਤਰ ਤੋਂ ਉਤਪਾਦਨ, ਵਧਾਉਣ ਲਈ ਆਰਥਕ ਸਹਾਇਤਾਂ (Subsidies) ਪ੍ਰਾਪਤ ਹੁੰਦੀ ਹੈ । ਇਸ ਲਈ, ਵਸਤੂਆਂ ਦੀ ਕੀਮਤ, ਨਿਰਯਾਤ ਦੀ ਕੀਮਤ, ਸਰਕਾਰੀ ਸਹਾਇਤਾ ਅਤੇ ਪੂੰਜੀ ਬਜ਼ਾਰ ਤੋਂ ਕਰਜ਼ੇ ਦੇ ਰੂਪ ਵਿੱਚ ਆਮਦਨ ਦਾ ਪ੍ਰਵਾਹ ਵੱਖ-ਵੱਖ ਖੇਤਰਾਂ ਤੋਂ ਉਤਪਾਦਕ ਖੇਤਰ ਵੱਲ ਹੁੰਦਾ ਹੈ ।

**(b) ਭੁਗਤਾਨ (Payments) :-** ਉਤਪਾਦਕ ਖੇਤਰ ਸਾਧਨਾਂ ਦੀਆਂ ਸੇਵਾਵਾਂ ਲਈ ਪਰਿਵਾਰ ਖੇਤਰ ਨੂੰ ਭੁਗਤਾਨ ਕਰਦਾ ਹੈ । ਸਰਕਾਰ ਨੂੰ ਕਰ ਦਿੰਦਾ ਹੈ । ਬਾਕੀ ਸੰਸਾਰ ਨੂੰ ਆਯਾਤ (Imports) ਲਈ ਭੁਗਤਾਨ ਕੀਤਾ ਜਾਂਦਾ ਹੈ ਅਤੇ ਜੋ ਬੱਚਤ ਹੁੰਦੀ ਹੈ ਉਹਨਾਂ ਨੂੰ ਪੂੰਜੀ ਬਜ਼ਾਰ ਵਿੱਚ ਜਮ੍ਹਾਂ ਕਰ ਦਿੱਤਾ ਜਾਂਦਾ ਹੈ । ਇਸ ਤਰ੍ਹਾਂ ਉਤਪਾਦਕ ਖੇਤਰ ਤੋਂ ਸਾਧਨ ਸੇਵਾਵਾਂ ਲਈ ਭੁਗਤਾਨ, ਕਰ, ਆਯਾਤ ਅਤੇ ਬੱਚਤ ਦੇ ਰੂਪ ਵਿੱਚ ਆਮਦਨ ਦਾ ਪ੍ਰਵਾਹ ਲੜੀਵਾਰ ਪਰਿਵਾਰ ਖੇਤਰ, ਸਰਕਾਰੀ ਖੇਤਰ, ਬਾਕੀ ਸੰਸਾਰ ਖੇਤਰ ਅਤੇ ਪੂੰਜੀ ਬਜ਼ਾਰ ਵੱਲ ਹੁੰਦਾ ਹੈ ।

**3. ਸਰਕਾਰੀ ਖੇਤਰ (Government Sector) :**

ਸਰਕਾਰੀ ਖੇਤਰ ਦੀਆਂ ਮੁੱਖ ਪ੍ਰਾਪਤੀਆਂ ਅਤੇ ਭੁਗਤਾਨ ਹੇਠ ਲਿਖੇ ਤਰ੍ਹਾਂ ਦੇ ਹਨ :

**(a) ਪ੍ਰਾਪਤੀਆਂ (Receipts) :-** ਸਰਕਾਰੀ ਖੇਤਰ ਨੂੰ ਪਰਿਵਾਰ ਖੇਤਰ ਤੋਂ ਪ੍ਰਤੱਖ ਕਰ ਅਤੇ ਉਤਪਾਦਕ ਖੇਤਰ ਤੋਂ ਅਪ੍ਰਤੱਖ ਕਰ ਅਤੇ ਨਿਗਮ ਕਰ ਪ੍ਰਾਪਤ ਹੁੰਦੇ ਹਨ । ਇਸ ਤਰ੍ਹਾਂ ਕਰਾਂ ਦੇ ਰੂਪ ਵਿੱਚ ਆਮਦਨ ਦਾ ਪ੍ਰਵਾਹ ਸਰਕਾਰੀ ਖੇਤਰ ਵੱਲ ਹੁੰਦਾ ਹੈ ।

**(b) ਭੁਗਤਾਨ (Payments) :-** ਸਰਕਾਰੀ ਖੇਤਰ ਪਰਿਵਾਰ ਖੇਤਰ ਨੂੰ ਸਾਧਨ ਸੇਵਾਵਾਂ ਲਈ ਭੁਗਤਾਨ ਕਰਦਾ ਹੈ । ਪਰਿਵਾਰ ਖੇਤਰ ਨੂੰ ਤਬਦੀਲ ਭੁਗਤਾਨ ਵੀ ਕੀਤੇ ਜਾਂਦੇ ਹਨ । ਉਤਪਾਦਕ ਖੇਤਰਾਂ ਨੂੰ ਵਸਤੂਆਂ ਲਈ ਭੁਗਤਾਨ ਕੀਤਾ ਜਾਂਦਾ ਹੈ ਅਤੇ ਆਰਥਕ ਸਹਾਇਤਾ (Subsidies) ਵੀ ਦਿੱਤੀ ਜਾਂਦੀ ਹੈ । ਇਸ ਲਈ ਸਾਧਨ ਕੀਮਤ ਅਤੇ ਤਬਦੀਲ ਭੁਗਤਾਨ, ਵਸਤੂਆਂ ਦੀ ਕੀਮਤ ਅਤੇ ਆਰਥਕ ਸਹਾਇਤਾ ਅਤੇ ਬੱਚਤ ਦੇ ਰੂਪ ਵਿੱਚ ਸਰਕਾਰੀ ਖੇਤਰ ਤੋਂ ਆਮਦਨ ਦਾ ਪ੍ਰਵਾਹ ਲੜੀਵਾਰ ਪਰਿਵਾਰ ਖੇਤਰ, ਉਤਪਾਦਨ ਖੇਤਰ ਅਤੇ ਪੂੰਜੀ ਬਜ਼ਾਰ ਨੂੰ ਹੁੰਦਾ ਹੈ ।

**4. ਬਾਕੀ ਵਿਸ਼ਵ ਖੇਤਰ (Rest of the World Sector) :-** ਬਾਕੀ ਵਿਸ਼ਵ ਖੇਤਰ ਦੀਆਂ ਮੁੱਖ ਪ੍ਰਾਪਤੀਆਂ ਅਤੇ ਭੁਗਤਾਨ ਹੇਠ ਲਿਖੇ ਹਨ : (a) ਪ੍ਰਾਪਤੀਆਂ (Receipts) : ਇਸ ਖੇਤਰ ਤੋਂ ਉਤਪਾਦਕ ਖੇਤਰ ਨੂੰ ਜੋ ਵਸਤੂਆਂ ਅਤੇ ਸੇਵਾਵਾਂ ਆਯਾਤ ਕੀਤੀਆਂ ਜਾਂਦੀਆਂ ਹਨ ਉਹਨਾਂ ਦੇ ਬਦਲੇ ਵਿੱਚ ਆਮਦਨ ਦੀ ਪ੍ਰਾਪਤੀ ਹੁੰਦੀ ਹੈ । ਇਸ ਤਰ੍ਹਾਂ ਬਾਕੀ ਵਿਸ਼ਵ ਖੇਤਰ ਵੱਲੋਂ ਉਤਪਾਦਕ ਖੇਤਰ ਵੱਲ ਆਮਦਨ ਦਾ ਪ੍ਰਵਾਹ ਹੁੰਦਾ ਹੈ ।

**(b) ਭੁਗਤਾਨ (Payments) :-** ਬਾਕੀ ਰਿਸ਼ਵ ਖੇਤਰ, ਉਤਪਾਦਕ ਖੇਤਰ ਦੇ ਰਾਹੀਂ ਕੀਤੇ ਗਏ ਨਿਰਯਾਤ ਲਈ ਭੁਗਤਾਨ ਕਰਦਾ ਹੈ । ਇਸ ਲਈ ਬਾਕੀ ਵਿਸ਼ਵ ਖੇਤਰ ਤੋਂ ਪ੍ਰਾਪਤ ਕੀਮਤ ਦੇ ਰੂਪ ਵਿੱਚ ਉਤਪਾਦਕ ਖੇਤਰ ਵੱਲ ਆਮਦਨ ਦਾ ਪ੍ਰਵਾਹ ਹੁੰਦਾ ਹੈ ।

**5. ਪੂੰਜੀ ਬਜ਼ਾਰ (Capital Market) :-** ਅਸਲੀ ਜੀਵਨ ਵਿੱਚ ਪਰਿਵਾਰ, ਉਤਪਾਦਕ ਤੇ ਸਰਕਾਰੀ ਖੇਤਰ ਮੁਦਰਾ ਦੀ ਬੰਚਤ ਵੀ ਕਰਦੇ ਹਨ । ਇਹ ਬੱਚਤ ਪੂੰਜੀ ਬਜ਼ਾਰ ਵਿੱਚ ਜਮ੍ਹਾਂ ਹੁੰਦੀ ਹੈ । ਮੰਨ ਲਓ ਪੂੰਜੀ ਬਜ਼ਾਰ ਤੋਂ ਉਤਪਾਦਕ ਖੇਤਰ ਅਤੇ ਸਰਕਾਰੀ ਖੇਤਰ ਇਨ੍ਹਾਂ ਬੱਚਤਾਂ ਨੂੰ ਨਿਵੇਸ਼ ਲਈ ਉਧਾਰ ਲੈ

ਲੈਂਦੇ ਹਨ । ਇਸ ਤਰ੍ਹਾਂ ਪੂੰਜੀ ਬਜ਼ਾਰ ਤੋਂ ਬੱਚਤ ਦਾ ਪ੍ਰਵਾਹ ਉਤਪਾਦਕ ਖੇਤਰ ਅਤੇ ਸਰਕਾਰੀ ਖੇਤਰ ਵੱਲ ਹੁੰਦਾ ਹੈ ।

**1.2.11 ਸਾਰਾਂਸ਼:**

ਇਸ ਪਾਠ ਵਿੱਚ ਤੁਸੀਂ ਪੜ੍ਹ ਚੁੱਕੇ ਹੋ ਕਿ ਰਾਸ਼ਟਰੀ ਆਮਦਨ ਸਾਰੇ ਸ਼ੁੱਧ ਆਮਦਨ ਭੁਗਤਾਨ ਦਾ ਜੋੜ ਹੈ। ਜਿਹੜੇ ਕਿ ਦੇਸ਼ ਦੀਆਂ ਆਮਦਨ ਪ੍ਰਾਪਤ ਕਰਨ ਵਾਲੀਆਂ ਇਕਾਈਆਂ ਦੁਆਰਾ ਪ੍ਰਾਪਤ ਕੀਤੇ ਜਾਂਦੇ ਹਨ। ਇਸ ਤਰ੍ਹਾਂ ਰਾਸ਼ਟਰੀ ਆਮਦਨ ਨੂੰ ਉਤਪਾਦਨ ਦੇ ਸਾਧਨਾਂ ਨੂੰ ਹੋਣ ਵਾਲਾ ਕੁੱਲ ਭੁਗਤਾਨ ਜਾਂ ਰਾਸ਼ਟਰੀ ਉਤਪਾਦਨ ਨੂੰ ਪੈਦਾ ਕਰਨ ਦੀ ਸ਼ੁੱਧ ਲਾਗਤ ਵੀ ਕਿਹਾ ਜਾ ਸਕਦਾ ਹੈ। ਰਾਸ਼ਟਰੀ ਆਮਦਨ ਸਬੰਧੀ ਮਾਰਸ਼ਲ, ਪੀਗੂ, ਫਿਸ਼ਰ ਦੀਆਂ ਪਰੰਪਰਾਗਤ ਪਰਿਭਾਸ਼ਾਵਾਂ ਅਤੇ ਅਧੁਨਿਕ ਪਰਿਭਾਸ਼ਾਵਾਂ ਵੀ ਪੜ੍ਹ ਚੁੱਕੇ ਹੋ। ਤੁਸੀਂ ਜਾਣ ਗਏ ਹੋਵੋਗੇ ਕਿ ਰਾਸ਼ਟਰੀ ਆਮਦਨ ਦੇ ਮਾਪ ਦੀਆਂ ਤਿੰਨ ਵਿਧੀਆਂ ਹਨ: ਉਤਪਾਦਨ ਵਿਧੀ, ਆਮਦਨ ਵਿਧੀ ਅਤੇ ਖਰਚ ਵਿਧੀ।

**ਪਾਠ ਨੰਬਰ : 1.3** **ਲੇਖਕ : ਡਾ. ਪ੍ਰਤਾਪ ਸਿੰਘ**

# ਸਮਾਜਿਕ ਲੇਖਾ-ਜੋਖਾ
## (SOCIAL ACCOUNTING)

1.3.1 ਭੂਮਿਕਾ
1.3.2 ਉਦੇਸ਼
1.3.3 ਰਾਸ਼ਟਰੀ ਆਮਦਨ ਲੇਖੇ ਦੀਆਂ ਕਿਸਮਾਂ
1.3.4 ਸਮਾਜਿਕ ਲੇਖੇ– ਜੋਖੇ ਦੀ ਮਹਾਨਤਾ
1.3.5 ਸਾਰਾਂਸ਼

### 1.3.1 ਭੂਮਿਕਾ

ਭਾਵੇਂ ਯੂ.ਕੇ., ਯੂ.ਐਸ.ਏ. ਵਿੱਚ 1929-32 ਤੋਂ ਪਹਿਲਾਂ ਵੀ ਸਮਾਜਿਕ ਲੇਖਿਆਂ-ਜੋਖਿਆਂ ਨੂੰ ਬਣਾਉਣ ਸਬੰਧੀ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ, ਪਰ ਇਹ 1929-32 ਦੀ ਮੰਦੀ ਹੀ ਸੀ, ਜਿਸ ਨੇ ਸਮਾਜਿਕ ਖਾਤੇ ਨੂੰ ਤਿਆਰ ਕਰਨ ਲਈ ਅਸਲੀ ਉਸਕਾਹਟ ਦਿੱਤੀ। ਦੂਜੇ ਮਹਾਂ ਯੁੱਧ ਨੇ ਵੀ ਅਜਿਹੇ ਖਾਤਿਆਂ ਨੂੰ ਬਣਾਉਣ ਦੀ ਲੋੜ ਤੇ ਜ਼ੋਰ ਦਿੱਤਾ। ਚੀਨ ਦੇ 1962 ਦੇ ਹਮਲੇ ਬਾਅਦ, ਭਾਰਤ ਵਿੱਚ ਵੀ ਸੁਰੱਖਿਆ (defence) ਅਤੇ ਵਿਕਾਸ (adevelopment) ਵਿਚਕਾਰਲੀ ਬਹਿਸ ਨੇ ਇਨ੍ਹਾਂ ਦੀ ਲੋੜ ਨੂੰ ਮਹਿਸੂਸ ਕਰਵਾਇਆ। ਪਰੰਤੂ ਅਰਥ ਸ਼ਾਸਤਰ ਵਿੱਚ ਸਮਾਜਿਕ ਲੇਖੇ ਦੀ ਧਾਰਨਾ ਸਭ ਤੋਂ ਪਹਿਲਾਂ 1942 ਵਿੱਚ ਜੇ.ਆਰ. ਹਿਕਸ ਨੇ ਲਿਆਂਦੀ। ਹਿਕਸ ਅਨੁਸਾਰ, ਸਮਾਜਿਕ ਲੇਖੇ ਤੋਂ ਭਾਵ ਸਾਰੇ ਸਮਾਜ ਜਾਂ ਰਾਸ਼ਟਰ ਦੇ ਹਿਸਾਬ-ਕਿਤਾਬ ਤੋਂ ਇਲਾਵਾ ਹੋਰ ਕੁਝ ਨਹੀਂ। ਇਹ ਬਿਲਕੁਲ ਉਵੇਂ ਹੀ ਹੈ, ਜਿਵੇਂ ਨਿੱਜੀ ਲੇਖੇ-ਜੋਖੇ ਤੋਂ ਭਾਵ ਵਿਅਕਤੀਗਤ ਫਰਮ ਦੇ ਲੇਖੇ-ਜੋਖੇ ਤੋਂ ਹੁੰਦਾ ਹੈ। ਰਾਸ਼ਟਰੀ ਆਮਦਨ ਲੇਖਾ, ਸਮਾਜਿਕ ਲੇਖੇ ਦੇ ਅੰਦਰ ਹੀ ਆ ਜਾਂਦਾ ਹੈ ਅਤੇ ਇਹ ਸਮਾਜਿਕ ਲੇਖੇ ਦੀ ਧਾਰਨਾ ਦੇ ਮੁਕਾਬਲੇ ਵਿੱਚ ਇੱਕ ਵਿਸ਼ਾਲ ਧਾਰਨਾ ਹੈ। ਕਈ ਵਾਰੀ ਤਾਂ ਸਮਾਜਿਕ ਲੇਖੇ ਨੂੰ ਰਾਸ਼ਟਰੀ ਆਮਦਨ ਦੇ ਲੇਖੇ ਦੇ ਤੌਰ ਤੇ ਹੀ ਸਮਝ ਲਿਆ ਜਾਂਦਾ ਹੈ। ਅਸਲ ਵਿੱਚ ਇਹ ਆਰਥਿਕ ਕ੍ਰਿਆ ਦਾ ਅੰਕੜਈ ਵਰਨਣ ਹੈ। ਅੰਤਰ ਸੰਬੰਧਤ ਆਰਥਿਕ ਕ੍ਰਿਆਵਾਂ ਵਿੱਚ ਹੋਈ ਤਬਦੀਲੀ ਅਤੇ ਸਿੱਟੇ ਵਜੋਂ ਉਨ੍ਹਾਂ ਵਿੱਚ ਬਾਅਦ ਵਿੱਚ ਹੋਣ ਵਾਲੇ ਸਮਾਯੋਜਨ (adjustment), ਆਰਥਿਕ ਢਾਂਚੇ ਦੀ ਗਤੀਸ਼ੀਲ ਪ੍ਰਕ੍ਰਿਆ ਦੀ ਵਿਆਖਿਆ ਕਰਦੇ ਹਨ। ਐਡੀ ਪੀਕੌਕ ਅਤੇ ਕੂਪਰ ਦੇ ਸ਼ਬਦਾਂ ਵਿੱਚ "ਸਮਾਜਿਕ ਲੇਖੇ ਤੋਂ ਭਾਵ, ਮਨੁੱਖ ਅਤੇ ਮਨੁੱਖੀ ਸੰਸਥਾਵਾਂ ਦੀਆਂ ਕ੍ਰਿਆਵਾਂ ਦੇ ਅਜਿਹੇ ਅੰਕੜਈ ਵਰਗੀਕਰਣ ਤੋਂ ਹੈ ਜਿਸ ਨਾਲ ਸਾਨੂੰ ਸਮੁੱਚੀ ਅਰਥ ਵਿਵਸਥਾ ਦੇ ਕੰਮ ਕਰਨ ਦੇ ਤਰੀਕੇ ਬਾਰੇ ਜਾਣਕਾਰੀ ਮਿਲਦੀ ਹੈ। ਇਸ ਤਰ੍ਹਾਂ ਸਮਾਜਿਕ ਲੇਖੇ ਦੇ ਅਧਿਐਨ ਅੰਦਰ ਨਾ ਸਿਰਫ ਆਰਥਿਕਤਾ ਦੇ ਕੰਮ ਕਰਨ ਦਾ ਵਰਗੀਕਰਣ ਹੀ ਆਉਂਦਾ ਹੈ, ਸਗੋਂ ਇਸ ਤਰ੍ਹਾਂ ਪ੍ਰਾਪਤ ਹੋਈ ਜਾਣਕਾਰੀ ਦੀ ਵਰਤੋਂ ਵੀ ਆਉਂਦੀ ਹੈ, ਜਿਸ ਨਾਲ ਆਰਥਿਕ ਢਾਂਚੇ ਦੇ ਕੰਮ ਕਰਨ ਦੇ ਤਰੀਕੇ ਨੂੰ ਘੋਖਿਆ ਜਾ ਸਕਦਾ ਹੈ। ਕਿਸੇ ਅਰਥ ਵਿਵਸਥਾ ਦਾ ਸਮੁੱਚਾ ਵਿਵਹਾਰ, ਇਸ ਦੇ ਅੰਗ ਭੂਤ (constituent) ਭਾਗਾਂ, ਦੇ ਅੰਤਰ-ਸੰਬੰਧਤ ਵਿਵਹਾਰ ਦਾ ਨਤੀਜਾ ਹੈ। ਦੂਜੇ ਸ਼ਬਦਾਂ ਵਿਚ, ਸਮਾਜਿਕ ਲੇਖਾ, ਸਮੁੱਚੀ ਅਰਥ ਵਿਵਸਥਾ ਦੇ ਵੱਖ-ਵੱਖ ਖੇਤਰਾਂ (sectors) ਦੀਆਂ ਆਰਥਿਕ ਕ੍ਰਿਆਵਾਂ ਦੇ ਅੰਕੜਿਆਂ ਵਿੱਚ ਵਰਨਣ ਕਰਦਾ ਹੈ, ਉਨ੍ਹਾਂ ਦੇ ਆਪਸੀ ਸੰਬੰਧਾਂ ਨੂੰ ਦੱਸਦਾ ਹੈ ਅਤੇ ਇਸ ਤਰ੍ਹਾਂ ਵਿਆਖਿਆ ਲਈ ਢਾਂਚਾ ਮੁਹੱਈਆ ਕਰਦਾ ਹੈ। ਰਾਸ਼ਟਰੀ ਆਮਦਨ ਲੇਖੇ ਨੂੰ ਆਰਥਿਕ ਕ੍ਰਿਆ ਦੇ ਅੰਕੜਿਆਂ ਦਾ ਲੰਬੇ ਦਾਅ ਦਾ ਚਿੱਤਰ ਵੀ ਕਿਹਾ ਜਾ ਸਕਦਾ ਹੈ ਜੋ ਕਿ ਆਰਥਿਕ ਅਸਲੀਅਤ ਦਾ ਵਰਨਣ ਕਰਨ ਵਾਲੇ ਮਾਡਲਾਂ ਦੇ ਭਵਨ (edifice) ਤੇ ਬਣਾਇਆ ਜਾਂਦਾ ਹੈ। ਇਸ ਤਰ੍ਹਾਂ ਰਾਸ਼ਟਰੀ ਆਮਦਨ ਲੇਖਾ ਪ੍ਰਣਾਲੀ ਸਿਧਾਂਤਵਾਦੀਆਂ, ਨੀਤੀਵਾਨਾਂ ਅਤੇ ਨਿਰਣਾ ਲੈਣ ਵਾਲਿਆਂ (decision-makers) ਆਦਿ ਦੀ ਇੱਕੋ ਜਿਹੀ ਸਹਾਇਤਾ ਕਰਦਾ ਹੈ। ਰਾਸ਼ਟਰੀ ਆਮਦਨ ਅਤੇ ਸਮਾਜਿਕ ਲੇਖੇ, ਉਤਪਾਦਨ ਅਤੇ ਨਿਵੇਸ਼ ਦੇ ਅਜਿਹੇ ਕ੍ਰਮਬੱਧ (arranged) ਮਾਪ ਤੋਂ ਬਿਨਾਂ ਹੋਰ ਕੁਝ ਨਹੀਂ ਜਿਹੜਾ ਉਤਪਾਦਨ ਨਾਲ ਸੰਬੰਧਿਤ ਅਤੇ ਉਤਪਾਦਿਤ ਮਾਲ ਦੇ ਉਪਭੋਗ ਨਾਲ ਸੰਬੰਧਤ ਲੋਕਾਂ ਦੇ ਨਿਰਣਿਆਂ ਵਿੱਚ ਫਰਕ ਉੱਤੇ ਜ਼ੋਰ ਦਿੰਦਾ ਹੈ। ਸਮਾਜਿਕ ਲੇਖੇ ਦੀ ਅਜਿਹੀ ਪ੍ਰਣਾਲੀ ਅਰਥ ਵਿਵਸਥਾ ਦੇ ਵੱਖ-ਵੱਖ ਖੇਤਰਾਂ ਅਤੇ ਉਪ ਖੇਤਰਾਂ ਵਿੱਚ ਹੋਣ ਵਾਲੇ ਵੰਨ-ਸੁਵੰਨੇ ਅਤੇ ਬਹੁਭਾਂਤੀ ਸੌਦਿਆਂ ਦੀ ਅਰਥ ਪੂਰਨ ਢੰਗ ਨਾਲ ਸਾਰੰਸ਼ (summary) ਦਿੰਦੀ ਹੈ। ਇਨ੍ਹਾਂ ਹਿਸਾਬ ਕਿਤਾਬਾਂ ਤੋਂ ਅਰਥ ਵਿਵਸਥਾ ਵਿਚਲੇ ਮਹੱਤਵ ਪੂਰਨ ਜੋੜਾਂ, ਜਿਵੇਂ ਕਿ ਆਮਦਨ, ਉਪਭੋਗ, ਬੱਚਤ, ਨਿਵੇਸ਼, ਬਰਾਮਦਾਂ, ਕਰਾਂ ਅਤੇ ਸਰਕਾਰੀ ਖਰਚਾਂ ਆਦਿ ਦਾ ਕਿਸੇ ਵੇਲੇ ਵੀ ਪਤਾ ਲਗਾਇਆ ਜਾ ਸਕਦਾ ਹੈ। ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਰਾਸ਼ਟਰੀ ਆਮਦਨ ਲੇਖੇ ਨੂੰ ਤਿਆਰ ਕਰਨਾ ਕਿਸੇ ਅਰਥ ਵਿਵਸਥਾ ਦੀ ਬਣਤਰ ਅਤੇ ਅਦਾਕਾਰੀ ਬਾਰੇ ਸਹੀ ਸੂਚਨਾ ਇਕੱਠੀ ਕਰਨ ਲਈ ਇੱਕ ਬਹੁਤ ਹੀ ਅਮਲੀ ਤਰੀਕਾ ਹੈ।"

ਉਤਪਾਦਨ, ਉਪਭੋਗ ਪੂੰਜੀ ਸੰਗ੍ਰਹਿ, ਸਰਕਾਰੀ ਲੈਣ ਦੇਣ ਅਤੇ ਬਾਕੀ ਦੇ ਸੰਸਾਰ ਨਾਲ ਲੈਣ ਦੇਣ ਆਦਿ ਆਰਥਿਕ ਕ੍ਰਿਆ ਦੀਆਂ ਮੁੱਖ ਕਿਸਮਾਂ ਹਨ ਅਤੇ ਸਮਾਜਿਕ ਲੇਖੇ ਦੇ ਅੰਗ ਹਨ । ਜੇ ਕਿਸੇ ਦੇਸ਼ ਦੀਆਂ ਇਨ੍ਹਾਂ ਪੰਜਾਂ ਕ੍ਰਿਆਵਾਂ ਨਾਲ ਸੰਬੰਧਤ ਆਮਦਾਂ (incomings) ਅਤੇ ਖਰਚ (outgoings) ਨੂੰ, ਹਿਸਾਬ ਦੇ ਰੂਪ ਵਿੱਚ ਵਿਖਾਇਆ ਜਾਂਦਾ ਹੈ ਤਾਂ ਇਸ ਨਾਲ ਉਸ ਅਰਥ ਵਿਵਸਥਾ ਦੇ ਬੁਨਿਆਦੀ ਢਾਂਚੇ ਨੂੰ ਦੱਸਣ ਵਾਲੇ ਪ੍ਰਵਾਹਾਂ ਦੇ ਲੁਕਵੇਂ (closed) ਸਿਲਸਿਲੇ (network) ਦਾ ਪਤਾ ਲੱਗਦਾ ਹੈ । ਇਨ੍ਹਾਂ ਪ੍ਰਵਾਹਾਂ ਦਾ ਰੂਪ ਹਮੇਸ਼ਾਂ ਮੁਦਰਿਕ ਹੁੰਦਾ ਹੈ ।

## 1.3.2 ਉਦੇਸ਼: ਇਸ ਪਾਠ ਵਿਚ ਤੁਸੀਂ:

- ਸਮਾਜਿਕ ਲੇਖਾ-ਜੋਖਾ ਧਾਰਨਾ ਦਾ ਅਰਥ ਪੜ੍ਹੋਗੇ ।
- ਰਾਸ਼ਟਰੀ ਆਮਦਨ ਲੇਖੇ ਦੀਆਂ ਕਿਸਮਾਂ ਬਾਰੇ ਪੜ੍ਹੋਗੇ ।
- ਸਮਾਜਿਕ ਲੇਖੇ ਜੋਖੇ ਦੀ ਮਹਾਨਤਾ ਪੜ੍ਹੋਗੇ ।

## 1.3.3 ਰਾਸ਼ਟਰੀ ਆਮਦਨ ਲੇਖੇ ਦੀਆਂ ਕਿਸਮਾਂ:

ਰਾਸ਼ਟਰੀ ਆਮਦਨ ਲੇਖੇ ਤੋਂ ਭਾਵ ਬਾਕਾਇਦਾ ਕ੍ਰਮਬੱਧ ਅੰਕੜਿਆਂ ਦੀਆਂ ਮੰਡਲੀਆਂ ਦੇ ਸਮੂਹ ਤੋਂ ਹੈ ਜਿਨ੍ਹਾਂ ਦਾ ਕਿਰਨ ਕੇਂਦਰ (focus) ਕਿਸੇ ਦੇਸ਼ ਦੀਆਂ ਅੰਦਰਲੀਆਂ ਆਰਥਿਕ ਕ੍ਰਿਆਵਾਂ ਦੇ ਵੱਖ-ਵੱਖ ਪਹਿਲੂਆਂ ਨੂੰ ਮਾਪਣਾ ਹੈ । ਇਨ੍ਹਾਂ ਅੰਕੜਿਆਂ ਦੇ ਬਾਕਾਇਦਾ ਕ੍ਰਮਬੱਧ ਸਮੂਹਾਂ ਨਾਲ, ਰਾਸ਼ਟਰੀ ਆਰਥਿਕ ਕ੍ਰਿਆਵਾਂ ਦੇ ਵੱਖੋ ਵੱਖਰੇ ਪਹਿਲੂਆਂ ਨੂੰ ਮਾਪਣ ਲਈ, ਮੁੱਖ ਤੌਰ ਤੇ ਅਜਿਹੇ ਅੰਕੜਿਆਂ ਦੇ ਸਮੂਹ (bodies) ਨਿਮਨ ਅਨੁਸਾਰ ਹਨ :

(ੳ) ਰਾਸ਼ਟਰੀ ਆਮਦਨ ਅਤੇ ਉਤਪਾਦਨ ਲੇਖਾ

(ਅ) ਆਗਤ-ਉਪਜ (Input-output) ਸਾਰਣੀਆਂ

(ੲ) ਨਿਧੀਆਂ (Funds) ਦੇ ਚਿੱਠਿਆਂ (Statements) ਦਾ ਪ੍ਰਵਾਹ,

(ਸ) ਭੁਗਤਾਨਾਂ ਦੀ ਬਕਾਇਆ ਅਤੇ

(ਹ) ਰਾਸ਼ਟਰੀ ਤੁਲਨਾ-ਪੱਤਰ (Balance Sheets)

**ਰਾਸ਼ਟਰੀ ਆਮਦਨ ਅਤੇ ਉਤਪਾਦਨ ਲੇਖੇ :** ਰਾਸ਼ਟਰੀ ਆਮਦਨ ਅਤੇ ਉਤਪਾਦਨ ਲੇਖਿਆਂ ਦਾ ਸੰਬੰਧ ਆਮਦਨ ਅਤੇ ਉਪਜ ਦੇ ਸੌਦਿਆਂ ਨਾਲ ਹੁੰਦਾ ਹੈ ਇਹ ਲੇਖੇ ਰਾਸ਼ਟਰੀ ਉਪਜ ਜਾਂ ਵਸੂਲੀਆਂ (receipts), ਜਿਵੇਂ ਕਿ ਕੁੱਲ ਰਾਸ਼ਟਰੀ ਉਪਜ, ਸ਼ੁੱਧ ਰਾਸ਼ਟਰੀ ਉਪਜ, ਵਿਅਕਤੀਗਤ ਆਮਦਨ ਅਤੇ ਖਰਚ ਕਰਨ ਯੋਗ ਆਮਦਨ ਆਦਿ ਦਾ ਅੰਕੜਈ ਬਿਊਰਾ ਹੁੰਦਾ ਹੈ । ਇਸ ਨੂੰ ਅਰਥ ਵਿਵਸਥਾ ਦੀ ਮੌਜੂਦਾ ਉਪਜਾਊ ਕ੍ਰਿਆ ਨੂੰ, ਮੌਜੂਦਾ ਆਮਦਨ ਅਤੇ ਖਰਚ ਵਿਚ, ਇੱਕ ਸਮੇਂ ਵੱਖੋ ਵੱਖਰਿਆਂ ਦੱਸਣ ਲਈ, ਜੋ ਕਿ ਖਾਸ ਕਿਸਮ ਦੀ ਆਰਥਿਕ ਕ੍ਰਿਆ, ਜਿਵੇਂ ਉਪਭੋਗ, ਨਿਵੇਸ਼, ਉਪਜ ਆਦਿ ਨਾਲ ਸੰਬੰਧਤ ਹਨ, ਬਣਾਇਆ ਜਾਂਦਾ ਹੈ । ਇਨ੍ਹਾਂ ਲੇਖਿਆਂ ਵਿੱਚ ਹੇਠ ਦਿੱਤੇ ਲੇਖੇ ਸ਼ਾਮਲ ਹਨ :

### 1. ਉਤਪਾਦਨ ਲੇਖਾ

ਇਹ ਲੇਖਾ ਦੇਸ਼ ਦੇ ਕਾਰੋਬਾਰੀ ਖੇਤਰ (Business Sector) ਨਾਲ ਸੰਬੰਧਿਤ ਹੁੰਦਾ ਹੈ । ਕਿਉਂਕਿ ਸਾਰੀ ਉਪਜਾਊ ਕ੍ਰਿਆ ਇਸ ਖੇਤਰ ਵਿੱਚ ਹੁੰਦੀ ਹੈ, ਇਸੇ ਕਰਕੇ ਸਾਰੇ ਭੁਗਤਾਨਾਂ ਦਾ ਪ੍ਰਵਾਹ, ਇਸੇ ਖੇਤਰ ਵਲੋਂ, ਦੂਜੇ ਖੇਤਰਾਂ ਵੱਲ ਹੁੰਦਾ ਹੈ । ਕਾਰੋਬਾਰੀ ਖੇਤਰ ਦੇ ਉਤਪਾਦਨ ਲੇਖੇ ਨੂੰ ਹੇਠ ਦਿੱਤੀ ਸਾਰਣੀ ਸਪੱਸ਼ਟ ਕਰਦੀ ਹੈ :

**ਸਾਰਣੀ - I**

**ਉਤਪਾਦਨ ਲੇਖਾ**

*(ਰੁਪਏ ਕਰੋੜਾਂ ਵਿੱਚ)*

| ਭੁਗਤਾਨ | | | ਵਸੂਲੀਆਂ | | |
|---|---|---|---|---|---|
| 1. | ਵਿਅਕਤੀਗਤ ਖੇਤਰ<br>ਜਿਵੇਂ ਕਿ ਮਜ਼ਦੂਰੀਆਂ ਆਦਿ, (II-5) | 279 | 5. | ਉਪਭੋਗ ਖਰਚ (II-I) | 219 |
| | | | 6. | ਸਰਕਾਰੀ ਖਰੀਦ (III-I) | 30 |
| 2. | ਸਰਕਾਰੀ ਭੁਗਤਾਨ (III-5) | 12 | 7. | ਕੁੱਲ ਨਿੱਜੀ ਘਰੇਲੂ ਨਿਵੇਸ਼ (IV-I) | 36 |
| 3. | ਕਾਰੋਬਾਰੀ ਬੱਚਤ (IV-3) | 9 | 8. | ਵਸਤਾਂ ਅਤੇ ਸੇਵਾਵਾਂ ਦੀਆਂ ਬਰਾਮਦਾਂ (V-1) | 24 |
| 4. | ਵਸਤਾਂ ਅਤੇ ਸੇਵਾਵਾਂ ਦੀਆਂ ਦਰਾਮਦਾਂ | 9 | | | |
| | **ਕੁੱਲ ਰਾਸ਼ਟਰੀ ਆਮਦਨ** | 309 | | **ਕੁੱਲ ਰਾਸ਼ਟਰੀ ਖਰਚ** | 309 |

***ਨੋਟ :*** *ਬਰੈਕਟਾਂ ਵਿਚਲੇ ਅੰਕੜੇ ਸੰਬੰਧਤ ਟੇਬਲ, ਅਤੇ ਮੱਦ ਨਾਲ ਸੰਬੰਧਤ ਹਨ ।*

ਵਿਅਕਤੀਗਤ ਖੇਤਰ ਨੂੰ ਹੋਣ ਵਾਲੇ ਭੁਗਤਾਨਾਂ ਵਿੱਚ ਕਿਰਾਇਆ, ਵਿਆਜ, ਮਜ਼ਦੂਰੀਆਂ, ਲਾਭਾਂਸ਼, ਤਨਖਾਹਾਂ, ਮਾਲਕਾਂ ਦੀ ਆਮਦਨ ਅਤੇ ਮੁਲਾਜ਼ਮਾਂ ਨੂੰ ਮਿਲਣ ਵਾਲਾ ਮੁਆਵਜਾ (compensation) ਸ਼ਾਮਲ ਹੁੰਦਾ ਹੈ। ਸਰਕਾਰ ਨੂੰ ਹੋਣ ਵਾਲੇ ਭੁਗਤਾਨਾਂ ਵਿੱਚ, ਉਤਪਾਦਨ ਉੱਤੇ ਟੈਕਸਾਂ ਅਤੇ ਸਮਾਜਿਕ ਸੁਰੱਖਿਆ ਭੁਗਤਾਨਾਂ ਦੇ ਰੂਪ ਵਿੱਚ ਹੋਣ ਵਾਲੇ ਸ਼ੁੱਧ ਭੁਗਤਾਨ ਸ਼ਾਮਲ ਹੁੰਦੇ ਹਨ। ਕਾਰੋਬਾਰੀ ਬੱਚਤ ਤੋਂ ਭਾਵ, ਉਤਪਾਦਕਾਂ ਦੁਆਰਾ ਰੱਖੀ ਹੋਈ (retained) ਆਮਦਨ ਜਾਂ ਨਿਗਮ ਬੱਚਤ ਹੁੰਦਾ ਹੈ। ਸਾਰਣੀ ਵਿੱਚ ਦਿੱਤੀ ਹੋਈ ਚੌਥੀ ਮੱਦ ਵਿਦੇਸ਼ੀ ਖੇਤਰ ਨੂੰ ਵਸਤਾਂ ਅਤੇ ਸੇਵਾਵਾਂ ਦੀ ਦਰਾਮਦ ਕਾਰਣ ਕੀਤੇ ਹੋਏ ਭੁਗਤਾਨਾਂ ਨਾਲ ਸੰਬੰਧਤ ਹੈ। ਕੁੱਲ ਰਾਸ਼ਟਰੀ ਆਮਦਨ ਇਨ੍ਹਾਂ ਸਾਰੇ ਅੰਕੜਿਆਂ ਦੇ ਜੋੜ ਤੋਂ ਪ੍ਰਾਪਤ ਹੁੰਦੀ ਹੈ।

ਉਤਪਾਦਨ ਖਾਤੇ ਵਿੱਚ ਦਿੱਤੀਆਂ ਹੋਈਆਂ ਵਸੂਲੀਆਂ, ਕਾਰੋਬਾਰੀ ਖੇਤਰ ਦੀਆਂ ਆਮਦਾਂ ਹਨ, ਜਿਹੜੀਆਂ ਕਿ ਘਰੇਲੂ ਅਤੇ ਵਿਅਕਤੀਗਤ ਖੇਤਰ ਨੂੰ ਵੇਚੀਆਂ ਗਈਆਂ ਵਸਤਾਂ ਅਤੇ ਸੇਵਾਵਾਂ ਤੋਂ ਪ੍ਰਾਪਤ ਹੁੰਦੀਆਂ ਹਨ। ਸਰਕਾਰੀ ਖਰੀਦ ਤੋਂ ਭਾਵ, ਕਾਰੋਬਾਰੀ ਖੇਤਰ ਵਲੋਂ ਸਰਕਾਰ ਨੂੰ ਵੇਚੀਆਂ ਗਈਆਂ ਵਸਤਾਂ ਅਤੇ ਸੇਵਾਵਾਂ ਹੁੰਦੀਆਂ ਹਨ। ਸਰਕਾਰੀ ਖਰੀਦ ਤੋਂ ਭਾਵ ਕੁੱਲ ਪੂੰਜੀ ਪਦਾਰਥ ਅਤੇ ਵਸਤਾਂ ਦੇ ਭੰਡਾਰਾਂ (inventories) ਵਿੱਚ ਹੋਣ ਵਾਲੀਆਂ ਸ਼ੁੱਧ ਤਬਦੀਲੀਆਂ ਦੇ ਪ੍ਰਵਾਹ ਸ਼ਾਮਲ ਹੁੰਦੇ ਹਨ। ਸ਼ੁੱਧ ਬਰਾਮਦਾਂ ਤੋਂ ਭਾਵ ਕਾਰੋਬਾਰੀ ਖੇਤਰ ਵੱਲੋਂ ਬਾਕੀ ਦੇ ਸੰਸਾਰ (rest of the world) ਨੂੰ, ਵਸਤਾਂ ਅਤੇ ਸੇਵਾਵਾਂ ਦੀ ਬਰਾਮਦ ਤੋਂ ਮਿਲਣ ਵਾਲੀ ਆਮਦਨ ਹੁੰਦਾ ਹੈ। ਇਨ੍ਹਾਂ ਸਾਰੀਆਂ ਮੱਦਾਂ ਦੇ ਜੋੜ ਤੋਂ, ਖਰਚ ਅਨੁਸਾਰ ਕੁੱਲ ਰਾਸ਼ਟਰੀ ਉਤਪਾਦਨ ਪ੍ਰਾਪਤ ਹੁੰਦਾ ਹੈ।

### 2. ਉਪਭੋਗ ਲੇਖਾ

ਇਸ ਲੇਖੇ ਵਿੱਚ ਘਰੇਲੂ ਜਾਂ ਵਿਅਕਤੀਗਤ ਖੇਤਰ ਦੀ ਆਮਦਨ ਅਤੇ ਖਰਚ ਸ਼ਾਮਲ ਹਨ। ਘਰੇਲੂ ਖੇਤਰ ਵਿੱਚ ਸਾਰੀਆਂ ਲਾਭ ਨਾ ਕਮਾਉਣ ਵਾਲੀਆਂ ਸੰਸਥਾਵਾਂ, ਜਿਵੇਂ ਕਿ ਸਭਾਵਾਂ ਅਤੇ ਕਲੱਬ ਸ਼ਾਮਲ ਹਨ। ਉਪਭੋਗ ਲੇਖੇ ਨੂੰ ਹੇਠ ਦਿੱਤੀ ਸਾਰਣੀ ਸਪਸ਼ਟ ਕਰਦੀ ਹੈ :

**ਸਾਰਣੀ – II**

**ਉਪਭੋਗ ਲੇਖਾ**

*(ਰੁਪਏ ਕਰੋੜਾਂ ਵਿੱਚ)*

| ਭੁਗਤਾਨ | | | ਵਸੂਲੀਆਂ | | |
|---|---|---|---|---|---|
| 1. | ਉਪਭੋਗ ਖਰਚ (I-5) | 219 | 5. | ਕਾਰੋਬਾਰ ਤੋਂ ਵਸੂਲੀਆਂ ਜਿਵੇਂ ਕਿ, ਮਜ਼ਦੂਰੀਆਂ ਅਤੇ ਵੇਤਨ (I-I) | 279 |
| 2. | ਸਰਕਾਰ ਨੂੰ ਭੁਗਤਾਨ (III-5) | 45 | | | |
| 3. | ਵਿਅਕਤੀਗਤ ਬੱਚਤ (IV-4) | 15 | | | |
| 4. | ਵਿਦੇਸ਼ੀਆਂ ਨੂੰ ਟਰਾਂਸਫਰ (V-3) | 6 | 6. | ਸਰਕਾਰ ਤੋਂ ਵਸੂਲੀਆਂ (III-2) | 6 |
| | **ਵਿਅਕਤੀਗਤ ਖਰਚ ਅਤੇ ਬੱਚਤ** | **285** | | **ਵਿਅਕਤੀਗਤ ਆਮਦਨ** | **285** |

***ਨੋਟ*** *: ਬਰੈਕਟਾਂ ਵਿੱਚ ਦਿੱਤੇ ਅੰਕੜਿਆਂ ਤੋਂ ਭਾਵ ਸਾਰਣੀ I ਵਾਂਗ ਹੀ ਹੈ।*

### 3. ਸਰਕਾਰੀ ਲੇਖਾ

ਸਰਕਾਰੀ ਲੇਖਾ, ਸਰਕਾਰੀ ਖੇਤਰ ਤੋਂ ਵਹਾਉ (outflows) ਅਤੇ ਉਸ ਨੂੰ ਹੋਣ ਵਾਲੇ ਆਗਮਨਾਂ (inflow) ਨਾਲ ਸਬੰਧਤ ਹੈ। ਸਰਕਾਰੀ ਖੇਤਰ ਵਿੱਚ ਕਿਸੇ ਦੇਸ਼ ਦੀਆਂ ਸਾਰੀਆਂ

ਜਨਤਕ ਹਕੂਮਤਾਂ, ਜਿਵੇਂ ਕਿ ਕੇਂਦਰੀ, ਸੂਬਾਈ ਅਤੇ ਸਥਾਨਕ ਸ਼ਾਮਲ ਹੁੰਦੇ ਹਨ। ਨਿਮਨ ਸਾਰਣੀ, ਸਰਕਾਰੀ ਲੇਖੇ ਨੂੰ ਸਪੱਸ਼ਟ ਕਰਦੀ ਹੈ ।

**ਸਾਰਣੀ – III**
**ਉਪਭੋਗ ਲੇਖਾ**

*(ਰੁਪਏ ਕਰੋੜਾਂ ਵਿੱਚ)*

| **ਭੁਗਤਾਨ** | | | **ਵਸੂਲੀਆਂ** | | | |
|---|---|---|---|---|---|---|
| 1. | ਕਾਰੋਬਾਰ ਨੂੰ ਭੁਗਤਾਨ (1-6) | | 30 | 5. | | |
| ਕਾਰੋਬਾਰ ਤੋਂ ਵਸੂਲੀਆਂ (1-2) 12 | | | | | | |
| 2. | ਵਿਅਕਤੀਆਂ ਨੂੰ ਭੁਗਤਾਨ (1-6) | 6 | | 6. | ਵਿਅਕਤੀਆਂ ਤੋਂ ਵਸੂਲੀਆਂ (II-2) | 45 |
| 3. | ਸਰਕਾਰੀ ਵਾਫਰ (Surplus) (IV-5) | 15 | | | | |
| 4. | ਵਿਦੇਸ਼ੀਆਂ ਨੂੰ ਭੁਗਤਾਨ (V-6) | 6 | | | | |
| | **ਸਰਕਾਰੀ ਵਾਫਰ ਅਤੇ ਖਰਚ** | | **57** | | **ਸਰਕਾਰੀ ਵਸੂਲੀਆਂ** | **57** |

***ਨੋਟ***: *ਬਰੈਕਟਾਂ ਵਿੱਚ ਦਿੱਤੇ ਅੰਕੜਿਆਂ ਤੋਂ ਭਾਵ ਪਹਿਲੀਆਂ ਸਾਰਣੀਆਂ ਵਾਂਗ ਹੀ ਹੈ ।*

ਉਪਰੋਕਤ ਸਾਰਣੀ ਨੰ: III ਵਿੱਚ ਮੱਦ ਨੰਬਰ 3 ਤੋਂ ਭਾਵ ਸਰਕਾਰੀ ਵਾਫਰ ਜਾਂ ਬੱਚਤ ਵਿੱਚੋਂ ਕੀਤਾ ਗਿਆ ਸਰਕਾਰੀ ਨਿਵੇਸ਼ ਹੈ । ਇੱਥੇ ਇਹ ਮਹੱਤਵਪੂਰਨ ਗੱਲ ਦੱਸਣੀ ਜ਼ਰੂਰੀ ਹੈ ਕਿ ਸਰਕਾਰੀ ਉਦਮ ਦੁਆਰਾ ਚਲਾਏ ਜਾ ਰਹੇ ਕਾਰੋਬਾਰਾਂ (state owned business) ਨੂੰ ਸਰਕਾਰੀ ਖੇਤਰ ਤੋਂ ਬਾਹਰ ਕੱਢ ਦਿੱਤਾ ਜਾਂਦਾ ਹੈ, ਕਿਉਂਕਿ ਉਹ ਕਾਰੋਬਾਰੀ ਖੇਤਰ ਵਿੱਚ ਆਉਂਦੇ ਹਨ ਅਰਥਾਤ ਨਿੱਜੀ ਉਦਮਾਂ ਦੀ ਤਰ੍ਹਾਂ ਉਹ (ਜਨਤਕ ਉੱਦਮ) ਦੀ ਵਿਕਰੀ ਵਾਸਤੇ ਵਸਤਾਂ ਅਤੇ ਸੇਵਾਵਾਂ ਪੈਦਾ ਕਰਦੇ ਹਨ ।

**4. ਨਿਵੇਸ਼ ਖਾਤਾ**

ਨਿਵੇਸ਼ ਖਾਤੇ ਅਨੁਸਾਰ, ਦੇਸ਼ ਵਿੱਚ ਬੱਚਤ, ਘਰੇਲੂ ਅਤੇ ਵਿਦੇਸ਼ੀ ਨਿਵੇਸ਼ ਦੇ ਜੋੜ ਦੇ ਬਰਾਬਰ ਹੁੰਦੀ ਹੈ । ਬੱਚਤ ਨੂੰ ਦੇਸ਼ ਵਿੱਚ ਬੱਧੀ ਪੂੰਜੀ, ਵਸਤੂਆਂ ਦੇ ਭੰਡਾਰਾਂ (inventories), ਅਤੇ ਜਾਂ ਅੰਤਰ ਰਾਸ਼ਟਰੀ ਪਰਿਸੰਪਤੀਆਂ (assets) ਵਿੱਚ ਨਿਵੇਸ਼ ਕੀਤਾ ਜਾਂਦਾ ਹੈ । ਸਾਰਣੀ-IV ਨਿਵੇਸ਼ ਖਾਤੇ ਨੂੰ ਸਪਸ਼ੱਟ ਕਰਦੀ ਹੈ ।

**ਸਾਰਣੀ – IV**
**ਉਪਭੋਗ ਲੇਖਾ**

*(ਰੁਪਏ ਕਰੋੜਾਂ ਵਿੱਚ)*

| **ਭੁਗਤਾਨ** | | | **ਵਸੂਲੀਆਂ** | | |
|---|---|---|---|---|---|
| 1. | ਕੁੱਲ ਨਿੱਜੀ ਘਰੇਲੂ ਨਿਵੇਸ਼ (1-7) | 36 | 3. | ਕਾਰੋਬਾਰੀ ਬੱਚਤ (I-3) | 9 |
| 2. | ਸ਼ੁੱਧ ਵਿਦੇਸ਼ੀ ਨਿਵੇਸ਼ (1-5) | 3 | 4. | ਵਿਅਕਤੀਗਤ ਬੱਚਤ (II-3) | 15 |
| | | | 5. | ਸਰਕਾਰੀ ਵਾਫਰ (III-3) | 15 |
| | **ਕੁੱਲ ਨਿਵੇਸ਼** | **39** | | **ਕੁੱਲ ਬੱਚਤ** | **39** |

***ਨੋਟ***: *ਪਹਿਲੀਆਂ ਦਿੱਤੀਆਂ ਸਾਰਣੀਆਂ ਵਾਂਗ ਹੀ ਹੈ ।*

**5. ਵਿਦੇਸ਼ੀ ਖਾਤਾ**

ਵਿਦੇਸ਼ੀ ਖਾਤੇ ਵਿੱਚ ਕਿਸੇ ਦੇਸ਼ ਦਾ ਬਾਕੀ ਦੇ ਸੰਸਾਰ ਨਾਲ ਲੈਣ ਦੇਣ ਵਿਖਾਇਆ ਜਾਂਦਾ ਹੈ ।

ਇਸ ਖਾਤੇ ਵਿੱਚ ਵਸਤਾਂ ਅਤੇ ਸੇਵਾਵਾਂ ਅਤੇ ਟਰਾਂਸਫਰ ਭੁਗਤਾਨਾਂ ਦੀਆਂ ਅੰਤਰ ਰਾਸ਼ਟਰੀ ਗਤੀਵਿਧੀਆਂ (movements) ਆਉਂਦੀਆਂ ਹਨ, ਜੋ ਕਿ ਅੰਤਰ-ਰਾਸ਼ਟਰੀ ਭੁਗਤਾਨ ਬਾਕੀ ਦੇ ਚਾਲੂ ਲੇਖੇ ਨਾਲ ਮੇਲ ਖਾਂਦੀਆਂ ਹਨ। ਵਿਦੇਸ਼ੀ ਖਾਤਾ ਜਾਂ ਬਾਕੀ ਦੇ ਸੰਸਾਰ ਦਾ ਖਾਤਾ, ਸਾਰਣੀ-V ਤੋਂ ਸਾਫ ਪਤਾ ਲੱਗਦਾ ਹੈ। ਸੌਖ ਵਾਸਤੇ, ਬੀਮਾ ਅਤੇ ਮਾਲ ਢੁਆਈ ਆਦਿ ਵਰਗੀਆਂ ਸੇਵਾਵਾਂ ਨੂੰ ਵੱਖਰਾ ਨਹੀਂ ਵਿਖਾਇਆ ਗਿਆ।

## ਸਾਰਣੀ – V
## ਵਿਦੇਸ਼ੀ ਖਾਤਾ

*(ਰੁਪਏ ਕਰੋੜਾਂ ਵਿੱਚ)*

| | ਭੁਗਤਾਨ | | | ਵਸੂਲੀਆਂ | |
|---|---|---|---|---|---|
| 1. | ਵਸਤਾਂ ਅਤੇ ਸੇਵਾਵਾਂ ਬਰਾਮਦਾਂ (I-8) | 24 | 2. | ਵਸਤਾਂ ਅਤੇ ਸੇਵਾਵਾਂ ਦੀਆਂ ਦਰਾਮਦਾਂ (1-4) | 9 |
| | | | 3. | ਵਿਅਕਤੀਆਂ ਦੁਆਰਾ ਵਿਦੇਸ਼ੀਆਂ ਨੂੰ ਟਰਾਂਸਫਰ ਭੁਗਤਾਨ (II-4) | 6 |
| | | | 4. | ਸਰਕਾਰ ਦੁਆਰਾ ਵਿਦੇਸ਼ੀਆਂ ਨੂੰ ਟਰਾਂਸਫਰ ਭੁਗਤਾਨ (III-4) | 6 |
| | | | 5. | ਸ਼ੁੱਧ ਵਿਦੇਸ਼ੀ ਨਿਵੇਸ਼ (IV-2) | 3 |
| | **ਵਿਦੇਸ਼ੀਆਂ ਤੋਂ ਸ਼ੁੱਧ ਵਸੂਲੀਆਂ** | 24 | | **ਵਿਦੇਸ਼ੀਆਂ ਤੋਂ ਸ਼ੁੱਧ ਭੁਗਤਾਨ** | 24 |

***ਨੋਟ**: ਜਿਵੇਂ ਪਹਿਲੀਆਂ ਦਿੱਤੀਆਂ ਸਾਰਣੀਆਂ ਲਈ ਹੈ।*

ਉਪਰੋਕਤ ਦੱਸੀ ਗਈ ਪੰਜ-ਖਾਤੀ ਪ੍ਰਣਾਲੀ, ਅਰਥ ਵਿਵਸਥਾ ਦੇ ਉਤਪਾਦਨ, ਉਪਭੋਗ, ਪੂੰਜੀ ਸੰਗ੍ਰਹਿ, ਸਰਕਾਰੀ ਲੈਣ ਦੇਣ ਅਤੇ ਬਾਕੀ ਦੇ ਸੰਸਾਰ ਨਾਲ ਲੈਣ ਦੇਣ ਸੰਬੰਧੀ ਪ੍ਰਵਾਹਾਂ ਨਾਲ ਸਬੰਧਿਤ ਹੈ। ਇਨ੍ਹਾਂ ਪ੍ਰਵਾਹਾਂ ਉੱਤੇ ਆਧਾਰਿਤ ਲੇਖਿਆਂ ਨੂੰ 'ਫਲਨਕ ਲੇਖਿਆ' ਦਾ ਨਾਂ ਦਿੱਤਾ ਜਾਂਦਾ ਹੈ, ਕਿਉਂਕਿ ਇਹਨਾਂ ਲੇਖਿਆਂ ਦਾ ਆਧਾਰ, ਕਾਰਜ ਅਨੁਸਾਰ ਸੌਦਿਆਂ ਦਾ ਵਰਗੀਕਰਣ ਹੈ।

### ਸਮਾਜਿਕ ਖਾਤਿਆਂ ਦਾ ਪੇਸ਼ਕਰਨ (Presentation)

ਜਦੋਂ ਵੀ ਅਸੀਂ ਰਾਸ਼ਟਰੀ ਖਾਤਿਆਂ ਦੀ ਗੱਲ ਕਰ ਰਹੇ ਹੁੰਦੇ ਹਾਂ, ਅਸੀਂ ਹਮੇਸ਼ਾ ਵਸੂਲੀਆਂ (ਆਮਦਨ) ਅਤੇ ਭੁਗਤਾਨ (ਖਰਚ) ਦੀ ਕਲਪਨਾ ਕਰ ਰਹੇ ਹੁੰਦੇ ਹਾਂ। ਰਾਸ਼ਟਰੀ ਆਮਦਨ ਦੇ ਅੰਕੜਿਆਂ ਨੂੰ ਦੋਹਰੀ ਇੰਦਰਾਜ ਪ੍ਰਣਾਲੀ (double entry system) ਜਾਂ ਮੈਟ੍ਰਿਕਸ ਦੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ। ਮੈਟ੍ਰਿਕਸ ਕਿਸੇ ਦੇਸ਼ ਦੀਆਂ ਕੁੱਲ ਆਰਥਿਕ ਕ੍ਰਿਆਵਾਂ ਦੇ ਅੰਕੜਿਆਂ ਨੂੰ ਇੱਕ ਸੰਗਠਿਤ ਅਤੇ ਸਾਰਣੀ ਦੇ ਰੂਪ ਵਿੱਚ ਪੇਸ਼ ਕਰਦੀ ਹੈ। ਅਸਲ ਵਿੱਚ ਇਹ ਅੰਕੜਿਆਂ ਦਾ ਲਾਈਨਾਂ (rows) ਅਤੇ ਖਾਨਿਆਂ (columns) ਦੇ ਰੂਪ ਵਿੱਚ ਆਇਤਕਾਰੀ ਤਰਤੀਬ (rectangular arrangements) ਹੀ ਹੁੰਦਾ ਹੈ। ਮੌਜੂਦਾ ਸਹਿਮਤੀ ਇਸ ਤਰ੍ਹਾਂ ਹੈ ਕਿ ਸਮਾਜਿਕ ਹਿਸਾਬ ਕਿਤਾਬ ਨੂੰ ਸੰਯੁਕਤ ਰਾਜਾਂ ਵੱਲੋਂ ਸਿਫਾਰਸ਼ ਕੀਤੇ ਹੋਏ ਤਰੀਕੇ ਅਨੁਸਾਰ ਸਮਾਜਿਕ ਲੇਖਾ ਸਾਰਣੀ (ਸਮਾਜਿਕ ਲੇਖ ਮੈਟ੍ਰਿਕਸ) ਦੇ ਰੂਪ ਵਿੱਚ ਪੇਸ਼ ਕੀਤਾ ਜਾਵੇ।

ਸਮਾਜਿਕ ਲੇਖੇ ਨੂੰ ਪੇਸ਼ ਕਰਨ ਦੀ ਮੈਟ੍ਰਿਕਸ ਦੀ ਹਰੇਕ ਲਾਈਨ, ਇੱਕ ਖੇਤਰ ਦੀਆਂ ਵਸੂਲੀਆਂ ਨੂੰ ਅਤੇ ਹਰੇਕ ਖਾਨਾ ਇੱਕ ਖੇਤਰ ਦੇ ਭੁਗਤਾਨਾਂ ਨੂੰ ਦੱਸਦਾ ਹੈ ਅਤੇ ਇਸ ਤਰ੍ਹਾਂ ਹਰੇਕ ਖੇਤਰ ਲਈ ਇੱਕ ਲਾਈਨ ਅਤੇ ਇੱਕ ਖਾਨਾ ਹੁੰਦਾ ਹੈ ਅਤੇ ਇੱਕ ਖੇਤਰ ਤੋਂ ਦੂਜੇ ਖੇਤਰ ਨੂੰ ਹੋਣ ਵਾਲੇ ਭੁਗਤਾਨ, ਉਸ ਜਗ੍ਹਾ (space) ਤੇ ਲਿਖੇ ਜਾਂਦੇ ਹਨ, ਜਿਥੇ ਇੱਕ ਖੇਤਰ ਦਾ ਖਾਨਾ ਦੂਜੇ ਖੇਤਰ ਦੀ ਲਾਈਨ, ਇੱਕ ਦੂਜੇ ਨੂੰ

ਕੱਟਦੇ ਹਨ । ਇੱਕ ਸਾਧਾਰਣ ਮੈਟ੍ਰਿਕਸ ਹੇਠ ਲਿਖੇ ਅਨੁਸਾਰ ਹੈ, ਜੋ ਕਿ ਹੁਣ ਤੱਕ ਦਿੱਤੀਆਂ ਹੋਈਆਂ ਸਾਰਣੀਆਂ ਵਿੱਚ ਦਿੱਤੇ ਹੋਏ ਭੁਗਤਾਨਾਂ ਅਤੇ ਵਸੂਲੀਆਂ ਦੇ ਪ੍ਰਵਾਹਾਂ ਦੇ ਸਬੰਧ ਨੂੰ ਦੱਸਦੀ ਹੈ :

**ਸਾਰਣੀ - VI**

**ਸਮਾਜਿਕ ਲੇਖੇ-ਜੋਖਿਆਂ ਦੇ ਪ੍ਰਵਾਹਾਂ ਦੀ ਮੈਟ੍ਰਿਕਸ**

**ਹਿਸਾਬ-ਕਿਤਾਬ**

| | *1* | *2* | *3* | *4* | *5* | |
|---|---|---|---|---|---|---|
| **ਖੇਤਰਾਂ ਨੂੰ ਭੁਗਤਾਨ/ ਤੋਂ ਵਸੂਲੀਆਂ** | **ਉਤਪਾਦਨ** | **ਉਪਭੋਗ** | **ਸਰਕਾਰ** | **ਪੂੰਜੀ** | **ਵਿਦੇਸ਼ੀ** | **ਕੁੱਲ** |
| ਉਤਪਾਦਨ | – | 279 | 12 | 9 | 9 | 309 |
| ਉਪਭੋਗ | 219 | – | 45 | 15 | 6 | 285 |
| ਸਰਕਾਰ | 30 | 6 | – | 15 | 6 | 57 |
| ਪੂੰਜੀ | 36 | – | – | – | 3 | 39 |
| ਵਿਦੇਸ਼ੀ | 24 | – | – | – | – | 24 |
| **ਜੋੜ** | **309** | **285** | **57** | **39** | **24** | **714** |

ਉਪਰੋਕਤ ਸਾਰਣੀ-VI, ਦੀ ਪਹਿਲੀ ਲਾਈਨ, ਕਾਰੋਬਾਰੀ ਖੇਤਰ ਵੱਲੋਂ ਉਪਭੋਗ ਖੇਤਰ ਨੂੰ 279 ਕਰੋੜ ਰੁਪਏ ਦੇ ਕੀਤੇ ਗਏ ਭੁਗਤਾਨ (ਮਜ਼ਦੂਰੀਆਂ ਅਤੇ ਵੇਤਨ ਦੇ ਰੂਪ ਵਿੱਚ) ਨੂੰ ਦੱਸਦੀ ਹੈ । ਇਸੇ ਤਰ੍ਹਾਂ ਟੈਕਸਾਂ ਦੇ ਰੂਪ ਵਿੱਚ ਸਰਕਾਰ ਨੂੰ 12 ਕਰੋੜ ਰੁਪਏ, ਫਰਮਾਂ ਦੇ ਪੂੰਜੀ ਖਾਤੇ ਨੂੰ 9 ਕਰੋੜ ਨਿਗਮ ਬੱਚਤਾਂ ਦੇ ਰੂਪ ਵਿੱਚ ਅਤੇ ਸੇਵਾਵਾਂ ਦੀਆਂ ਦਰਾਮਦਾਂ ਦੇ ਬਦਲੇ ਕੀਤੇ ਗਏ 9 ਕਰੋੜ ਰੁਪਏ ਦੇ ਭੁਗਤਾਨ ਨੂੰ ਦੱਸਦੀ ਹੈ ।

ਇਸ ਤਰ੍ਹਾਂ ਲਾਈਨ-II ਕਾਰੋਬਾਰੀ ਖੇਤਰ ਨੂੰ ਘਰੇਲੂ ਖੇਤਰ ਵੱਲੋਂ ਕੀਤੇ ਜਾਣ ਵਾਲੇ ਭੁਗਤਾਨਾਂ ਨੂੰ ਦੱਸਦੀ ਹੈ । ਇਸੇ ਤਰ੍ਹਾਂ ਹੀ ਲਾਈਨ ਨੰ. III, IV ਅਤੇ V ਨੂੰ ਸਮਝਿਆ ਜਾ ਸਕਦਾ ਹੈ । ਸਾਰਣੀ-VI, ਹਰੇਕ ਖੇਤਰ ਦੀਆਂ ਵਸੂਲੀਆਂ ਨੂੰ ਵੀ ਖਾਨਿਆਂ ਅਨੁਸਾਰ, ਦੱਸਦੀ ਹੈ । ਇਸ ਤੋਂ ਇਲਾਵਾ ਇਹ ਵੀ ਦੱਸਦੀ ਹੈ ਕਿ-

(i) ਹਰੇਕ ਸੈਲ (ਆਇਤ), ਇੱਕ ਖੇਤਰੀ ਖਾਤੇ ਨੂੰ ਕੀਤੇ ਗਏ ਭੁਗਤਾਨ ਅਤੇ ਦੂਜੇ ਖੇਤਰੀ ਖਾਤੇ ਤੋਂ ਹੋਈਆਂ ਵਸੂਲੀਆਂ ਦੀ ਬਰਾਬਰੀ ਨੂੰ ਵੀ ਦੱਸਦੀ ਹੈ ।

(ii) ਹਰ ਖੇਤਰੀ ਖਾਤੇ ਵੱਲੋਂ ਕੀਤੇ ਗਏ ਭੁਗਤਾਨ, ਉਸ ਖੇਤਰ ਨੂੰ ਹੋਣ ਵਾਲੀਆਂ ਵਸੂਲੀਆਂ ਦੇ ਬਰਾਬਰ ਹੁੰਦੇ ਹਨ ।

(iii) ਸਾਰੇ ਖੇਤਰਾਂ ਵੱਲੋਂ ਕੀਤੇ ਗਏ ਕੁੱਲ ਭੁਗਤਾਨ ਸਾਰੇ ਖੇਤਰਾਂ ਦੀਆਂ ਵਸੂਲੀਆਂ ਦੇ ਜੋੜ ਦੇ ਬਰਾਬਰ ਹੁੰਦੇ ਹਨ ।

### 1.3.4 ਸਮਾਜਿਕ ਲੇਖੇ-ਜੋਖੇ ਦੀ ਮਹਾਨਤਾ (Importance of Social Account)

1. ਪਹਿਲਾਂ ਤਾਂ ਇਹ ਸਮਾਜਿਕ ਖਾਤਿਆਂ ਦੀ ਪ੍ਰਣਾਲੀ ਕਿਸੇ ਅਰਥ ਵਿਵਸਥਾ ਦੀ ਆਮ ਤਸਵੀਰ ਸਾਡੇ ਸਾਹਮਣੇ ਪੇਸ਼ ਕਰਦੀ ਹੈ ਅਤੇ ਸਾਨੂੰ ਇਸ ਤੋਂ ਹੀ ਪਤਾ ਲਗਦਾ ਹੈ ਕਿ ਕੋਈ ਅਰਥ ਵਿਵਸਥਾ ਕਿਸ ਖਾਸ ਤਰੀਕੇ ਨਾਲ ਕਿਵੇਂ ਅਤੇ ਕਿਉਂ ਚੱਲ ਰਹੀ ਹੈ । ਇਨ੍ਹਾਂ ਲੇਖਿਆਂ ਤੋਂ ਆਰਥਿਕ ਵਾਧੇ ਦੀ ਦਰ ਜਾਂ ਅਰਥ ਵਿਵਸਥਾ ਵਿੱਚ ਜੇ ਕੋਈ ਅਸੰਤੁਲਨ ਹੈ, ਅਤੇ ਉਸ ਨੂੰ ਕਿਵੇਂ ਠੀਕ ਕੀਤਾ ਜਾ ਸਕਦਾ ਹੈ ਆਦਿ ਦਾ ਪਤਾ ਵੀ ਚਲਦਾ ਹੈ ।
2. ਇਨ੍ਹਾਂ ਲੇਖਿਆਂ ਤੋਂ ਹੀ ਅਰਥ ਵਿਵਸਥਾ ਦੀ ਅਦਾਕਾਰੀ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਹੁੰਦੀ ਹੈ । ਜਿਉਂ ਜਿਉਂ ਕੋਈ ਅਰਥ ਵਿਵਸਥਾ ਜ਼ਿਆਦਾ ਗੁੰਝਲਦਾਰ ਹੁੰਦੀ ਹੈ, ਤਾਂ ਉਸ ਸੰਬੰਧੀ

ਸਹੀ ਅਤੇ ਪੂਰਨ ਜਾਣਕਾਰੀ ਦੀ ਲੋੜ ਹੋਰ ਵੀ ਅਵੱਸ਼ਕ ਹੋ ਜਾਂਦੀ ਹੈ। ਇਨ੍ਹਾਂ ਲੇਖਿਆਂ ਤੋਂ ਅਰਥ ਵਿਵਸਥਾ ਨਾਲ ਸਬੰਧਤ ਮਹੱਤਵਪੂਰਨ ਜੋੜਾਂ, ਜਿਵੇਂ ਕਿ ਰਾਸ਼ਟਰੀ ਉਤਪਾਦਨ, ਉਪਭੋਗ, ਆਮਦਨ, ਬੱਚਤ, ਨਿਵੇਸ਼, ਬਰਾਮਦਾਂ, ਦਰਾਮਦਾਂ, ਟੈਕਸ ਅਤੇ ਸਰਕਾਰੀ ਖਰਚਾਂ ਆਦਿ ਦਾ ਪਤਾ ਲਗਾਇਆ ਜਾ ਸਕਦਾ ਹੈ।

3. ਇਨ੍ਹਾਂ ਲੇਖਿਆਂ ਦੁਆਰਾ ਹੀ ਅਰਥ ਵਿਵਸਥਾ ਦੇ ਵੱਖ-ਵੱਖ ਖੇਤਰਾਂ ਅਤੇ ਵਹਾਵਾਂ (flows) ਦੀ ਸਾਪੇਖ ਮਹੱਤਤਾ ਦਾ ਪਤਾ ਚਲਦਾ ਹੈ। ਇਸ ਤੋਂ ਇਲਾਵਾ, ਸਮਾਜਿਕ ਲੇਖਾ ਮੈਟ੍ਰਿਕਸ ਦੁਆਰਾ ਅਰਥ ਵਿਵਸਥਾ ਦੇ ਵੱਖ-ਵੱਖ ਖੇਤਰਾਂ ਦੀ ਅੰਤਰ ਸੰਬੰਧਤਾ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।
4. ਇਹ ਸਮਾਜਿਕ ਲੇਖੇ ਦੀ ਪ੍ਰਣਾਲੀ ਹੀ ਹੈ, ਜਿਹੜੀ ਆਰਥਿਕ ਮਾਹੌਲ ਵਿਚਲੀਆਂ ਕੁਝ ਬੁਨਿਆਦੀ ਵਿਸ਼ੇਸ਼ਤਾਵਾਂ ਤੇ ਚਾਨਣਾ ਪਾਉਂਦੀ ਹੈ ਜਿਹੜੀਆਂ ਕਿ ਤੇਜੀ ਨਾਲ ਬਦਲ ਸਕਦੀਆਂ ਹਨ। ਆਰਥਿਕ ਉਤਾਰ-ਚੜ੍ਹਾਵਾਂ ਦੀ ਵਿਆਖਿਆ ਅਤੇ ਭਵਿੱਖ ਵਿੱਚ ਪ੍ਰਾਪਤ ਹੋਣ ਵਾਲੀ ਆਮਦਨ ਅਤੇ ਉਸ ਦੀ ਵੰਡ ਜਾਂ ਆਰਥਿਕ ਕ੍ਰਿਆ ਦੇ ਪੱਧਰ ਦਾ ਸਪੱਸ਼ਟ ਅਤੇ ਵਿਗਿਆਨਕ ਤਰੀਕੇ ਨਾਲ ਪਤਾ ਲਗਾਇਆ ਜਾ ਸਕਦਾ ਹੈ। ਇਹ ਪ੍ਰਣਾਲੀ ਹੀ ਆਰਥਿਕ ਮਾਡਲ ਦਾ ਆਧਾਰ ਹੈ।
5. ਸਮਾਜਿਕ ਲੇਖਾ-ਜੋਖਾ, ਕੁਝ ਅੰਤਰ-ਸੰਬੰਧਿਤ ਧਾਰਨਾਵਾਂ, ਜਿਵੇਂ ਕਿ ਮੰਡੀ ਕੀਮਤਾਂ ਤੇ ਕੁੱਲ ਰਾਸ਼ਟਰੀ ਉਤਪਾਦਨ ਅਤੇ ਸਾਧਨ ਲਾਗਤ ਤੇ ਸ਼ੁੱਧ ਰਾਸ਼ਟਰੀ ਆਮਦਨ ਆਦਿ ਵਿੱਚ ਸਬੰਧ ਨੂੰ ਸਪੱਸ਼ਟ ਕਰਨ ਵਿੱਚ ਸਾਡੀ ਸਹਾਇਤਾ ਕਰਦਾ ਹੈ।
6. ਸਮਾਜਿਕ ਲੇਖਾ, ਆਰਥਿਕ ਪੜਤਾਲੀਏ ਲਈ ਮਾਰਗ ਦਰਸ਼ਕ ਹੈ, ਕਿਉਂਕਿ ਇਸ ਦੁਆਰਾ ਹੀ ਉਹ ਜਾਣਕਾਰੀ ਪ੍ਰਾਪਤ ਕਰਦਾ ਹੈ ਕਿ ਕਿਸੇ ਅਰਥ ਵਿਵਸਥਾ ਦੇ ਵਿਵਹਾਰ ਦੀ ਵਿਆਖਿਆ ਕਰਨ ਲਈ ਕਿਸ ਕਿਸਮ ਦੇ ਅੰਕੜਿਆਂ ਦੀ ਜ਼ਰੂਰਤ ਹੈ।
7. ਸਰਕਾਰੀ ਨੀਤੀਆਂ (public policies) ਬਣਾਉਣ ਲਈ ਸਮਾਜਿਕ ਲੇਖੇ ਦੀ ਤਕਨੀਕ ਅਤੇ ਉਨ੍ਹਾਂ ਦੀ ਵਰਤੋਂ ਨੂੰ ਨਾ ਸਿਰਫ ਵਿਚਾਰਿਆ ਅਤੇ ਵਿਕਸਿਤ ਕੀਤਾ ਜਾਂਦਾ ਹੈ, ਸਗੋਂ ਇਹ ਇੱਕ ਬਹੁਤ ਮਹੱਤਵਪੂਰਨ ਹਥਿਆਰ ਦੇ ਤੌਰ ਤੇ ਕੰਮ ਆਉਂਦਾ ਹੈ। ਨੈਸ਼ਨਲ ਬਿਉਰੋ ਆਫ ਇਕਨਾਮਿਕ ਰੀਸਰਚ ਦੀ ਕੌਮੀ ਲੇਖਾ ਜਾਂਚ ਕਮੇਟੀ ਅਨੁਸਾਰ, ਕੌਮੀ ਸਮਾਜਿਕ ਲੇਖਾ ਪ੍ਰਣਾਲੀ, ਸਰਕਾਰੀ, ਆਰਥਿਕ ਅਤੇ ਵਪਾਰਕ ਨੀਤੀ ਲਈ ਮੁੱਖ ਹਥਿਆਰਾਂ ਵਿੱਚੋਂ ਇੱਕ ਹੈ।
8. ਅੰਤਰ ਰਾਸ਼ਟਰੀ ਉਦੇਸ਼ਾਂ ਦੀ ਪ੍ਰਾਪਤੀ ਲਈ ਵੀ ਸਮਾਜਿਕ ਲੇਖਾ ਪ੍ਰਣਾਲੀ ਬਹੁਤ ਲਾਭਦਾਇਕ ਹੈ। ਵੱਖ-ਵੱਖ ਦੇਸ਼ਾਂ ਦੇ ਸਮਾਜਿਕ ਲੇਖਿਆਂ ਦੇ ਤੁਲਨਾਤਮਕ ਅਧਿਐਨ ਦੁਆਰਾ ਹੀ ਅਸੀਂ ਦੱਸ ਸਕਦੇ ਹਾਂ ਕਿ ਕਿਹੜੇ ਦੇਸ਼ ਵਿਕਸਿਤ, ਘੱਟ ਵਿਕਸਿਤ ਜਾਂ ਅਵਿਕਸਤ ਹਨ। ਸੰਯੁਕਤ ਰਾਜਾਂ ਦੀਆਂ ਵੱਖ-ਵੱਖ ਏਜੰਸੀਆਂ, ਇਹ ਨਿਰਧਾਰਤ ਕਰਨ ਲਈ, ਕਿ ਸੰਸਾਰ ਦੇ ਗਰੀਬ ਮੁਲਕਾਂ ਨੂੰ ਕਿੰਨੀ ਕਿੰਨੀ ਸਹਾਇਤਾ ਦਿੱਤੀ ਜਾਵੇ, ਸਮਾਜਿਕ ਪ੍ਰਣਾਲੀ ਦੀ ਮੱਦਦ ਲੈਂਦੀਆਂ ਹਨ।

### (ਅ) ਆਗਤ-ਉਪਜ (Input-Output) ਸਾਰਣੀਆਂ

ਆਗਤ-ਉਪਜ ਸਾਰਣੀਆਂ ਦਾ ਸਬੰਧ ਅਰਥ ਵਿਵਸਥਾ ਦੀ ਮੌਜੂਦਾ ਉਪਜਾਊ ਆਰਥਿਕ ਕ੍ਰਿਆ ਨਾਲ ਹੁੰਦਾ ਹੈ ਅਤੇ ਉਨ੍ਹਾਂ ਦਾ ਕਿਰਨ ਕੇਂਦਰ (focus) ਅੰਤਰ ਉਦਯੋਗ (inter-industry) ਸੰਬੰਧ ਹੁੰਦੇ ਹਨ। ਆਗਤ-ਉਪਜ ਵਿਆਖਿਆ ਨੂੰ ਅੰਤਰ-ਉਦਯੋਗ ਵਿਆਖਿਆ ਵੀ ਕਿਹਾ ਜਾਂਦਾ ਹੈ। ਰਾਸ਼ਟਰੀ ਆਮਦਨ ਦਾ ਆਗਤ-ਉਪਜ ਲੇਖਾ ਇੱਕ ਆਗਤ-ਉਪਜ ਸਾਰਣੀ ਦੁਆਰਾ ਪੇਸ਼ ਕੀਤਾ ਜਾਂਦਾ ਹੈ, ਜੋ ਇੱਕ ਲੈਣ ਦੇਣ ਸੰਬੰਧੀ ਮੈਟ੍ਰਿਕਸ (transaction matrix) ਤੇ ਆਧਾਰਿਤ ਹੁੰਦਾ ਹੈ। ਇਨ੍ਹਾਂ ਸਾਰਣੀਆਂ ਵਿੱਚ, ਅਰਥ ਵਿਵਸਥਾ ਦੀਆਂ ਮੁੱਖ ਉਦਯੋਗੀ-ਉਪਵੰਡਾਂ ਅਨੁਸਾਰ ਉਤਪਾਦਨ ਦੇ ਵਹਾਉ ਨੂੰ ਮਾਪਿਆ ਜਾਂਦਾ ਹੈ। ਇਹ ਵਿਆਖਿਆ ਡਬਲਿਊ ਲਿਊਨਟਿਫ (W. Leontief) ਨੇ ਆਪਣੀ ਪੁਸਤਕ, The Structure of American Economy, 1919-1939 ਵਿੱਚ ਵਿਕਸਿਤ ਕੀਤੀ। ਇਹ ਵਿਆਖਿਆ ਇਹ ਦੱਸਦੀ ਹੈ ਕਿ ਉਦਯੋਗ ਆਪਣਾ ਉਤਪਾਦਨ ਇੱਕ ਦੂਜੇ ਨੂੰ ਅਤੇ ਪਰਿਵਾਰਾਂ (household) ਨੂੰ ਵੇਚਦੇ ਹਨ, ਕਿਉਂਕਿ ਇੱਕ ਉਦਯੋਗ ਦਾ ਉਤਪਾਦਨ ਦੂਜੇ ਲਈ ਆਗਤ (Input) ਹੁੰਦਾ ਹੈ। ਇਹ ਵਿਆਖਿਆ ਹੇਠ

ਲਿਖੀਆਂ ਕੁਝ ਮਾਨਤਾਵਾਂ ਤੇ ਆਧਾਰਿਤ ਹੈ, ਜਿਵੇਂ ਕਿ :

(ੳ) ਉਦਯੋਗ ਵਿੱਚ ਪੈਮਾਨੇ ਦਾ ਸਮਾਨ ਪ੍ਰਤੀਫਲ ਹੋਵੇ,

(ਅ) ਤਕਨੀਕੀ ਤਬਦੀਲੀ ਦੀ ਅਣਹੋਂਦ,

(ੲ) ਭੰਡਾਰ ਅਤੇ ਵਹਾਉ ਦਾ ਉਹੀ ਸਬੰਧ ਅਤੇ

(ਸ) ਸੰਯੁਕਤ ਪਦਾਰਥਾਂ ਦੀ ਅਣਹੋਂਦ ।

ਇਸ ਵਿਆਖਿਆ ਦੀ ਇਹ ਵੱਡੀ ਤਰੁੱਟੀ ਹੈ ਕਿ ਇਹ ਭੰਡਾਰਾਂ ਅਤੇ ਵਹਾਉ ਵਿੱਚ ਸੰਬੰਧ ਬਾਰੇ ਕੁਝ ਨਹੀਂ ਦੱਸਦੀ । ਅਸਲ ਪੂਰਤੀ ਨੂੰ ਵਧਾ ਕੇ ਅਥਵਾ, ਉਦਾਹਰਣ ਵਜੋਂ ਥੋੜ੍ਹੇ ਸਮੇਂ ਵਿੱਚ ਆਗਤਾਂ ਵਿੱਚ ਵਾਧਾ ਘਾਟਾ ਅਸਲ ਪੂਰਤੀ ਨੂੰ ਵਧਾ ਕੇ, ਅਥਵਾ ਭੰਡਾਰਾਂ ਵਿੱਚ ਤਬਦੀਲੀ ਕਰਕੇ ਵੀ ਕੀਤਾ ਜਾ ਸਕਦਾ ਹੈ । ਘੱਟ ਵਿਕਸਿਤ ਦੇਸ਼ਾਂ ਵਿੱਚ ਆਗਤ-ਉਪਜ ਸਾਰਣੀ ਵਿਆਖਿਆ ਦੀਆਂ ਸੀਮਾਵਾਂ ਦਾ ਜ਼ਿਕਰ ਕਰਦੇ ਹੋਏ ਪੀਕਾਕ ਅਤੇ ਡੋਸਰ (Peacock and Dosser) ਨੇ ਦੱਸਿਆ ਹੈ ਕਿ ਇਸ ਦਰਜੇ ਦੇ ਵਿਕਸਿਤ ਦੇਸ਼ਾਂ ਵਿੱਚ ਖੇਤਰਾਂ ਦੀ ਅੰਤਰ-ਸੰਬੰਧਿਤਾ ਬਹੁਤ ਘੱਟ ਹੁੰਦੀ ਹੈ । ਉਨ੍ਹਾਂ ਦੇ ਇਹਨਾਂ ਸਿੱਟਿਆਂ ਦਾ ਡੁਡਲੇ ਸੀਅਰਜ਼ (Dudley Seers) ਦੇ ਕੰਮ ਨੇ ਸਮਰਥਨ ਕੀਤਾ ਹੈ । ਇਨ੍ਹਾਂ ਸੀਮਾਵਾਂ ਦੇ ਬਾਵਜੂਦ ਵੀ ਆਗਤ ਉਪਜ ਸਾਰਣੀਆਂ ਅਤੇ ਸੰਬੰਧਾਂ ਨੂੰ, ਸਾਧਨਾਂ ਦੀ ਲੋੜ ਜਾਂ ਜਾਇਜਾ ਲੈਣ ਲਈ ਇੱਕ ਜ਼ਰੂਰੀ ਹਥਿਆਰ ਦੇ ਤੌਰ ਤੇ ਵਰਤਿਆ ਜਾਂਦਾ ਹੈ । ਇੱਕ ਸਾਧਾਰਨ ਆਗਤ-ਉਪਜ ਸਾਰਣੀ ਨਿਮਨ ਅਨੁਸਾਰ ਹੁੰਦੀ ਹੈ ।

**ਆਗਤ-ਉਪਜ ਸਾਰਣੀ (ਰੁਪਿਆਂ ਵਿੱਚ)**

| **ਨਿਰਮਾਣ ਉਦਯੋਗ** | **ਖਰੀਦਦਾਰ ਉਦਯੋਗ (ਕੁੱਲ** | | | **ਕੁੱਲ ਉਪਜ ਰਾਸ਼ਟਰੀ ਉਤਪਾਦਨ)** |
|---|---|---|---|---|
| **ਉਦਯੋਗ** | **ਲੋਹਾ, ਫੌਲਾਦ** | **ਕੋਲਾ** | **ਪਰਿਵਾਰ** | |
| ਲੋਹਾ ਅਤੇ ਫੌਲਾਦ | – | 9 | 21 | 30 |
| ਕੋਲਾ | 12 | – | 18 | 30 |
| ਪਰਿਵਾਰ | 12 | 18 | – | 30 |
| **ਕੁੱਲ ਖਰਚ–ਕੁੱਲ ਰਾਸ਼ਟਰੀ ਉਤਪਾਦਨ** | **24** | **27** | **39** | **90** |

ਉਪਰੋਕਤ ਸਾਰਣੀ ਵਿੱਚ ਅਸੀਂ ਵੇਖਦੇ ਹਾਂ ਕਿ ਲੋਹਾ ਅਤੇ ਫੌਲਾਦ ਉਦਯੋਗ ਦਾ ਉਤਪਾਦਨ 30 ਰੁਪਏ ਦੇ ਬਰਾਬਰ ਹੈ, ਜਿਸ ਵਿਚੋਂ 9 ਰੁਪਏ ਦੀ ਉਪਜ ਕੋਲਾ ਉਦਯੋਗ ਅਤੇ 21 ਰੁਪਏ ਦੀ ਉਪਜ ਪਰਿਵਾਰਾਂ ਨੂੰ ਵੇਚੀ ਜਾਂਦੀ ਹੈ । ਇਸੇ ਤਰ੍ਹਾਂ ਹੀ, ਕੋਲਾ ਉਦਯੋਗ ਅਤੇ ਪਰਿਵਾਰਾਂ (households) ਦੀ ਉਪਜ ਦੇ ਸਬੰਧ ਵਿੱਚ ਉਪਰੋਕਤ ਸਾਰਣੀ ਤੋਂ ਸਮਝਿਆ ਜਾ ਸਕਦਾ ਹੈ । ਇਸ ਤਰ੍ਹਾਂ, ਲੋਹਾ ਅਤੇ ਫੌਲਾਦ ਉਦਯੋਗ ਲਈ ਆਗਤ ਉਪਜ ਗੁਣਾਂਕ (coefficient), ਕੋਲਾ ਉਦਯੋਗਾਂ ਦੇ ਸਬੰਧ ਵਿੱਚ 12/30 ਹੈ ਅਤੇ ਇਹੀ ਗੁਣਾਂਕ ਪਰਿਵਾਰਾਂ ਦੇ ਸਬੰਧ ਵਿੱਚ ਹੈ । ਕੋਲਾ ਉਦਯੋਗ ਲਈ ਆਗਤ, ਉਪਜ, 9/30 ਹੈ ਅਤੇ ਪਰਿਵਾਰਾਂ ਦੇ ਸਬੰਧ ਵਿੱਚ 18/30 ਹੈ । ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਅਜਿਹੀਆਂ ਆਗਤ, ਉਪਜ ਸਾਰਣੀਆਂ ਜਾਂ ਮੈਟ੍ਰਿਕਸਾਂ ਵਿੱਚ ਅਸੀਂ ਸਾਰਣੀ ਤੋਂ ਵੇਖ ਸਕਦੇ ਹਾਂ । ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਅਜਿਹੀਆਂ ਆਗਤ-ਉਪਜ ਸਾਰਣੀਆਂ ਜਾਂ ਮੈਟ੍ਰਿਕਸਾਂ (matrices) ਦੀ ਵਿਵਹਾਰਕ ਮਹੱਤਤਾ ਇਹ ਹੈ ਕਿ ਜਦੋਂ ਸਾਨੂੰ ਆਗਤ-ਉਪਜ ਗੁਣਾਂਕ ਦਿੱਤੇ ਹੋਏ ਹੋਣ ਤਾਂ ਇਨ੍ਹਾਂ ਦੀ ਮੱਦਦ ਨਾਲ ਨਾ ਸਿਰਫ ਵੱਖੋ-ਵੱਖ ਉਦਯੋਗਾਂ ਵਿੱਚ ਆਗਤਾਂ ਦੇ ਕਿਸੇ ਪੱਧਰ ਲਈ ਉਪਜ ਨਿਰਧਾਰਤ ਕੀਤੀ ਜਾ ਸਕਦੀ ਹੈ ਸਗੋਂ ਇਹ ਵੀ ਪਤਾ ਲਗਾਇਆ ਜਾ ਸਕਦਾ ਹੈ ਕਿ ਉਪਭੋਗੀ ਦੀ ਮੰਗ ਜਾਂ ਤਕਨੀਕ ਦੇ ਪੱਧਰ ਵਿੱਚ ਖਾਸ ਤਬਦੀਲੀ ਹੋਣ ਨਾਲ ਉਤਪਾਦਨ ਵਿੱਚ ਕਿੰਨੀ ਤਬਦੀਲੀ ਹੋਵੇਗੀ ।

ਇਥੇ ਇਹ ਗੱਲ ਧਿਆਨ ਵਿੱਚ ਰੱਖਣ ਵਾਲੀ ਹੈ ਕਿ ਆਗਤ-ਉਪਜ ਸਾਰਣੀ ਵਿੱਚ, ਅਰਥ ਵਿਵਸਥਾ ਲਈ ਲਾਈਨ ਦਾ ਜੋੜ ਖਾਨੇ ਦੇ ਜੋੜ ਦੇ ਜ਼ਰੂਰੀ ਤੌਰ ਤੇ ਬਰਾਬਰ ਹੋਣਾ ਚਾਹੀਦਾ ਹੈ । ਇਸ ਦਾ ਭਾਵ ਇਹ ਹੈ ਕਿ ਦੇਸ਼ ਦੇ ਕੁੱਲ ਉਤਪਾਦਨ ਦਾ ਜੋੜ, ਦੇਸ਼ ਦੇ ਆਗਤ ਜੋੜ ਦੇ ਬਰਾਬਰ ਹੋਣਾ ਚਾਹੀਦਾ ਹੈ ।

## (ਭ) ਨਿਧੀਆਂ ਦੇ ਚਿੱਠਿਆਂ ਦਾ ਪ੍ਰਵਾਹ

ਨਿਧੀਆਂ ਦੇ ਪ੍ਰਵਾਹ ਦੇ ਹਿਸਾਬ ਕਿਤਾਬ, ਪ੍ਰੋਫੈਸਰ ਮੋਰਿਸ ਕੋਪਲੈਂਡ (Prof. Morries Copeland) ਨੇ 1952 ਵਿੱਚ ਵਿਕਸਿਤ ਕੀਤੇ । ਇਹ ਲੇਖੇ ਅਰਥ ਵਿਵਸਥਾ ਵਿਚਲੇ ਸਾਰੇ ਮੁਦਰਕ ਅਤੇ ਬੈਂਕ ਜਮ੍ਹਾਂ (Credit) ਸਬੰਧੀ ਲੈਣ ਦੇਣ ਨੂੰ ਦੱਸਦੇ ਹਨ । ਇਹ ਲੇਖੇ ਅਰਥ ਵਿਵਸਥਾ ਵਿਚਲੇ ਸਾਰੇ ਵਿੱਤੀ ਸੌਦਿਆਂ ਬਾਰੇ ਦੱਸਦੇ ਹਨ, ਜਿਹੜੇ ਕਿ ਉਸ ਦੇ ਵੱਖ-ਵੱਖ ਖੇਤਰਾਂ ਵਿਚਕਾਰ ਹੁੰਦੇ ਹਨ । ਇਸ ਤੋਂ ਇਲਾਵਾ ਵੱਖ-ਵੱਖ ਖੇਤਰਾਂ ਦੁਆਰਾ ਕੀਤੀ ਗਈ ਬੱਚਤ ਅਤੇ ਨਿਵੇਸ਼ ਦੇ ਜੋੜਾਂ ਦਾ ਵੱਖ-ਵੱਖ ਖੇਤਰਾਂ ਦੁਆਰਾ ਉਧਾਰ ਦਿੱਤੇ ਗਏ ਅਤੇ ਲਏ ਗਏ ਜੋੜਾਂ ਨਾਲ ਸਬੰਧ ਵਿਖਾਉਂਦੇ ਹਨ । ਇਹ ਲੇਖਾ-ਪ੍ਰਣਾਲੀ, ਅਰਥ ਵਿਵਸਥਾ ਦੇ ਵੱਖ-ਵੱਖ ਖੇਤਰਾਂ ਲਈ ਨਿਧੀਆਂ ਦੇ ਸਰੋਤਾਂ ਅਤੇ ਉਨ੍ਹਾਂ ਦੁਆਰਾ ਉਨ੍ਹਾਂ ਦੀ ਵਰਤੋਂ ਨਾਲ ਸੰਬੰਧਤ ਹੈ । ਇਹ ਲੇਖਾ ਪ੍ਰਣਾਲੀ ਰਾਸ਼ਟਰੀ ਆਮਦਨ ਅਤੇ ਉਪਜ ਲੇਖਿਆ ਨਾਲੋਂ ਜ਼ਿਆਦਾ ਵਿਸ਼ਾਲ ਹੈ ਕਿਉਂਕਿ ਇਸ ਵਿਚੋਂ ਨਾ ਸਿਰਫ ਆਮਦਨ ਅਤੇ ਉਪਜ ਸਬੰਧੀ ਲੈਣ ਦੇਣ ਵੇਖਿਆ ਜਾਂਦਾ ਹੈ ਸਗੋਂ ਸਰਾਸਰ (purely) ਵਿੱਤੀ ਸੌਦੇ ਵੀ ਇਸ ਅਧੀਨ ਹੀ ਆਉਂਦੇ ਹਨ ।

ਪ੍ਰੋ. ਗੋਲਡ ਸਮਿੱਥ ਅਨੁਸਾਰ ਨਿਧੀਆਂ ਦੇ ਪ੍ਰਵਾਹ ਲੇਖੇ, ਅਰਥ ਵਿਵਸਥਾ ਦੀਆਂ ਵੱਖ-ਵੱਖ ਕ੍ਰਿਆਵਾਂ ਨੂੰ, ਇੱਕ ਦੂਜੀ ਨਾਲ ਗੈਰ ਵਿੱਤੀ (ਅਰਅ-ਜਿਅ਼ਅਫਜ਼;) ਕ੍ਰਿਆਵਾਂ, ਜਿਹੜੀਆਂ ਆਮਦਨ, ਉਪਜ ਨੂੰ ਪੈਦਾ ਕਰਦੀਆਂ ਹਨ, ਦੇ ਅੰਕੜਿਆਂ ਨਾਲ ਸਪਸ਼ਟ ਰੂਪ ਵਿੱਚ ਅੰਕੜਈ ਸਬੰਧਾਂ ਵਿੱਚ ਲਿਆਉਂਦੇ ਹਨ । ਇਸ ਤੋਂ ਇਲਾਵਾ ਇਹ ਪੂੰਜੀ ਮੰਡੀ ਦੇ ਵਰਤਾਉ ਦੀ ਕਿਸੇ ਵੀ ਵਿਸ਼ਾਲ ਵਿਆਖਿਆ ਲਈ ਜ਼ਰੂਰੀ ਕੱਚੇ ਮਾਲ ਦਾ ਕੰਮ ਕਰਦੇ ਹਨ, ਕਿਉਂਕਿ ਇਹ ਪੂੰਜੀ (ਜਿਅ਼ਅਫਕ) ਦੇ ਆਮਦਨ, ਬੱਚਤ ਅਤੇ ਖਰਚ ਪੈਦਾ ਕਰਨ ਵਾਲੇ ਰੋਲ (ਗਰ;ਕ) ਅਤੇ ਆਰਥਿਕ ਕ੍ਰਿਆ ਦੇ ਪੂੰਜੀ ਮੰਡੀਆਂ ਉੱਤੇ ਪ੍ਰਭਾਵ ਨੂੰ ਪਛਾਨਣ ਵਿੱਚ ਸਾਡੀ ਮੱਦਦ ਕਰਦੇ ਹਨ । ਅਜਿਹੇ ਲੇਖੇ, ਮੁਦਰਿਕ ਨੀਤੀਆਂ ਦੇ ਪ੍ਰਭਾਵ ਦੀ, ਜਿਹੜੀ ਕਿ ਇਨ੍ਹਾਂ ਨੀਤੀਆਂ ਦੁਆਰਾ ਅਰਥ ਵਿਵਸਥਾ ਦੇ ਵੱਖ-ਵੱਖ ਖੇਤਰਾਂ ਜਾਂ ਅਰਥ ਵਿਵਸਥਾ ਦੀ ਆਮ ਕੰਮ ਕਰਨ ਦੀ ਵਿਧੀ ਉੱਤੇ ਪੈਣ ਦੀ ਆਸ ਹੁੰਦੀ ਹੈ, ਦੀ ਵਿਆਖਿਆ ਕਰਨ ਵਿੱਚ ਬਹੁਤ ਜ਼ਿਆਦਾ ਸਹਾਇਕ ਹੁੰਦੇ ਹਨ । ਭਾਰਤ ਦੇ ਨਿਧੀਆਂ ਪ੍ਰਵਾਹ ਲੇਖੇ, ਪਹਿਲੀ ਵਾਰ, ਐਚ. ਡਬਲਯੂ. ਆਰਨਡਟ (. ।। ਗੱਅਦਵ) ਦੁਆਰਾ, *1959* ਦੇ ਸ਼ੁਰੂ ਵਿੱਚ, ਜਦੋਂ ਉਹ ਭਾਰਤ ਆਇਆ, ਇੱਕ ਮੈਮੋਰੰਡਮ ਦੀ ਸ਼ਕਲ ਵਿੱਚ ਪੇਸ਼ ਕੀਤੇ ਗਏ । ਇਨ੍ਹਾਂ ਲੇਖਿਆਂ ਦਾ ਕਿਰਨ ਕੇਂਦਰ ਉਧਾਰ ਦੇ ਲੈਣ ਅਤੇ ਦੇਣ ਸਬੰਧੀ ਸੀ । *1963* ਵਿੱਚ ਕੇਂਦਰੀ ਅੰਕੜਾ ਸੰਗਠਨ ਨੇ ਨਿਧੀਆਂ ਦੇ ਪ੍ਰਵਾਹ ਲੇਖਿਆਂ ਬਾਰੇ ਇੱਕ ਰਿਪੋਰਟ ਛਾਪੀ । ਭਾਰਤ ਦਾ ਰੀਜ਼ਰਵ ਬੈਂਕ ਵੀ ਨਿਧੀਆਂ ਦੇ ਪ੍ਰਵਾਹਾਂ ਦੇ ਚਿੱਠਿਆਂ ਨੂੰ ਛਾਪਦਾ ਰਹਿੰਦਾ ਹੈ । ਪਰ ਇਹ ਲੇਖੇ-ਪ੍ਰਵਾਹ, ਅਵਿਕਸਿਤ ਦੇਸ਼ਾਂ ਲਈ ਬਹੁਤ ਲਾਭਦਾਇਕ ਸਾਬਤ ਨਹੀਂ ਹੋਏ ਕਿਉਂਕਿ ਇਨ੍ਹਾਂ ਦੇਸ਼ਾਂ ਵਿੱਚ ਵਸਤੂ ਵਟਾਂਦਰਾ ਪ੍ਰਣਾਲੀ ਕਾਰਣ ਵਿੱਤੀ ਦੋਗਲਾਪਨ (fiNANCIAL DUALISM) ਪਾਇਆ ਜਾਂਦਾ ਹੈ ।

## (ਸ) ਭੁਗਤਾਨ ਬਕਾਇਆ ਸਾਰਣੀਆਂ

ਕਿਸੇ ਦੇਸ਼ ਦੀ ਭੁਗਤਾਨ ਬਕਾਇਆ ਸਾਰਣੀ, ਬਾਕੀ ਦੇ ਸੰਸਾਰ ਨਾਲ ਕਿਸੇ ਦਿੱਤੇ ਹੋਏ ਸਾਲ ਵਿਚ, ਉਸ ਦੀਆਂ ਸਾਰੀਆਂ ਸੌਦੇਬਾਜੀਆਂ ਦਾ ਇੱਕ ਸਿਲਸਿਲੇ ਵਾਰ ਰਿਕਾਰਡ ਪੇਸ਼ ਕਰਦੀਆਂ ਹਨ । ਇਹ ਕਿਸੇ ਦੇਸ਼ ਦੇ ਆਰਥਿਕ ਸਬੰਧਾਂ ਦੇ, ਬਾਕੀ ਦੇ ਸੰਸਾਰ ਨਾਲ, ਉਸ ਦੇ ਆਰਥਿਕ ਸੰਬੰਧ ਦੇ ਨਾਪ ਅਤੇ ਵਿਵਹਾਰ ਦਾ ਇੱਕ ਅੰਕੜਈ ਬਿਊਰਾ ਹੈ । ਇਸ ਵਿੱਚ ਇੱਕ ਪਾਸੇ ਤਾਂ ਰਾਸ਼ਟਰੀ ਵਪਾਰ ਦੇ ਅੰਕੜੇ, ਜਿਸ ਵਿੱਚ ਸ੍ਰੋਤ ਦੇਸ਼ (Country of origin) ਅਤੇ ਵਸਤੂ ਦੀ ਮੰਜ਼ਲ ਦੇ ਬਾਰੇ ਦੱਸਿਆ ਹੁੰਦਾ ਹੈ ਅਤੇ ਦੂਜੇ ਪਾਸੇ ਵਿਦੇਸ਼ੀ ਵਿੱਤੀ ਸੌਦੇ ਸ਼ਾਮਲ ਹੁੰਦੇ ਹਨ । ਇਨ੍ਹਾਂ ਲੇਖਿਆਂ ਵਿੱਚ, ਕਿਸੇ ਦੇਸ਼ ਦੇ ਨਿਵਾਸੀਆਂ ਵਿੱਚ ਅਤੇ ਬਾਕੀ ਦੇ ਸੰਸਾਰ ਵਿੱਚ ਸਾਰੇ ਆਮਦਨ ਅਤੇ ਉਤਪਾਦਨ ਦੇ ਸੌਦਿਆਂ ਤੋਂ ਇਲਾਵਾ, ਵਿੱਤੀ ਸੌਦਿਆਂ ਦੇ ਨਤੀਜੇ ਵੀ ਰਿਕਾਰਡ ਕੀਤੇ ਜਾਂਦੇ ਹਨ, ਇਸ ਕਰਕੇ ਇਸ ਸਬੰਧ ਵਿੱਚ, ਇਹ ਫੰਡਾਂ ਦੇ ਪ੍ਰਵਾਹ ਲੇਖਿਆਂ ਵਾਂਗ ਹੀ ਹਨ । ਫਰਕ ਸਿਰਫ ਏਨਾ ਹੈ ਕਿ ਇਨ੍ਹਾਂ ਦਾ ਸਬੰਧ ਦੇਸ਼ਾਂ ਵਿਚਾਲੇ ਸੌਦਿਆਂ ਨਾਲ ਹੈ, ਦੇਸ਼ ਵਿਚਲੇ ਸੌਦਿਆਂ ਨਾਲ ਨਹੀਂ । ਕਿਸੇ ਦੇਸ਼ ਲਈ ਭੁਗਤਾਨ ਬਕਾਇਆ ਲੇਖਾ ਦੂਹਰੇ ਇੰਦਰਾਜ (double entry) ਵਾਲੇ ਹਿਸਾਬ ਕਿਤਾਬ (book-keeping) ਦੇ ਆਧਾਰ ਤੇ ਬਣਾਇਆ ਜਾਂਦਾ ਹੈ । ਤੁਲਨ-ਪੱਤਰ (Balance-sheet) ਵਿੱਚ ਵਸੂਲੀ (credit) ਅਤੇ ਉਧਾਰ ਪਾਸੇ (debit side) ਤੇ ਹਰੇਕ ਸੌਦੇ ਦਾ ਇੰਦਰਾਜ ਕੀਤਾ ਜਾਂਦਾ ਹੈ । ਇਹ ਲੇਖੇ ਵਪਾਰਿਕ ਲੇਖਿਆਂ ਨਾਲੋਂ ਇਸ ਗੱਲੋਂ ਵੱਖਰੇ ਹਨ

ਕਿ ਵਪਾਰਿਕ ਲੇਖੇ ਵਿੱਚ ਉਧਾਰ (debit) ਖੱਬੇ ਪਾਸੇ, ਵਸੂਲੀਆਂ (credit) ਤੁਲਨ ਪੱਤਰ ਦੇ ਸੱਜੇ ਪਾਸੇ ਵਿਖਾਈਆਂ ਜਾਂਦੀਆਂ ਹਨ, ਜੋ ਕਿ ਭੁਗਤਾਨ ਬਕਾਇਆ ਲੇਖੇ ਤੋਂ ਬਿਲਕੁਲ ਉਲਟ ਹੈ । ਵਸੂਲੀਆਂ ਅਤੇ ਉਧਾਰ ਸਬੰਧੀ ਮੱਦਾਂ ਨੂੰ ਦੂਹਰੇ ਇੰਦਰਾਜੀ ਹਿਸਾਬ ਕਿਤਾਬ ਦੇ ਨਿਯਮ ਅਨੁਸਾਰ, ਭੁਗਤਾਨ ਬਕਾਇਆ ਲੇਖੇ ਵਿੱਚ ਖੜ੍ਹੇ ਦਾਅ ਵਿਖਾਇਆ ਜਾਂਦਾ ਹੈ । ਲੇਟਵੇਂ ਦਾਅ, ਉਨ੍ਹਾਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾਂਦਾ ਹੈ ਜਿਵੇਂ ਕਿ ਚਾਲੂ ਲੇਖਾ, ਪੂੰਜੀ ਵਰਗਾਂ ਵਿੱਚ ਲੇਖਾ, ਅਤੇ ਸਰਕਾਰੀ ਰਾਖਵੀਆਂ ਪਰਿਸੰਪਤੀਆਂ ਦਾ ਲੇਖਾ ।

ਕਿਸੇ ਦੇਸ਼ ਦੇ ਚਾਲੂ ਖਾਤੇ ਵਿੱਚ ਵਸਤਾਂ ਅਤੇ ਸੇਵਾਵਾਂ ਦੇ ਵਪਾਰ ਸਬੰਧੀ ਸਾਰੇ ਲੈਣ-ਦੇਣ ਆਉਂਦੇ ਹਨ । ਇਸ ਤੋਂ ਇਲਾਵਾਂ ਇੱਕ ਪਾਸੜ ਜਾਂ ਦੇਣ (ਬਦਲੇ ਵਿੱਚ ਨਾ ਮੁੜੇ ਹੋਏ) ਵੀ ਇਸ ਵਿੱਚ ਹੀ ਸੰਮਲਿਤ ਹੁੰਦੇ ਹਨ । ਇਸੇ ਤਰ੍ਹਾਂ ਕਿਸੇ ਦੇਸ਼ ਦੇ ਪੂੰਜੀ ਖਾਤੇ ਵਿੱਚ ਵਿੱਤੀ ਪਰਿਸੰਪਤੀਆਂ ਨਾਲ ਸੰਬੰਧਿਤ ਸੌਦੇ ਸ਼ਾਮਲ ਹਨ, ਜਿਵੇਂ ਕਿ ਥੋੜ੍ਹੇ ਅਤੇ ਲੰਮੇ ਸਮੇਂ ਦਾ ਉਧਾਰ ਲੈਣ-ਦੇਣ ਅਤੇ ਨਿੱਜੀ ਅਤੇ ਸਰਕਾਰੀ ਨਿਵੇਸ਼ ਆਦਿ । ਦੂਜੇ ਸ਼ਬਦਾਂ ਵਿੱਚ ਪੂੰਜੀ ਲੇਖਾ, ਅੰਤਰ ਰਾਸ਼ਟਰੀ ਕਰਜਿਆਂ ਅਤੇ ਨਿਵੇਸ਼ਾਂ ਦੇ ਵਹਾਉ ਨੂੰ ਦੱਸਦਾ ਹੈ ।

ਸਰਕਾਰੀ ਭੁਗਤਾਨ ਲੇਖਾ (Official Settlement Accounts) ਜਾਂ ਸਰਕਾਰੀ ਰਾਖਵੀਆਂ ਪਰਿਸੰਪਤੀਆਂ ਦਾ ਲੇਖਾ ਅਸਲ ਵਿੱਚ ਪੂੰਜੀ ਲੇਖੇ ਦਾ ਹੀ ਇੱਕ ਹਿੱਸਾ ਹੁੰਦਾ ਹੈ । ਪਰ ਯੂ.ਕੇ. ਅਤੇ ਯੂ.ਐਸ.ਏ. ਭੁਗਤਾਨ ਬਕਾਇਆ ਲੇਖੇ, ਇਸਨੂੰ ਵੱਖਰੇ ਲੇਖੇ ਦੇ ਤੌਰ ਤੇ ਵਿਖਾਉਂਦੇ ਹਨ । ਅਜਿਹਾ ਲੇਖਾ, ਦੇਸ਼ ਦੀਆਂ ਵਿਦੇਸ਼ੀ ਸਰਕਾਰੀ ਅਧਿਕਾਰੀਆਂ ਨੂੰ, ਤਰਲ ਅਤੇ ਠੋਸ ਦੇਣਦਾਰੀਆਂ ਵਿੱਚ ਆਈ ਤਬਦੀਲੀ ਨੂੰ ਮਾਪਦਾ ਹੈ । ਇਸ ਤੋਂ ਇਲਾਵਾ ਇੱਕ ਸਾਲ ਦੇ ਦੌਰਾਨ ਦੇਸ਼ ਦੀਆਂ ਸਰਕਾਰੀ ਰਾਖਵੀਆਂ ਪਰਿਸੰਪਤੀਆਂ ਵਿੱਚ ਆਈ ਤਬਦੀਲੀ ਵੀ ਮਾਪੀ ਜਾਂਦੀ ਹੈ ।

ਕਿਉਂਕਿ ਭੁਗਤਾਨ ਬਕਾਇਆ ਨੂੰ ਲੇਖਾ ਸਮਤਾ (Accounting Identity), ਦੇ ਤੌਰ ਤੇ ਬਣਾਇਆ ਜਾਂਦਾ ਹੈ ਜਿਸ ਵਿੱਚ ਹਰੇਕ ਲੈਣ ਦੇਣ ਸਿਧਾਂਤਕ ਤੌਰ ਤੇ ਦੋ ਵਾਰ ਰਿਕਾਰਡ ਕੀਤਾ ਜਾਂਦਾ ਹੈ, ਜਿਸ ਕਰਕੇ, ਸਿਧਾਂਤਕ ਤੌਰ ਤੇ ਵਸੂਲੀਆਂ ਅਤੇ ਉਧਾਰ (debits) ਦਾ ਕੁੱਲ ਜੋੜ ਸਦਾ ਬਰਾਬਰ ਹੋਣੇ ਚਾਹੀਦੇ ਹਨ । ਪਰ ਅਸਲ ਵਿੱਚ, ਇਹ ਬਹੁਤ ਘੱਟ ਵਾਪਰਦਾ ਹੈ । ਜਿਸ ਹੱਦ ਤੱਕ ਇਹਨਾਂ ਅਨੁਭਵ ਸਿੱਧ (empirical) ਤਰੁੱਟੀਆਂ ਕਾਰਣ, ਵਸੂਲੀਆਂ ਅਤੇ ਉਧਾਰ (debits) ਦੇ ਅਸਲੀ ਜੋੜ ਇੱਕ ਦੂਜੇ ਤੋਂ ਵੱਖਰੇ ਹੁੰਦੇ ਹਨ, ਉਸ ਦੇ ਬਰਾਬਰ ਇੱਕ ਸੰਤੁਲਨ ਮੱਦ, ਤਰੁੱਟੀ ਅਤੇ ਭੁੱਲ (error and ommission) ਨੂੰ ਦੂਰ ਕਰਨ ਲਈ ਵਰਤਣੀ ਜ਼ਰੂਰੀ ਹੋ ਜਾਂਦੀ ਹੈ ।

ਚਾਲੂ ਲੇਖੇ ਵਿੱਚ, ਤਜਾਰਤੀ ਮਾਲ ਸਬੰਧੀ ਬਰਾਮਦਾਂ ਅਤੇ ਦਰਾਮਦਾਂ ਇੱਕ ਬਹੁਤ ਮਹੱਤਵਪੂਰਨ ਮੱਦ ਹੁੰਦੀ ਹੈ । ਦੇਸ਼ ਦੀਆਂ ਬਰਾਮਦਾਂ ਦੇ ਫਰਕ ਨੂੰ ਵਪਾਰ ਬਕਾਇਆ ਕਿਹਾ ਜਾਂਦਾ ਹੈ । ਪਰੰਤੂ ਭੁਗਤਾਨ ਬਕਾਏ ਦੀ ਸਹੀ ਤਸਵੀਰ ਨੂੰ ਵੇਖਣ ਲਈ ਸੇਵਾਵਾਂ ਜਾਂ ਚਾਲੂ ਲੇਖੇ ਦੀਆਂ ਅਦਿੱਖ ਮੱਦਾਂ ਨੂੰ ਵਿੱਚ ਸ਼ਾਮਲ ਕਰਨਾ ਜ਼ਰੂਰੀ ਹੈ । ਹੇਠ ਦਿੱਤੀ ਸਾਰਣੀ (ੳ) ਦੇਸ਼ ਦੇ ਭੁਗਤਾਨ ਬਕਾਇਆ ਲੇਖੇ ਬਾਰੇ ਦੱਸਦੀ ਹੈ ।

## ਸਾਰਣੀ (ੳ)
## ਦੇਸ਼ ਦਾ ਭੁਗਤਾਨ ਬਕਾਇਆ

*(ਰੁਪਏ ਕਰੋੜਾਂ ਵਿੱਚ)*

| | | |
|---|---|---|
| **1. ਚਾਲੂ ਖਾਤਾ :** | **ਦੇਸ਼ ਨੂੰ ਵਸੂਲੀਆਂ** (Credits) | |
| (ੳ) ਵਸਤਾਂ ਅਤੇ ਸੇਵਾਵਾਂ ਦੀਆਂ ਬਰਾਮਦਾਂ : | | |
| ਤਜਾਰਤੀ ਮਾਲ ਦੀਆਂ ਬਰਾਮਦਾਂ | +30 | +30 |
| ਸੇਵਾਵਾਂ | | |
| ਸੈਰ-ਸਪਾਟਾ ਅਤੇ ਢੋਆ-ਢੁਆਈ | +2.5 | |
| ਵਿਦੇਸ਼ਾਂ ਵਿੱਚ ਕੀਤੇ ਨਿਵੇਸ਼ ਤੋਂ ਆਮਦਨ | +4.5 | |

| | | |
|---|---|---|
| ਹੋਰ | +2.3 | +9.3 |
| | ——— | ——— |
| ਵਸਤਾਂ ਤੇ ਸੇਵਾਵਾਂ ਦੀਆਂ ਕੁੱਲ ਬਰਾਮਦਾਂ | | |
| (ਅ) ਵਸਤਾਂ ਤੇ ਸੇਵਾਵਾਂ ਦੀਆਂ ਦਰਾਮਦਾਂਦੇਸ਼ ਦਾ ਉਧਾਰ ਖਾਤਾ (Debits) | | |
| ਤਜਾਰਤੀ ਮਾਲ ਦੀਆਂ ਦਰਾਮਦਾਂ | −25.5 | −25.5 |
| ਸੇਵਾਵਾਂ | | |
| ਸੈਰ-ਸਪਾਟਾ ਅਤੇ ਢੋਆ-ਢੁਆਈ | −4.6 | |
| ਦੇਸ਼ ਵਿੱਚ ਹੋਏ ਵਿਦੇਸ਼ੀ ਨਿਵੇਸ਼ ਤੋਂ ਆਮਦਨ | −2.4 | |
| ਹੋਰ | −4.8 | −11.8 |
| | ——— | ——— |
| | | −37.3 |
| ਵਸਤਾਂ ਅਤੇ ਸੇਵਾਵਾਂ ਵਿਚੋਂ ਬਕਾਇਆ (ੳ - ਅ ਦਾ ਜੋੜ) | +2.1 | |
| ਸ਼ੁੱਧ ਇੱਕ ਪਾਸੜ ਟਰਾਂਸਫਰ | | −0.9 |
| | ——— | ——— |
| | +1.2 | |
| ਚਾਲੂ ਲੇਖਾ ਬਕਾਇਆ | | |
| 2. ਪੂੰਜੀ ਖਾਤਾ : | | |
| (ੳ) ਦੇਸ਼ ਦੀਆਂ ਪਰਿਸੰਪਤੀਆਂ ਦਾ ਲੈਣ-ਦੇਣ ਅਤੇ ਵਿਦੇਸ਼ ਵਿੱਚ ਨਿਵੇਸ਼ (ਸ਼ੁੱਧ) | | |
| (i) ਨਿੱਜੀ | | |
| ਸਿੱਧਾ | −2.5 | |
| ਕੰਪਨੀਆਂ ਦਾ Portfolio | −1.5 | |
| ਥੋੜ੍ਹੇ ਸਮੇਂ ਦਾ | −0.9 | −4.9 |
| | ——— | ——— |
| (ii) ਸਰਕਾਰੀ ਰਾਖਵੀਆਂ ਪਰਿਸੰਪਤੀਆਂ | | −1.7 |
| ਤੋਂ ਇਲਾਵਾ ਸਰਕਾਰੀ ਪਰਿਸੰਪਤੀਆਂ | | −6.6 |
| ਕੁੱਲ (i + ii) | | |
| (ਅ) ਵਿਦੇਸ਼ੀ ਪਰਿਸੰਪਤੀਆਂ ਲੈਣ-ਦੇਣ ਅਤੇ ਦੇਸ਼ ਵਿੱਚ ਨਿਵੇਸ਼ (ਸ਼ੁੱਧ) | | |
| (i) ਨਿੱਜੀ | | |
| ਸਿੱਧਾ | +0.2 | |
| ਕੰਪਨੀਆਂ ਦਾ | +1.8 | +4.4 |
| ਥੋੜ੍ਹੇ ਸਮੇਂ ਦਾ | +2.4 | |
| (ii) ਸਰਕਾਰੀ ਰਾਖਵੀਆਂ ਪਰਿਸੰਪਤੀਆਂ ਤੋਂ ਇਲਾਵਾ, | | +1.2 |
| ਸਰਕਾਰੀ ਪਰਿਸੰਪਤੀਆਂ | | ——— |
| ਜੋੜ (1+2) | | +5.6 |
| | | ——— |
| | | −1.0 |
| ਪੂੰਜੀ ਖਾਤਾ ਬਕਾਇਆ (ੳ - ਅ) | | |

| | | |
|---|---|---|
| (ੲ) ਸਰਕਾਰੀ ਭੁਗਤਾਨ ਲੇਖਾ<br>ਉਸ ਦੀਆਂ ਸਰਕਾਰੀ ਰਾਖਵੀਆਂ ਪਰਿਸੰਪਤੀਆਂ ਦਾ ਲੈਣ ਦੇਣ<br>ਤਰੁੱਟੀਆਂ ਅਤੇ ਭੁੱਲਾਂ (ਸ਼ੁੱਧ) | 0+.5 | –0.7 |

## (ਹ) ਰਾਸ਼ਟਰੀ ਤੁਲਨਾ ਪੱਤਰ

ਰਾਸ਼ਟਰੀ ਤੁਲਨਾ-ਪੱਤਰ, ਅਰਥ ਵਿਵਸਥਾ ਦੇ ਵੱਖ-ਵੱਖ ਖੇਤਰਾਂ ਦੀਆਂ ਪਰਿਸੰਪਤੀਆਂ ਅਤੇ ਦੇਣਦਾਰੀਆਂ ਨੂੰ ਦੱਸਦੀ ਹੈ। ਇਹ ਨਿਧੀਆਂ ਦੇ ਪ੍ਰਵਾਹਾਂ ਦੇ ਚਿੱਠਿਆਂ ਨਾਲ ਨੇੜੇ ਦਾ ਸਬੰਧ ਰੱਖਦੀ ਹੈ। ਫਰਕ ਸਿਰਫ ਇਹ ਹੈ ਕਿ ਇਹ ਪ੍ਰਵਾਹਾਂ ਦੇ ਨਹੀਂ ਸਗੋਂ ਭੰਡਾਰਾਂ ਦੇ ਲੈਣ ਦੇਣ ਨੂੰ ਦੱਸਦੀ ਹੈ। ਇਹ ਅਰਥ ਵਿਵਸਥਾ ਦੀਆਂ ਠੋਸ ਆਕਾਰ ਵਾਲੀਆਂ (tangible) ਅਤੇ ਆਕਾਰ-ਰਹਿਤ (intangible) ਪਰਿਸੰਪਤੀਆਂ ਅਤੇ ਦੇਣਦਾਰੀਆਂ ਨਾਲ ਸਬੰਧ ਰੱਖਦੀਆਂ ਹਨ। ਰਾਸ਼ਟਰੀ ਆਮਦਨ ਅਤੇ ਸਮਾਜਿਕ ਲੇਖੇ ਨੂੰ ਦੱਸਣ ਲਈ ਇਨ੍ਹਾਂ ਦੀ ਵਰਤੋਂ ਕਰਨ ਦੀ ਰੁਚੀ ਤਾਂ ਹੈ ਪਰੰਤੂ ਸਮੁੱਚੀ ਅਰਥ ਵਿਵਸਥਾ ਬਾਰੇ ਤੁਲਨਾ-ਪੱਤਰ ਪੇਸ਼ ਕਰਨ ਲਈ ਕੋਈ ਅਜਿਹੀ ਪੂਰਨ ਅਤੇ ਇਕਸਾਰ ਪ੍ਰਣਾਲੀ ਨਹੀਂ ਜਿਸ ਨੂੰ ਮੁਕੰਮਲ ਕਿਹਾ ਜਾ ਸਕੇ।

## ਖੇਤਰੀ ਆਮਦਨ ਦੇ ਲੇਖੇ (Sectoral Income Accounts)

ਰਾਸ਼ਟਰੀ ਆਮਦਨ ਲੇਖਾ ਮੁੱਖ ਤੌਰ ਤੇ, ਨਿੱਜੀ ਘਰੇਲੂ ਖੇਤਰ, ਵਿਦੇਸ਼ੀ ਜਾਂ ਬਾਕੀ ਦਾ ਸੰਸਾਰ ਖੇਤਰ ਅਤੇ ਬੱਚਤ ਅਤੇ ਨਿਵੇਸ਼ ਖੇਤਰ ਤੋਂ ਤਿਆਰ ਕੀਤਾ ਜਾਂਦਾ ਹੈ। ਇਹ ਜ਼ਰੂਰੀ ਨਹੀਂ ਕਿ ਖੇਤਰੀ ਆਮਦਨ ਲੇਖੇ ਲਈ ਉਪਰੋਕਤ ਵਰਗੀਕਰਣ ਹੀ ਹੋਣਾ ਚਾਹੀਦਾ ਹੈ ਸਗੋਂ ਕਿਸੇ ਅਰਥ ਵਿਵਸਥਾ ਲਈ ਉਸ ਦੇ ਸਮਾਜਿਕ-ਆਰਥਿਕ ਉਦੇਸ਼ ਅਤੇ ਲੋੜਾਂ ਅਨੁਸਾਰ ਕੋਈ ਵੀ ਵਰਗੀਕਰਣ ਕੀਤਾ ਜਾ ਸਕਦਾ ਹੈ। ਧਿਆਨ ਰੱਖਣ ਯੋਗ ਗੱਲ ਇਹ ਹੈ ਕਿ ਇੱਕ ਖੇਤਰ ਵਿੱਚ ਸ਼ਾਮਲ ਕੀਤੀਆਂ ਗਈਆਂ ਕ੍ਰਿਆਵਾਂ ਦੁਬਾਰਾ ਕਿਸੇ ਹੋਰ ਖੇਤਰ ਵਿੱਚ ਸ਼ਾਮਲ ਨਾ ਹੋ ਜਾਣ। ਅਰਥ ਵਿਵਸਥਾ ਨੂੰ ਭੂਗੋਲਿਕ ਆਧਾਰ ਤੇ ਵੰਡ ਕੇ, ਸੂਬਿਆਂ ਅਤੇ ਜਿਲ੍ਹਿਆਂ ਅਨੁਸਾਰ ਖੇਤਰੀ ਲੇਖੇ ਵੀ ਬਣਾਏ ਜਾ ਸਕਦੇ ਹਨ। ਉਦੇਸ਼ਾਂ ਅਨੁਸਾਰ, ਕਿਸੇ ਦੇਸ਼ ਵਿੱਚ ਚਲ ਰਹੀਆਂ ਉਦਯੋਗਿਕ ਕ੍ਰਿਆਵਾਂ ਦੇ ਆਧਾਰ ਤੇ ਵੀ ਲੇਖੇ ਤਿਆਰ ਕੀਤੇ ਜਾ ਸਕਦੇ ਹਨ। ਕਿਸੇ ਵੀ ਹਾਲਤ ਵਿੱਚ ਅਖੀਰ ਵਿੱਚ ਇਹ ਲੇਖੇ, ਰਾਸ਼ਟਰੀ ਲੇਖੇ ਵਿੱਚ ਇਕੱਠੇ ਕੀਤੇ ਜਾਂਦੇ ਹਨ। ਇਹ ਖੇਤਰੀ ਸਮਾਜਿਕ ਲੇਖੇ, ਕੁੱਲ ਰਾਸ਼ਟਰੀ ਉਤਪਾਦਨ ਦੇ ਇਕਹਿਰੇ ਇਕਸੁਰ ਲੇਖੇ ਤੋਂ ਕਈ ਸੌਦੇ ਬਾਹਰ ਵੀ ਰਹਿ ਸਕਦੇ ਹਨ, ਜੋ ਕਿ ਮੌਜੂਦਾ ਆਰਥਿਕ ਕ੍ਰਿਆਵਾਂ ਤੋਂ ਉਤਪੰਨ ਨਹੀਂ ਹੁੰਦੇ। ਕੁੱਲ ਰਾਸ਼ਟਰੀ ਉਤਪਾਦਨ ਲੇਖੇ ਵਿੱਚ ਕਈ ਪ੍ਰਵਾਹ, ਪ੍ਰਤੱਖ ਨਹੀਂ ਦਿੱਸਦੇ ਜਦੋਂ ਕਿ ਖੇਤਰੀ ਲੇਖੇ ਅਜਿਹੇ ਸਾਰੇ ਸੌਦਿਆਂ ਅਤੇ ਪ੍ਰਵਾਹਾਂ ਨੂੰ ਸਾਫ ਦੱਸਦੇ ਹਨ, ਜਿਸ ਨਾਲ ਕਿਸੇ ਅਰਥ ਵਿਵਸਥਾ ਦੀ ਕਾਰਜ ਵਿਧੀ ਨੂੰ ਵਿਗਿਆਨਕ ਤਰੀਕੇ ਨਾਲ ਘੋਖਿਆ ਜਾ ਸਕਦਾ ਹੈ। ਇੱਥੇ ਰਾਸ਼ਟਰੀ ਆਮਦਨ ਲੇਖੇ ਦੀ ਪੜ੍ਹਾਈ, ਅਰਥ ਵਿਵਸਥਾ ਨੂੰ ਵਪਾਰਕ ਖੇਤਰ, ਨਿੱਜੀ ਖੇਤਰ, ਸਰਕਾਰੀ ਖੇਤਰ ਅਤੇ ਬਾਕੀ ਦਾ ਸੰਸਾਰ (ਵਿਦੇਸ਼ੀ) ਖੇਤਰ ਵਿੱਚ ਵੰਡ ਕੇ ਕਰਾਂਗੇ।

## (ੳ) ਕਾਰੋਬਾਰੀ ਖੇਤਰ

ਅਰਥ ਵਿਵਸਥਾ ਕਾਰੋਬਾਰੀ ਖੇਤਰ ਵਿਚ, ਨਿਗਮ ਖੇਤਰ (ਜੋ ਕਿ ਨਿੱਜੀ ਅਤੇ ਜਨਤਕ ਲਿਮਟਿਡ ਕੰਪਨੀਆਂ ਦਾ ਬਣਿਆ ਹੁੰਦਾ ਹੈ) ਅਤੇ ਨਾਨ-ਨਿਗਮ ਖੇਤਰ (ਜੋ ਨਿੱਜੀ ਮਾਲਕੀ ਅਤੇ ਹਿੱਸੇਦਾਰ ਫਰਮਾਂ ਦਾ ਬਣਿਆ ਹੁੰਦਾ ਹੈ) ਸ਼ਾਮਲ ਹੁੰਦੇ ਹਨ। ਕਾਰੋਬਾਰੀ ਖੇਤਰ ਦੇ ਚਾਲੂ ਲੇਖੇ ਵਿੱਚ ਉਹ ਸਾਰੀ ਮੌਜੂਦਾ ਆਰਥਿਕ ਕ੍ਰਿਆ ਸ਼ਾਮਲ ਹੈ ਜੋ ਇਸ ਖੇਤਰ ਵਿੱਚ ਹੁੰਦੀ ਹੈ ਅਤੇ ਇਸ ਤਰ੍ਹਾਂ ਕੁੱਲ ਰਾਸ਼ਟਰੀ ਉਤਪਾਦਨ ਵਿੱਚ ਸ਼ਾਮਲ ਕੀਤੀ ਜਾਂਦੀ ਹੈ। ਹੇਠ ਦਿੱਤੀ ਸਾਰਣੀ, (ਅ), ਵਪਾਰਕ ਖੇਤਰ ਦੇ ਆਮਦਨ ਅਤੇ ਉਤਪਾਦਨ ਲੇਖੇ-ਜੋਖੇ ਦੀ ਇੱਕ ਕਾਲਪਨਿਕ ਤਸਵੀਰ ਪੇਸ਼ ਕਰਦੀ ਹੈ।

## ਸਾਰਣੀ (ਅ)
## ਕਾਰੋਬਾਰੀ ਖੇਤਰ ਦਾ ਆਮਦਨ ਅਤੇ ਉਤਪਾਦਨ ਲੇਖਾ

*(ਕਰੋੜਾਂ ਰੁਪਿਆਂ ਵਿੱਚ)*

| | ਖਰਚ | | | ਆਮਦਨ | |
|---|---|---|---|---|---|
| 1. | ਮਜ਼ਦੂਰੀਆਂ ਅਤੇ ਤਨਖਾਹਾਂ | 250 | 1. | ਸ਼ੁੱਧ ਵਿਕਰੀਆਂ | |
| 2. | ਸਮਾਜਿਕ ਸੁਰੱਖਿਆ ਭੁਗਤਾਨ | 10 | | (ੳ) ਉਪਭੋਗੀਆਂ ਨੂੰ | 220 |
| 3. | ਨਾਨ-ਨਿਗਮ ਕਾਰੋਬਾਰ ਦੀ | | | (ਅ) ਸਰਕਾਰ ਨੂੰ | 110 |
| | ਸ਼ੁੱਧ ਆਮਦਨ ਅਤੇ ਭੰਡਾਰਾਂ ਦੇ | | | (ੲ) ਵਿਦੇਸ਼ਾਂ ਨੂੰ | 40 |
| | ਮੁਲਾਂਕਣ ਦਾ ਸਮਾਧਾਨ | 50 | 2. | ਪੂੰਜੀ ਪਦਾਰਥਾਂ ਦੇ ਵਪਾਰ ਤੋਂ | 60 |
| 4. | ਵਿਅਕਤੀਆਂ ਦੇ ਲਗਾਨ ਤੋਂ ਆਮਦਨ | 10 | 3. | ਭੰਡਾਰਾਂ ਵਿੱਚ ਸ਼ੁੱਧ ਤਬਦੀਲੀ | 35 |
| 5. | ਨਿਗਮ ਦੇ ਲਾਭ ਅਤੇ ਭੰਡਾਰਾਂ ਦੇ | | | | ——— |
| | ਮੁਲਾਂਕਣ ਦਾ ਸਮਾਧਾਨ | 60 | 4. | ਕੁੱਲ ਕਾਰੋਬਾਰ ਉਪਜ | 465 |
| | (i) ਨਿਗਮ ਕਰ | 25 | | | ——— |
| | (ii) ਲਾਭਾਂਸ਼ - | 15 | | | |
| | (iii) ਅਣਵੰਡੇ ਲਾਭ – | 8 | | | |
| | (iv) ਭੰਡਾਰਾਂ ਦੇ ਮੁਲਾਂਕਣ ਸਮਾਧਾਨ | 5 | | | |
| 6. | ਸ਼ੁੱਧ ਵਿਆਜ | - | | | |
| 7. | ਆਮਦਨ | - | | | |
| | (Income originating) | 375 | | | |
| 8. | ਅਸਿੱਧੇ ਵਪਾਰਕ ਕਰ | 60 | | | |
| 9. | ਸ਼ੁੱਧ ਕਾਰੋਬਾਰੀ ਲਾਗਤ | 435 | | | |
| | | ——— | | | |
| 10. | ਘਿਸਾਈ (Capital) | 30 | | | |
| | (Consumption Allowance) | ——— | | | |
| 11. | ਕੁੱਲ ਕਾਰੋਬਾਰੀ ਉਪਜ ਦੀ ਲਾਗਤ | | | | |
| | (Charges against | 465 | | | |
| | Business Gross Product) | | | | |

## (ਅ) ਨਿੱਜੀ (ਪਰਿਵਾਰਕ) ਖੇਤਰ

ਇਸ ਖੇਤਰ ਵਿੱਚ ਸਮੂਹ ਗ੍ਰਹਿਸਥੀਆਂ (ਵਿਅਕਤੀਆਂ, ਉਪਭੋਗੀਆਂ ਅਤੇ ਪਰਿਵਾਰਾਂ) ਦੀਆਂ ਵਸੂਲੀਆਂ ਅਤੇ ਖਰਚ ਸ਼ਾਮਲ ਹੁੰਦੇ ਹਨ। ਅਸਲ ਵਿੱਚ ਇਹ ਲਾਭ ਨਾ ਕਮਾਉਣ ਵਾਲੀਆਂ ਸੰਸਥਾਵਾਂ ਹਨ। ਨਿੱਜੀ ਆਮਦਨ ਅਤੇ ਖਰਚ ਲੇਖੇ ਦਾ ਕਾਲਪਨਿਕ ਨਮੂਨਾ ਹੇਠ ਦਿੱਤੇ ਅਨੁਸਾਰ ਹੈ :

## ਸਾਰਣੀ (ਬ)
## ਨਿੱਜੀ ਖੇਤਰ ਦਾ ਆਮਦਨ ਅਤੇ ਖਰਚ ਦਾ ਲੇਖਾ ਜੋਖਾ

*(ਕਰੋੜਾਂ ਰੁਪਿਆਂ ਵਿੱਚ)*

| | ਖਰਚ | | | ਆਮਦਨ | |
|---|---|---|---|---|---|
| 1. | ਨਿੱਜੀ ਕਰ | 142.2 | 1. | ਮਜ਼ਦੂਰੀਆਂ ਅਤੇ ਤਨਖਾਹਾਂ | 627.8 |
| 2. | ਨਿੱਜੀ ਖਰਚ | 747.2 | 2. | ਬਾਕੀ ਕ੍ਰਿਤ ਆਮਦਨ | 40.7 |
| | (i) ਨਿੱਜੀ ਉਪਭੋਗ ਖਰਚ | 726.5 | 3. | ਮਾਲਕਾਂ ਦੀ ਆਮਦਨ | 74.2 |
| | (ii) ਉਪਭੋਗੀਆਂ ਦੁਆਰਾ ਵਿਆਜ ਦਾ ਭੁਗਤਾਨ | | 4. | ਕਿਰਾਏ ਤੋਂ ਆਮਦਨ | 24.1 |
| | | 19.7 | 5. | ਲਾਭਾਂਸ਼ | 24.0 |
| | (iii) ਟਰਾਂਸਫਰ ਭੁਗਤਾਨ | 1.0 | 6. | ਨਿੱਜੀ ਵਿਆਜ ਆਮਦਨ | 78.0 |
| 3. | ਨਿੱਜੀ ਬੱਚਤਾਂ | 49.7 | | (1) ਸ਼ੁੱਧ ਵਿਆਜ | 45.2 |
| | | | | (2) ਸਰਕਾਰ ਦੁਆਰਾ ਦਿੱਤਾ ਗਿਆ ਵਿਆਜ | 13.0 |
| | | | | (3) ਉਪਭੋਗੀਆਂ ਵਲੋਂ ਦਿੱਤਾ ਗਿਆ ਵਿਆਜ | 19.8 |
| | | | 7. | ਟਰਾਂਸਫਰ ਭੁਗਤਾਨ | 103.0 |
| | | | | (1) ਕਾਰੋਬਾਰ ਤੋਂ | 4.6 |
| | | | | (2) ਸਰਕਾਰ ਵਲੋਂ | 98.7 |
| | | | 8. | ਨਫੀ ਸਮਾਜਿਕ ਬੀਮੇ ਲਈ ਨਿੱਜੀ ਹਿੱਸੇ | -34.7 |
| | ਜੋੜ (ਕਰ, ਖਰਚ ਅਤੇ ਬੱਚਤ) | 939.1 | | ਨਿੱਜੀ ਆਮਦਨ | 939.1 |

## (ਬ) ਸਰਕਾਰੀ ਖੇਤਰ

ਸਰਕਾਰੀ ਖੇਤਰ ਲੇਖਾ, ਸਰਕਾਰ ਦੀ ਆਮਦਨ ਅਤੇ ਖਰਚ ਨੂੰ ਵਿਖਾਉਂਦਾ ਹੈ। ਇਸ ਖੇਤਰ ਅਧੀਨ ਕੇਂਦਰੀ, ਸੂਬਾਈ ਅਤੇ ਸਥਾਨਕ, ਸਾਰੀਆਂ ਸਰਕਾਰਾਂ ਆਉਂਦੀਆਂ ਹਨ। ਇੱਥੇ ਧਿਆਨ ਰੱਖਣ ਯੋਗ ਗੱਲ ਇਹ ਹੈ ਕਿ ਵਿਵਸਾਇਕ ਅਤੇ ਉਦਯੋਗਿਕ ਇਕਾਈਆਂ, ਜਿਨ੍ਹਾਂ ਦੀ ਸਰਕਾਰ ਮਾਲਕ ਹੈ, ਵੀ ਸਰਕਾਰ ਨੂੰ ਆਮਦਨ ਦੇਂਦੀਆਂ ਹਨ, ਅਤੇ ਸਰਕਾਰ ਨੂੰ ਇਨ੍ਹਾਂ ਇਕਾਈਆਂ ਲਈ ਸੇਵਾਵਾਂ ਅਤੇ ਕੱਚਾ ਮਾਲ ਖਰੀਦਣ ਉੱਤੇ ਵੀ ਖਰਚ ਕਰਨਾ ਪੈਂਦਾ ਹੈ, ਪਰੰਤੂ ਇਨ੍ਹਾਂ ਇਕਾਈਆਂ ਨੂੰ ਸਰਕਾਰੀ ਖੇਤਰ ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ ਕਿਉਂਕਿ ਇਹ ਤਾਂ ਪਹਿਲਾਂ ਹੀ ਕਾਰੋਬਾਰੀ ਖੇਤਰ ਵਿੱਚ ਸ਼ਾਮਲ ਕੀਤੀਆਂ ਜਾ ਚੁੱਕੀਆਂ ਹਨ, ਜਿਸ ਬਾਰੇ ਅਸੀਂ, ਪਹਿਲਾਂ ਦੱਸ ਆਏ ਹਾਂ। ਸਰਕਾਰੀ ਖੇਤਰ ਲੇਖੇ ਨੂੰ ਹੇਠ ਦਿੱਤੀ ਕਾਲਪਨਿਕ ਸਾਰਣੀ (ਸ) ਦੱਸਦੀ ਹੈ :

## ਸਾਰਣੀ (ਸ)
## ਸਰਕਾਰੀ ਖੇਤਰ ਦਾ ਆਮਦਨ ਖਰਚ ਲੇਖਾ

*(ਕਰੋੜਾਂ ਰੁਪਿਆਂ ਵਿੱਚ)*

| | ਖਰਚ | | | ਆਮਦਨ | |
|---|---|---|---|---|---|
| 1. | ਵਸਤਾਂ ਅਤੇ ਸੇਵਾਵਾਂ ਦੀ ਸਿੱਧੀ ਖਰੀਦ | 75 | | 1. ਕਰਾਂ ਤੋਂ ਆਮਦਨ | 70.000 |
| | (i) ਮਜ਼ਦੂਰੀ ਅਤੇ ਵੇਤਨ | 6.00 | | (i) ਨਿੱਜੀ ਕਰ | 40.00 |
| | (ii) ਸਮਾਜਿਕ ਸੁਰੱਖਿਆ ਭੁਗਤਾਨ | 4.0 | | (ii) ਨਿਗਮ ਕਰ | 10.00 |
| | | | | (iii) ਅਸਿੱਧੇ ਕਰ | 20.00 |
| | (iii) ਕਾਰੋਬਾਰ ਤੋਂ ਖਰੀਦ | 60.00 | 2. | ਸਮਾਜਿਕ ਸੁਰੱਖਿਆ | 30.00 |
| | (iv) ਵਿਦੇਸ਼ਾਂ ਤੋਂ ਖਰੀਦ | 5.00 | | (i) ਕਾਰੋਬਾਰ ਤੋਂ | 12.00 |
| 2. | ਟਰਾਂਸਫਰ ਭੁਗਤਾਨ | 15.50 | | (ii) ਵਿਅਕਤੀ ਤੋਂ | 15.00 |
| 3. | ਸ਼ੁੱਧ ਵਿਆਜ ਦਾ ਭੁਗਤਾਨ | 9.50 | | ਸਰਕਾਰ ਤੋਂ | 3.00 |
| | ਕੁੱਲ ਸਰਕਾਰੀ ਖਰਚ ਅਤੇ ਘਾਟਾ | 100.00 | | ਕੁੱਲ ਸਰਕਾਰੀ ਆਮਦਨ | 100.00 |

### (ਸ) ਬਾਕੀ ਦਾ ਸੰਸਾਰ–ਵਿਦੇਸ਼ੀ ਖੇਤਰ

ਇਸ ਖੇਤਰ ਅਧੀਨ ਬਰਾਮਦਾਂ ਅਤੇ ਦਰਾਮਦਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ ਕਿਉਂਕਿ ਅੰਤਰ ਰਾਸ਼ਟਰੀ ਪੱਧਰ ਤੇ, ਦੇਸ਼ ਤੋਂ ਬਾਹਰਲੇ ਵਿਅਕਤੀਆਂ ਅਤੇ ਸੰਸਥਾਵਾਂ ਨਾਲ ਵੀ ਲੈਣ ਦੇਣ ਕੀਤਾ ਜਾਂਦਾ ਹੈ ਇਸੇ ਕਰਕੇ ਰਾਸ਼ਟਰੀ ਆਮਦਨ ਲੇਖੇ ਦੀ ਤਸਵੀਰ ਪੇਸ਼ ਕਰਨ ਲਈ ਵਿਦੇਸ਼ੀ ਖੇਤਰ ਵਿੱਚ ਹੋਣ ਵਾਲਾ ਲੈਣ ਦੇਣ ਇੱਕ ਮਹੱਤਵਪੂਰਨ ਸਥਾਨ ਰੱਖਦਾ ਹੈ। ਦੇਸ਼ ਨੂੰ ਹੋਣ ਵਾਲੇ ਵਸਤਾਂ ਅਤੇ ਸੇਵਾਵਾਂ ਦੇ ਸ਼ੁੱਧ ਵਹਾਓ ਨੂੰ ਧਨਾਤਮਕ ਚਿੰਨ੍ਹ ਨਾਲ ਦਰਜ ਕੀਤਾ ਜਾਂਦਾ ਹੈ। ਵਿਦੇਸ਼ੀ ਖੇਤਰ ਲੇਖੇ ਨੂੰ ਦੱਸਦੀ ਹੋਈ ਇੱਕ ਕਾਲਪਨਿਕ ਸਾਰਣੀ (ਹ) ਹੇਠ ਦਿੱਤੀ ਗਈ ਹੈ।

## ਸਾਰਣੀ (ਹ)
## ਬਾਕੀ ਦੇ ਸੰਸਾਰ ਖੇਤਰ ਦਾ ਆਮਦਨ ਅਤੇ ਖਰਚ ਬਿਊਰਾ

*(ਕਰੋੜਾਂ ਰੁਪਿਆਂ ਵਿੱਚ)*

| | ਖਰਚ | | | ਆਮਦਨ | |
|---|---|---|---|---|---|
| 1. | ਦੇਸ਼ ਤੋਂ ਸ਼ੁੱਧ ਖਰੀਦ | 38.00 | 1. | ਸ਼ੁੱਧ ਵਿਦੇਸ਼ੀ ਨਿਵੇਸ਼ | 42.00 |
| | (i) ਕਾਰੋਬਾਰ ਤੋਂ | 41.00 | | | |
| | (ii) ਸਰਕਾਰ ਤੋਂ | -1.50 | | | |
| | (iii) ਵਿਅਕਤੀਆਂ ਤੋਂ | -1.50 | | | |
| 2. | ਮਜ਼ਦੂਰੀ ਅਤੇ ਵੇਤਨ | 2.00 | | | |
| 3. | ਵਿਆਜ | -1.00 | | | |
| 4. | ਲਾਭਾਂਸ਼ | 1.00 | | | |
| 5. | ਸ਼ਾਖਾ ਲਾਭ | 2.00 | | | |
| 6. | ਸ਼ੁੱਧ ਲਾਭ | 42.00 | | ਸ਼ੁੱਧ ਵਿਦੇਸ਼ੀ ਨਿਵੇਸ਼ | 42.00 |

## (ਹ) ਕੁੱਲ ਬੱਚਤ ਅਤੇ ਨਿਵੇਸ਼ ਲੇਖਾ ਖੇਤਰ

ਕੁੱਲ ਬੱਚਤ ਅਤੇ ਨਿਵੇਸ਼ ਲੇਖਾ ਖੇਤਰ ਅਧੀਨ, ਸਮੁੱਚੀ ਅਰਥ ਵਿਵਸਥਾ ਦੇ ਸਾਰੇ ਲੈਣ ਦੇਣ ਨੂੰ ਦਰਜ ਕੀਤਾ ਜਾਂਦਾ ਹੈ। ਇਹ ਖੇਤਰ ਲੇਖਾ ਇਹ ਦੱਸਦਾ ਹੈ ਕਿ ਕੁੱਲ ਬੱਚਤ, ਕੁੱਲ ਨਿਵੇਸ਼ ਦੇ ਬਰਾਬਰ ਕਿਵੇਂ ਹੁੰਦੀ ਹੈ।ਇਹ ਲੇਖੇ ਦੀ ਖਾਸ ਮਹਾਨਤਾ ਹੈ। ਪਹਿਲਾਂ ਦੱਸੇ ਹੋਏ, ਖੇਤਰੀ ਲੇਖਿਆਂ ਵਿੱਚੋਂ, ਹਰ ਖੇਤਰੀ ਲੇਖਾ, ਇੱਕ ਬਚੀ ਹੋਈ ਮੱਦ ਨੂੰ ਦੱਸਦਾ ਹੈ ਜੋ ਕਿ ਉਸ ਖੇਤਰ ਦੀ ਬੱਚਤ ਹੁੰਦੀ ਹੈ। ਬਾਕੀ ਮੱਦਾਂ ਦੇ ਉਲਟ, ਜੋ ਕਿ ਸਾਰਣੀ ਦੇ ਆਮਦਨ ਅਤੇ ਖਰਚ, ਦੋਹਾਂ ਪਾਸਿਆਂ ਵੱਲ ਦਿੱਸਦੀਆਂ ਹਨ, ਇਹ ਮੱਦ (ਬੱਚਤ) ਸਿਰਫ ਇੱਕ ਵਾਰ ਹੀ ਦਿੱਸਦੀ ਹੈ ਅਤੇ ਉਹ ਵੀ ਸਾਰਣੀ ਦੇ ਸਿਰਫ ਇੱਕ ਪਾਸੇ ਹੀ। ਇਹ ਇਸ ਕਰਕੇ, ਕਿ ਬੱਚਤ ਮੌਜੂਦਾ ਲੈਣ ਦੇਣ ਨਹੀਂ ਸਗੋਂ ਪੂੰਜੀ ਦੇ ਲੈਣ ਦੇਣ ਨੂੰ ਦੱਸਦੀ ਹੈ। ਕੁੱਲ ਬੱਚਤ ਅਤੇ ਨਿਵੇਸ਼ ਲੇਖੇ ਤਿਆਰ ਕਰਨ ਦਾ ਉਦੇਸ਼ ਸਾਰੀਆਂ ਪੂੰਜੀ ਮੱਦਾਂ ਨੂੰ ਸਮੁੱਚੀ ਅਰਥ ਵਿਵਸਥਾ ਲਈ ਹੀ ਲੇਖੇ ਵਿੱਚ ਇਕੱਠਾ ਕਰਨਾ ਹੁੰਦਾ ਹੈ। ਅਜਿਹਾ ਕਾਲਪਨਿਕ ਲੇਖਾ, ਹੇਠਲੀ ਸਾਰਣੀ (ਕ) ਤੋਂ ਸਾਫ ਨਜ਼ਰ ਆਉਂਦਾ ਹੈ:

### ਸਾਰਣੀ (ਕ)
### ਕੁੱਲ ਬੱਚਤ ਅਤੇ ਨਿਵੇਸ਼ ਲੇਖਾ

*(ਕਰੋੜਾਂ ਰੁਪਿਆਂ ਵਿੱਚ)*

| | ਖਰਚ | | | ਆਮਦਨ | |
|---|---|---|---|---|---|
| 1. | ਕਾਰੋਬਾਰ ਲਈ ਪੂੰਜੀ | | 1. | ਨਿਗਮ ਬੱਚਤ | 41 |
| | ਦੀ ਖਰੀਦ | 60 | | ਅਣਵੰਡੇ ਲਾਭ 8 | |
| 2. | ਭੰਡਾਰਾਂ ਵਿੱਚ ਸ਼ੁੱਧ ਤਬਦੀਲੀ | 35 | | ਭੰਡਾਰਾਂ ਦਾ ਮੁਲਾਂਕਣ ਦਾ | |
| | | | | ਸਮਾਧਾਨ 2 | |
| 3. | ਸ਼ੁੱਧ ਵਿਦੇਸ਼ੀ ਸ਼ਾਖਾ ਲਾਭ | 39 | | ਵਿਦੇਸ਼ੀ ਸ਼ਾਖਾ ਲਾਭ 1 | |
| | | | | ਘਿਸਾਈ 30 | |
| 4. | ਕੁੱਲ ਨਿਵੇਸ਼ | 0 | 2. | ਨਿੱਜੀ ਬੱਚਤ | 111 |
| | | ---- | | | ---- |
| | | 134 | 3. | ਸਰਕਾਰੀ ਘਾਟਾ | -18 |
| | | | 4. | ਕੁੱਲ ਬੱਚਤ | 134 |

ਇਨ੍ਹਾਂ ਪੰਜਾਂ ਖੇਤਰੀ ਲੇਖਿਆਂ ਸਮੇਤ ਕੁੱਲ ਰਾਸ਼ਟਰੀ ਉਤਪਾਦਨ ਲੇਖੇ ਦਾ ਨਿਰੀਖਣ, ਅਰਥ ਵਿਵਸਥਾ ਦੇ ਅੰਤਰ ਢਾਂਚੇ ਬਾਰੇ ਸਾਡੀ ਜਾਣਕਾਰੀ ਨੂੰ ਵਧਾਉਂਦਾ ਹੈ।

## ਸਮਾਜਿਕ ਲੇਖੇ ਦੇ ਰਾਹ ਵਿੱਚ ਆਉਣ ਵਾਲੀਆਂ ਔਕੜਾਂ

ਸਮਾਜਿਕ ਲੇਖੇ ਨੂੰ ਤਿਆਰ ਕਰਦੇ ਹੋਏ, ਹੇਠ ਲਿਖੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ :

### 1. ਦੂਹਰੀ ਗਿਣਤੀ ਦੀ ਸਮੱਸਿਆ

ਇਹ ਸਮੱਸਿਆ ਅੰਤਿਮ ਅਤੇ ਮਾਧਿਆਤਮਕ ਵਸਤਾਂ ਦੀ ਵੱਖਰਿਆਂ ਪਛਾਣ ਨਾ ਹੋ ਸਕਣ ਕਰਕੇ ਪੈਦਾ ਹੁੰਦੀ ਹੈ।ਉਦਾਹਰਣ ਵਜੋਂ, ਨਵੀਂ ਬਣੀ ਬਿਲਡਿੰਗ ਦੀ ਖਰੀਦ ਨੂੰ, ਅਰਥ ਵਿਵਸਥਾ ਦੇ ਉਤਪਾਦਨ ਦੇ ਉਪਭੋਗ ਥੱਲੇ ਲਿਆ ਜਾਂਦਾ ਹੈ, ਪਰ ਦੂਜੇ ਪਾਸੇ ਜੇ ਉਸੇ ਬਿਲਡਿੰਗ ਨੂੰ, ਕੋਈ ਪ੍ਰਾਈਵੇਟ ਫਰਮ ਖਰੀਦ ਲੈਂਦੀ ਹੈ, ਤਾਂ ਇਹ, ਉਸ ਸਾਲ ਦਾ ਕੁੱਲ ਨਿਵੇਸ਼ ਬਣ ਜਾਂਦਾ ਹੈ। ਇਸ ਤਰ੍ਹਾਂ ਉਹ ਵਸਤੂ ਸਮਾਜਿਕ ਨਿਵੇਸ਼ ਅਤੇ ਉਪਭੋਗ ਦੇ ਤੌਰ ਤੇ ਦਿੱਸਦੀ ਹੈ। ਇਸ ਤਰ੍ਹਾਂ ਸਮਾਜਿਕ ਲੇਖੇ ਨੂੰ ਤਿਆਰ ਕਰਨ ਦਾ ਕੰਮ ਕਠਿਨ ਹੋ ਜਾਂਦਾ ਹੈ।

### 2. ਉਹ ਸੌਦੇ ਜੋ ਮੰਡੀ ਵਿੱਚ ਨਹੀਂ ਹੁੰਦੇ

ਅਜਿਹੇ ਸਾਰੇ ਸੌਦੇ ਜੋ ਮੰਡੀ ਵਿੱਚ ਨਹੀਂ ਹੁੰਦੇ, ਜਿਨ੍ਹਾਂ ਦਾ ਮੁਦਰਕ ਮੁੱਲ ਦੱਸਣਾ ਔਖਾ ਹੁੰਦਾ ਹੈ,

ਉਹ ਵੀ ਸਮਾਜਿਕ ਲੇਖੇ ਨੂੰ ਤਿਆਰ ਕਰਨ ਦੇ ਕੰਮ ਵਿੱਚ ਇੱਕ ਭਾਰੀ ਰੁਕਾਵਟ ਪੈਦਾ ਕਰਦੇ ਹਨ ।

**3. ਜਨਤਕ ਸੇਵਾਵਾਂ**

ਪੁਲਿਸ, ਸੈਨਾ, ਸਿਹਤ, ਪੜ੍ਹਾਉਣ ਆਦਿ ਅਜਿਹੀਆਂ ਸੇਵਾਵਾਂ ਹਨ, ਜਿਨ੍ਹਾਂ ਦਾ ਮੁਦਰਕ ਨਾਪ ਕਰਨਾ ਬਹੁਤ ਕਠਿਨ ਹੈ । ਇਸੇ ਤਰ੍ਹਾਂ ਬਹੁਮੁਖੀ ਯੋਜਨਾਵਾਂ ਦੇ ਏਨੇ ਲਾਭ ਹਨ, ਜਿਨ੍ਹਾਂ ਨੂੰ ਮੁਦਰਕ ਰੂਪ ਵਿੱਚ ਨਹੀਂ ਦੱਸਿਆ ਜਾ ਸਕਦਾ ਅਤੇ ਇਸ ਤਰ੍ਹਾਂ ਸਮਾਜਿਕ ਲੇਖਾ ਤਿਆਰ ਕਰਨ ਦਾ ਕੰਮ ਕਠਿਨ ਹੋ ਜਾਂਦਾ ਹੈ ।

**4. ਘਿਸਾਈ**

ਘਿਸਾਈ ਦੇ ਠੀਕ ਅੰਦਾਜ਼ੇ ਦਾ ਨਾ ਹੋਣਾ ਵੀ ਸਮਾਜਿਕ ਲੇਖਾ ਤਿਆਰ ਕਰਨ ਦੇ ਕੰਮ ਨੂੰ ਮੁਸ਼ਕਿਲ ਬਣਾਉਂਦਾ ਹੈ, ਕਿਉਂਕਿ ਕਿਸੇ ਪੂੰਜੀ ਪਦਾਰਥ (ਜੋ ਕਿ ਲੰਮੇ ਸਮੇਂ ਲਈ ਚੱਲ ਸਕਦਾ ਹੈ) ਦੀ ਮੌਜੂਦਾ ਘਿਸਾਈ ਦਰ ਨੂੰ ਦੱਸਣਾ ਕੋਈ ਸੌਖਾ ਕੰਮ ਨਹੀਂ । ਇਹ ਔਖ, ਹਰ ਸਾਲ ਅਜਿਹੇ ਪਦਾਰਥਾਂ ਦੀਆਂ ਕੀਮਤਾਂ ਵਿੱਚ ਤਬਦੀਲੀ ਆਉਣ ਕਾਰਣ ਹੋਰ ਵੀ ਵਧ ਜਾਂਦੀ ਹੈ ।

**5. ਭੰਡਾਰਾਂ ਦੇ ਮੁੱਲ ਦਾ ਸਮਾਧਾਨ**

ਭੰਡਾਰਾਂ ਦੇ ਮੁੱਲਾਂ ਦਾ ਸਮਾਧਾਨ ਕਰਨ ਦਾ ਕੰਮ ਵੀ ਬਹੁਤ ਔਖਾ ਹੈ, ਕਿਉਂਕਿ ਫਰਮਾਂ ਭੰਡਾਰਾਂ ਦੇ ਮੁੱਲਾਂ ਦਾ ਉਨ੍ਹਾਂ ਦੀ ਮੁੱਢਲੀ ਲਾਗਤ ਅਨੁਸਾਰ ਹੀ ਇੰਦਰਾਜ ਰੱਖਦੀਆਂ ਹਨ ਅਤੇ ਉਨ੍ਹਾਂ ਦੀ ਪ੍ਰਤੀ–ਸਥਾਪਨ ਲਾਗਤ (replacement) ਅਨੁਸਾਰ ਨਹੀਂ । ਜਦੋਂ ਕੀਮਤਾਂ ਵਧਦੀਆਂ ਹਨ, ਭੰਡਾਰਾਂ ਦੇ ਕਿਤਾਬੀ ਮੁੱਲਾਂ ਵਿੱਚ ਵਾਧਾ ਅਤੇ ਕੀਮਤਾਂ ਘਟਣ ਦੇ ਇਸ ਤੇ ਉਲਟ ਹੁੰਦਾ ਹੈ, ਅਤੇ ਇਸ ਤਰ੍ਹਾਂ ਭੰਡਾਰਾਂ ਦੇ ਮੁੱਲਾਂ ਦਾ ਸਮਾਧਾਨ ਕਰਨ ਦਾ ਕੰਮ ਔਖਾ ਹੋਣ ਕਰਕੇ ਸਮਾਜਿਕ ਲੇਖੇ ਨੂੰ ਤਿਆਰ ਕਰਨ ਦੇ ਰਾਹ ਵਿੱਚ ਕਠਿਨਾਈ ਬਣ ਜਾਂਦਾ ਹੈ ।

**1.3.5 ਸਾਰਾਂਸ਼**

ਇਸ ਪਾਠ ਵਿਚ ਤੁਸੀਂ ਪੜ੍ਹ ਚੁੱਕੇ ਹੋ ਕਿ ਸਮਾਜਿਕ ਲੇਖੇ ਵਿੱਚ ਅਰਥ ਵਿਵਸਥਾ ਦੇ ਖੇਤਰ ਵਿਚ ਹੋਣ ਵਾਲੇ ਸੌਦਿਆਂ ਦਾ ਸਾਰੰਸ਼ ਦਿੱਤਾ ਹੁੰਦਾ ਹੈ । ਇਸ ਅਰਥ ਵਿਵਸਥਾ ਨੂੰ ਮੌਜੂਦਾ ਆਮਦਨ ਅਤੇ ਖਰਚ ਵਿਚ, ਇੱਕ ਸਮੇਂ ਵੱਖਰਿਆ ਦੱਸਣ ਲਈ ਖਾਸ ਕਿਸਮ ਦੀ ਆਰਥਿਕ ਕ੍ਰਿਆ ਜਿਵੇਂ ਉਪਭੋਗ, ਨਿਵੇਸ਼, ਉਪਜ ਆਦਿ ਨਾਲ ਬਣਾਇਆ ਜਾਂਦਾ ਹੈ । ਰਾਸ਼ਟਰੀ ਆਮਦਨ ਦੇ ਅੰਕੜਿਆਂ ਨੂੰ ਦੋਹਰੀ ਇੰਦਰਾਜ਼ ਪ੍ਰਣਾਲੀ ਜਾਂ ਮੈਟ੍ਰਿਕਸ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ ।

**ਪਾਠ ਨੰਬਰ : 1.4** **ਲੇਖਕ : ਡਾ. ਪ੍ਰਤਾਪ ਸਿੰਘ**

# ਰੁਜ਼ਗਾਰ ਦਾ ਸਨਾਤਨੀ ਅਤੇ ਨਵ-ਸਨਾਤਨੀ ਸਿਧਾਂਤ

1.4.1 ਭੂਮਿਕਾ

1.4.2 ਉਦੇਸ਼

1.4.3 ਸਨਾਤਨੀ ਥੋੜ੍ਹ-ਚਿਰੀ ਮਾਡਲ

1.4.4 ਸਨਾਤਨੀ ਮਾਡਲ ਦਾ ਆਲੋਚਨਾਤਮਕ ਜਾਇਜ਼ਾ

1.4.5 ਸਾਰਾਂਸ਼

## 1.4.1 ਭੂਮਿਕਾ

ਪ੍ਰਸਿੱਧ ਅਰਥ ਸ਼ਾਸਤਰੀ ਡੇਵਿਡ ਰਿਕਾਰਡੋ (David Ricardo) ਤੋਂ ਚਲੇ ਆ ਰਹੇ ਅਰਥ ਸ਼ਾਸਤਰ ਦੇ ਪੁਰਾਣੇ ਨਿਯਮਾਂ ਨੂੰ ਕੇਨਜ਼ ਨੇ ਕਲਾਸੀਕਲ ਜਾਂ ਪਰੰਪਰਾਵਾਦੀ ਅਰਥ ਸ਼ਾਸਤਰ ਦਾ ਨਾਂ ਦਿੱਤਾ ਹੈ। ਸਮੇਂ ਦੇ ਨਾਲ ਇਨ੍ਹਾਂ ਨਿਯਮਾਂ ਦਾ ਸੰਸ਼ੋਧਨ ਅਤੇ ਪਰਿਸ਼ੋਧਨ ਕੀਤਾ ਜਾਂਦਾ ਰਿਹਾ, ਅਤੇ ਇਸ ਤਰ੍ਹਾਂ ਨਿਯਮਾਂ ਦੀ ਮਿਆਦ ਤਕਰੀਬਨ ਸੌ ਸਾਲ ਰਹੀ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਸਨਾਤਨੀ ਅਰਥ ਸ਼ਾਸਤਰੀਆਂ ਨੇ, ਰੁਜ਼ਗਾਰ ਦਾ ਕੋਈ ਸਿਲਸਿਲੇਵਾਰ (systematic) ਸਿਧਾਂਤ ਨਹੀਂ ਦਿੱਤਾ। ਸਮੇਂ ਸਮੇਂ ਤੇ ਕਲਾਸੀਕਲ ਅਰਥ ਸ਼ਾਸਤਰੀਆਂ ਨੇ ਜੋ ਵਿਚਾਰ ਪ੍ਰਗਟ ਕੀਤੇ, ਉਨ੍ਹਾਂ ਦੀ ਸਹਾਇਤਾ ਨਾਲ ਰੁਜ਼ਗਾਰ ਦੇ ਪਰੰਪਰਾਵਾਦੀ ਜਾਂ ਸਨਾਤਨੀ ਸਿਧਾਂਤ ਦਾ ਨਿਰਮਾਣ ਕੀਤਾ ਜਾ ਸਕਦਾ ਹੈ। ਇਥੇ ਇਹ ਦੱਸਣਾ ਵੀ ਢੁਕਵਾਂ ਜਾਪਦਾ ਹੈ ਕਿ ਕੇਨਜ਼ ਤੋਂ ਪਹਿਲਾਂ ਦੀਆਂ ਸਾਰੀਆਂ ਲਿਖਤਾਂ ਨੂੰ ਆਮ ਤੌਰ ਤੇ ਕਲਾਸੀਕਲ ਅਰਥ ਸ਼ਾਸਤਰੀ ਅਤੇ 20ਵੀਂ ਸਦੀ ਦੇ ਮੈਕਰੋ ਆਰਥਿਕ ਲਿਖਾਰੀਆਂ ਨੂੰ ਨਵ-ਕਲਾਸੀਕਲ ਅਰਥ ਸ਼ਾਸਤਰੀ ਕਿਹਾ ਜਾਂਦਾ ਹੈ। ਨਵ-ਕਲਾਸੀਕਲ ਅਰਥ ਸ਼ਾਸਤਰੀਆਂ ਵਿੱਚ ਏ.ਸੀ. ਪੀਗੂ ਅਤੇ ਅਲਫਰੇਡ ਮਾਰਸ਼ਲ ਦਾ ਨਾਂ ਵਰਨਣਯੋਗ ਹੈ, ਜਦੋਂ ਕਿ ਸਨਾਤਨੀ ਅਰਥ ਸ਼ਾਸਤਰੀਆਂ ਵਿੱਚ ਐਡਮ ਸਮਿੱਥ, ਰਿਕਾਰਡੋ, ਜੇ.ਐਸ. ਮਿੱਲ, ਟੀ.ਆਰ. ਮਾਰਸ਼ਲ ਅਤੇ ਜੇਮਜ਼ ਮਿੱਲ ਦੇ ਨਾਂ ਦਾ ਜ਼ਿਕਰ ਆਉਂਦਾ ਹੈ। ਕੇਨਜ਼ ਤੋਂ ਪਹਿਲਾਂ ਦੀਆਂ ਸਾਰੀਆਂ ਵਿਆਖਿਆਵਾਂ ਅਤੇ ਧਾਰਨਾਵਾਂ (concepts), ਬੁਨਿਆਦੀ ਤੌਰ ਤੇ, ਸਨਾਤਨੀ ਅਰਥ ਸ਼ਾਤਸਰੀਆਂ ਦੀ ਹੀ ਦੇਣ ਸਨ ਜਦੋਂ ਕਿ ਨਵ-ਕਲਾਸੀਕਲ ਅਰਥ ਸ਼ਾਸਤਰੀਆਂ ਨੇ ਨਾ ਸਿਰਫ ਉਨ੍ਹਾਂ ਨੂੰ ਸੋਧਿਆ ਸਗੋਂ ਉਨ੍ਹਾਂ ਦੀ ਵਰਤੋਂ ਨੂੰ ਹੋਰ ਅੱਗੇ ਵੀ ਵਧਾਇਆ।

ਰੁਜ਼ਗਾਰ ਦੇ ਪਰੰਪਰਾਈ ਸਿਧਾਂਤ ਅਨੁਸਾਰ, ਹਰੇਕ ਅਰਥ ਵਿਵਸਥਾ ਵਿੱਚ ਸਦਾ ਪੂਰਣ ਰੁਜ਼ਗਾਰ ਦੀ ਸਥਿਤੀ ਵਿਦਮਾਨ ਰਹਿੰਦੀ ਹੈ ਅਤੇ ਜੇ ਕਦੀ ਅਰਥ ਵਿਵਸਥਾ, ਪੂਰਣ ਰੁਜ਼ਗਾਰ ਦੀ ਸਥਿਤੀ ਤੋਂ ਖੁੰਝ ਜਾਵੇ, ਤਾਂ ਇਹ ਸਿਰਫ ਥੋੜ੍ਹ-ਚਿਰੀ ਗੱਲ ਹੁੰਦੀ ਹੈ ਅਤੇ ਅਰਥ ਵਿਵਸਥਾ ਦੀ ਰੁਚੀ ਪੂਰਣ ਰੁਜ਼ਗਾਰ ਪ੍ਰਾਪਤ ਕਰਨ ਦੀ ਹੁੰਦੀ ਹੈ। ਜੇ ਕਦੀ ਪੂਰਨ ਰੁਜ਼ਗਾਰ ਦੀ ਸਥਿਤੀ ਵਿਦਮਾਨ ਨਹੀਂ ਹੁੰਦੀ, ਤਾਂ ਇਸ ਦਾ ਕਾਰਣ, ਸਰਕਾਰੀ ਦਖ਼ਲ ਅੰਦਾਜ਼ੀ ਹੁੰਦਾ ਹੈ।ਇਸ ਤਰ੍ਹਾਂ ਉਹ ਸਾਰੀਆਂ ਮੰਡੀਆਂ ਵਿੱਚ ਪੂਰਣ ਮੁਕਾਬਲੇ ਦੀ ਸਥਿਤੀ ਨੂੰ ਮੰਨ ਕੇ ਚਲਦੇ ਸਨ ਅਤੇ ਉਨ੍ਹਾਂ ਦੀ ਵਿਆਖਿਆ ਅੰਸ਼ਿਕ ਸਮਤੋਲ ਤੇ ਆਧਾਰਿਤ ਸੀ।ਇਸ ਤੋਂ ਇਲਾਵਾ, ਉਹ ਕਿਸੇ ਵੀ ਸਮੱਸਿਆ ਦੇ ਹੱਲ ਲਈ ਲੰਮੇ ਸਮੇਂ ਉੱਤੇ ਜ਼ੋਰ ਦਿੰਦੇ ਸਨ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਪਰੰਪਰਾਈ ਸਿਧਾਂਤ ਅਨੁਸਾਰ, ਬੇਕਾਰੀ ਦੀ ਸਮੱਸਿਆ, ਉਨ੍ਹਾਂ ਦਾ ਮੁੱਖ ਵਿਸ਼ਾ ਸੀ। ਇਸ ਤਰ੍ਹਾਂ ਅਰਥ ਵਿਵਸਥਾ ਵਿੱਚ ਪੂਰਣ ਰੁਜ਼ਗਾਰ ਨੂੰ ਮੰਨ ਕੇ ਪਰੰਪਰਾਈ ਸਿਧਾਂਤ ਮੁੱਖ ਤੌਰ ਤੇ ਅਜਿਹੇ ਸਵਾਲਾਂ ਦੇ ਜੁਆਬ ਨਾਲ ਸੰਬੰਧਿਤ ਰਿਹਾ ਜਿਹੜੇ ਇਹ ਨਿਰਧਾਰਤ ਕਰਦੇ ਹਨ ਕਿ :

(ੳ) ਦਿੱਤੇ ਹੋਏ ਸਾਧਨਾਂ ਨਾਲ, ਅਰਥ ਵਿਵਸਥਾ ਵਿੱਚ ਕਿਹੜੀਆਂ ਵੱਖੋ-ਵੱਖ, ਵਸਤਾਂ ਤੇ ਸੇਵਾਵਾਂ ਪੈਦਾ ਕੀਤੀਆਂ ਜਾਣਗੀਆਂ?

(ਅ) ਵੱਖੋ-ਵੱਖ ਮੁਕਾਬਲੇ ਵਾਲੀਆਂ ਵਸਤੂਆਂ ਵਿੱਚ, ਸਾਧਨਾਂ ਨੂੰ ਕਿਸ ਤਰ੍ਹਾਂ ਵੰਡਿਆ ਜਾਵੇ?

(ੲ) ਵੱਖੋ-ਵੱਖ ਵਸਤਾਂ/ਸੇਵਾਵਾਂ ਅਤੇ ਉਤਪਾਦਨ ਸਾਧਨਾਂ ਦੀਆਂ ਸਾਪੇਖਕ ਕੀਮਤਾਂ ਕੀ ਹੋਣਗੀਆਂ?

(ਸ) ਉਤਪਾਦਨ ਦੇ ਸਾਧਨਾ ਦੁਆਰਾ ਪੈਦਾ ਹੋਈ ਆਮਦਨ ਨੂੰ, ਉਤਪਾਦਨ ਸਾਧਨਾਂ ਵਿੱਚ, ਕਿਵੇਂ ਵੰਡਿਆ ਜਾਵੇ, ਆਦਿ ।

ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਪਰੰਪਰਾਈ ਅਰਥ ਸ਼ਾਸਤਰੀ, ਪੂਰਨ ਰੁਜ਼ਗਾਰ ਤੋਂ ਭਾਵ ਇਹ ਨਹੀਂ ਸਨ ਲੈਂਦੇ ਕਿ ਅਰਥ ਵਿਵਸਥਾ ਵਿੱਚ ਬੇਕਾਰੀ ਬਿਲਕੁਲ ਹੁੰਦੀ ਹੀ ਨਹੀਂ, ਸਗੋਂ ਪੂਰਣ ਰੁਜ਼ਗਾਰ ਦੇ ਹੁੰਦੇ ਹੋਏ ਵੀ ਕੁਝ ਇੱਛਕ ਬੇਕਾਰੀ (voluntary unemployment) ਦੀ ਹੋਂਦ ਨੂੰ ਉਹ ਮੰਨਦੇ ਸਨ । ਇਸ ਤੋਂ ਇਲਾਵਾ, ਉਹ ਇਹ ਵੀ ਮੰਨਦੇ ਸਨ ਕਿ ਕਈ ਵਾਰ ਮਸ਼ੀਨਾਂ ਖਰਾਬ ਹੋ ਜਾਣ ਕਾਰਣ ਜਾਂ ਕੱਚਾ ਮਾਲ ਪ੍ਰਾਪਤ ਨਾ ਹੋਣ ਕਾਰਣ ਜਾਂ ਘਟ ਜਾਣ ਕਰਕੇ ਬੇਰੁਜ਼ਗਾਰੀ ਹੋ ਜਾਂਦੀ ਹੈ, ਇਸ ਨੂੰ ਉਹ ਆਰਥਿਕਤਾ ਸਾਫ ਨਾ ਚੱਲਣ ਕਰਕੇ ਬੇਰੁਜ਼ਗਾਰੀ (frictional unemployment) ਕਹਿੰਦੇ ਸਨ । ਇਸ ਤਰ੍ਹਾਂ ਪੂਰਣ ਰੁਜ਼ਗਾਰ ਦੇ ਨਾਲ-ਨਾਲ ਅਰਥ ਵਿਵਸਥਾ ਵਿੱਚ ਇੱਛਕ (voluntary) ਬੇਕਾਰੀ ਦੀ ਹੋਂਦ ਨੂੰ ਉਹ ਸਵੀਕਾਰ ਕਰਦੇ ਹਨ । ਇੱਛਕ ਬੇਕਾਰੀ ਤੋਂ ਭਾਵ ਇਹ ਸੀ ਕਿ ਚਾਲੂ ਮਜ਼ਦੂਰੀ ਦੇ ਦਰ ਤੇ ਮਜ਼ਦੂਰ ਕੰਮ ਕਰਨ ਨੂੰ ਤਿਆਰ ਨਹੀਂ ਹੁੰਦੇ । ਸੰਖੇਪ ਵਿਚ, ਪੂਰਣ ਰੁਜ਼ਗਾਰ ਤੋਂ ਉਨ੍ਹਾਂ ਦਾ ਭਾਵ ਸੀ ਕਿ ਅਰਥ ਵਿਵਸਥਾ ਵਿੱਚ ਅਣਇੱਛਕ ਬੇਕਾਰੀ ਬਿਲਕੁਲ ਨਹੀਂ ਹੁੰਦੀ । ਅਰਥਾਤ ਜੋ ਲੋਕ ਕੰਮ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਚਾਲੂ ਮਜ਼ਦੂਰੀ ਦੀ ਦਰ ਤੇ ਕੰਮ ਉਪਲਬੱਧ ਹੁੰਦਾ ਹੈ । ਸਾਰਾਂਸ਼ ਰੂਪ ਵਿੱਚ ਸਨਾਤਨੀ ਸਿਧਾਂਤ ਨੂੰ ਹੇਠ ਦਿੱਤੇ ਮਾਡਲ ਦੁਆਰਾ ਸਪਸ਼ਟ ਕੀਤਾ ਜਾ ਸਕਦਾ ਹੈ ।


## 1.4.2 ਉਦੇਸ਼: ਇਸ ਪਾਠ ਵਿਚ ਪੜ੍ਹਨ ਉਪਰੰਤ ਤੁਸੀ:

- ਸਨਾਤਨੀ ਥੋੜ੍ਹ-ਚਿਰੀ ਮਾਡਲ ਦੀਆਂ ਮਨੌਤਾ ਦੀ ਜਾਣਕਾਰੀ ਪ੍ਰਾਪ ਕਰੋਗੇ ।
- ਕੇਨਜ਼ ਦੁਆਰਾ ਸਨਾਤਨੀ ਆਲੋਚਨਾਤਮਕ ਮਾਡਲ ਦਾ ਅਧਿਆਨ ਕਰੋਗੇ ।

## 1.4.3 ਸਨਾਤਨੀ ਥੋੜ੍ਹ-ਚਿਰੀ ਮਾਡਲ (Short-Run Classical Model)

ਸਨਾਤਨੀ ਲੋਕਾਂ ਦਾ ਰੁਜ਼ਗਾਰ ਬਾਰੇ ਥੋੜ੍ਹ-ਚਿਰਾ ਮਾਡਲ ਹੇਠ ਲਿਖਿਆਂ ਸਬੰਧਾਂ ਅਤੇ ਮਨੌਤਾਂ ਤੇ ਆਧਾਰਿਤ ਸੀ :

1. ਮਜ਼ਦੂਰਾਂ ਦੀ ਪੂਰਤੀ, ਅਸਲ ਮਜ਼ਦੂਰੀ ਦੀਆਂ ਦਰਾਂ ਨਾਲ ਸਿੱਧਾ ਸਬੰਧ ਰੱਖਦੀ ਹੈ, ਅਰਥਾਤ ਉੱਚੀ ਅਸਲ ਮਜ਼ਦੂਰੀ ਦੀ ਦਰ ਤੇ ਜ਼ਿਆਦਾ ਮਜ਼ਦੂਰ ਕੰਮ ਕਰਨ ਨੂੰ ਤਿਆਰ ਹੁੰਦੇ ਹਨ ।
2. ਉੱਚੀ ਅਸਲ ਮਜ਼ਦੂਰੀ ਦੀ ਦਰ ਤੇ ਮਜ਼ਦੂਰਾਂ ਦੀ ਮੰਗ ਘੱਟ ਹੁੰਦੀ ਹੈ ਅਤੇ ਨੀਵੀਂ ਦਰ ਤੇ ਉਨ੍ਹਾਂ ਦੀ ਮੰਗ ਵੱਧ ਹੁੰਦੀ ਹੈ ।




ਰੇਖਾ ਚਿੱਤਰ ਨੰ : 1

3. ਮਜ਼ਦੂਰ ਮੰਡੀ ਵਿੱਚ ਕਿਸੇ ਕਿਸਮ ਦੀਆਂ ਅਪੂਰਣਤਾਵਾਂ ਜਾਂ ਸੰਸਥਾਤਮਕ ਰੁਕਾਵਟਾਂ ਨਹੀਂ ਹੁੰਦੀਆਂ, ਅਰਥਾਤ, ਮਜ਼ਦੂਰਾਂ ਵਿੱਚ ਪੂਰਨ ਗਤੀਸ਼ੀਲਤਾ ਹੁੰਦੀ ਹੈ ।
4. ਵਸਤਾਂ ਅਤੇ ਸੇਵਾਵਾਂ ਲਈ ਕੁੱਲ ਮੰਗ ਉਹੀ ਰਹਿੰਦੀ ਹੈ ਅਤੇ ਕਿਸੇ ਤਬਦੀਲੀ ਦੀ ਸੰਭਾਵਨਾ ਨਹੀਂ ਹੁੰਦੀ ।
5. ਜਨ-ਸੰਖਿਆ, ਸੁਆਦ ਅਤੇ ਤਕਨੀਕ ਦਾ ਪੱਧਰ ਉਹੀ ਹੁੰਦਾ ਹੈ ।

ਇਨ੍ਹਾਂ ਉਪਰੋਕਤ ਸਬੰਧਾਂ ਅਤੇ ਮਨੌਤਾਂ ਦਾ ਰੇਖਾ ਚਿੱਤਰ ਦੇ ਰੂਪ ਵਿੱਚ ਅਨੁਵਾਦ ਹੇਠ ਦਿੱਤੇ ਅਨੁਸਾਰ ਹੈ :

ਅਸੀਂ ਵੇਖਦੇ ਹਾਂ ਕਿ ਜਦੋਂ ਅਸਲ ਮਜ਼ਦੂਰੀ ਦੀ ਦਰ $(W/P)_1$ ਹੈ ਤਾਂ ਅਰਥ ਵਿਵਸਥਾ ਅਸਮਤੋਲ ਦੀ ਹਾਲਤ ਵਿੱਚ ਹੁੰਦੀ ਹੈ । ਇਸ ਹਾਲਤ ਵਿੱਚ ਮਜ਼ਦੂਰਾਂ ਵਿੱਚ ਮੁਕਾਬਲਾ ਹੋਣ ਕਾਰਣ ਮਜ਼ਦੂਰੀ ਦੀ ਦਰ ਘਟਣ ਕਾਰਣ, ਅਸਲ ਮਜ਼ਦੂਰੀ $(W/P)_0$ ਮਜ਼ਦੂਰੀ ਦੀ ਦਰ ਸਥਾਪਿਤ ਹੋਣ ਨਾਲ ਖਤਮ ਹੋ ਜਾਂਦੀ ਹੈ । ਜੋ ਮਜ਼ਦੂਰ $(W/P)_0$ ਮਜ਼ਦੂਰੀ ਉੱਤੇ ਕੰਮ ਕਰਨ ਨੂੰ ਤਿਆਰ ਨਹੀਂ ਹੁੰਦੇ, ਉਨ੍ਹਾਂ ਨੂੰ ਇੱਛਕ ਬੇਰੁਜ਼ਗਾਰ ਕਿਹਾ ਜਾਂਦਾ ਹੈ । ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸਮਤੋਲ ਦੀ ਹਾਲਤ $D\ (w/p)-S\ (w/p) = 0$, ਅਤੇ $N = N_0$ ਹੁੰਦਾ ਹੈ । ਇਸ ਤਰ੍ਹਾਂ ਸਨਾਤਨੀ ਅਰਥ ਸ਼ਾਸਤਰੀਆਂ ਅਨੁਸਾਰ, ਸਮਤੋਲ ਅਤੇ ਬੇਕਾਰੀ ਦੋਵੇਂ ਇਕੱਠੇ ਨਹੀਂ ਚੱਲ ਸਕਦੇ । ਮਜ਼ਦੂਰੀ ਦੀ ਦਰ ਦੇ ਲਚਕਦਾਰ ਹੋਣ ਕਾਰਣ ਅਤੇ ਸੇ ਦੇ ਨਿਯਮ ਅਨੁਸਾਰ, ਕੁੱਲ ਪੂਰਤੀ ਕੁੱਲ ਮੰਗ ਦੇ ਸਦਾ ਬਰਾਬਰ ਹੋਣ ਕਾਰਣ, ਆਪਣੇ ਆਪ ਸਮਾਯੋਜਨ ਹੋਣ ਵਾਲੀ ਪ੍ਰਣਾਲੀ ਕਾਰਣ, ਅਰਥ ਵਿਵਸਥਾ ਵਿੱਚ ਪੂਰਨ ਰੁਜ਼ਗਾਰ ਸਮਤੋਲ ਦੀ ਸਥਿਤੀ ਸਦੀਵੀ ਰਹਿਣ ਵਾਲੀ ਹੁੰਦੀ ਹੈ ।

ਮੈਕਰੋ ਅਰਥ ਸ਼ਾਸਤਰ ਦੇ ਸਾਰੇ ਮਾਡਲਾਂ ਦੀ ਤਰ੍ਹਾਂ ਸਨਾਤਨੀ ਮਾਡਲ ਵੀ ਪੂਰਨ ਰੁਜ਼ਗਾਰ ਅਤੇ ਆਰਥਿਕ ਵਿਕਾਸ ਦੀ ਸਮੱਸਿਆ ਬਾਰੇ ਸਵਾਲ ਪੇਸ਼ ਕਰਦਾ ਹੈ । ਆਰਥਿਕ ਵਿਕਾਸ ਦਾ ਪਤਾ ਰਾਸ਼ਟਰੀ ਉਤਪਾਦਨ ਵਿੱਚ ਆਈਆਂ ਤਬਦੀਲੀਆਂ ਤੋਂ ਪਤਾ ਚਲਦਾ ਹੈ । ਰਾਸ਼ਟਰੀ ਉਤਪਾਦਨ ਅਤੇ ਰੁਜ਼ਗਾਰ ਦੇ ਸਮਤੋਲ ਪੱਧਰ ਵਿੱਚ ਆਉਣ ਵਾਲੀਆਂ ਤਬਦੀਲੀਆਂ ਹੇਠ ਦਿੱਤੇ ਦੋ ਬੁਨਿਆਦੀ ਫ਼ਲਨਾਂ (functions) ਦੁਆਰਾ ਨਿਰਧਾਰਿਤ ਹੁੰਦੀਆਂ ਹਨ, ਜੋ ਲੰਮੇ ਸਮੇਂ ਵਿੱਚ ਬਦਲਦੇ ਹਨ, ਅਤੇ ਉਹ ਇਹ ਹਨ :1. ਅਰਥ ਵਿਵਸਥਾ ਦਾ ਉਤਪਾਦਨ ਫਲਨ (Production Function) ਜਿਸ ਦੁਆਰਾ ਮਜ਼ਦੂਰਾਂ ਦਾ ਮੰਗ ਵਕਰ ਨਿਰਧਾਰਿਤ ਹੁੰਦਾ ਹੈ, ਅਤੇ2. ਮਜ਼ਦੂਰਾਂ ਦੀ ਪੂਰਤੀ ਦਾ ਵਕਰ ।

ਰੁਜ਼ਗਾਰ ਅਤੇ ਉਤਪਾਦਨ ਦੇ ਸਮਤੋਲ ਪੱਧਰ ਵਿੱਚ ਆਉਣ ਵਾਲੀ ਤਬਦੀਲੀ ਦੀ ਕ੍ਰਿਆ ਦਾ ਅਧਿਐਨ ਕੁਝ ਬੁਨਿਆਦੀ ਅਤੇ ਇਨ੍ਹਾਂ ਉਪਰੋਕਤ ਦੋ ਫਲਨਾਂ ਵਿੱਚੋਂ ਨਿਕਲੇ ਫਲਨਾਂ ਦੁਆਰਾ ਕੀਤਾ ਜਾ ਸਕਦਾ ਹੈ । ਜਿਸ ਅਧਿਐਨ ਲਈ ਅਸੀਂ ਸਨਾਤਨੀ ਮਾਡਲ ਨੂੰ ਹੇਠ ਦਿੱਤੇ ਦੋ ਤਰੀਕਿਆਂ ਨਾਲ ਪੜ੍ਹਾਂਗੇ :


1. ਬੱਚਤ ਅਤੇ ਨਿਵੇਸ਼ ਤੋਂ ਬਿਨਾਂ,
2. ਬੱਚਤ ਅਤੇ ਨਿਵੇਸ਼ ਨਾਲ,

## 1.4.3.1 ਬੱਚਤ ਅਤੇ ਨਿਵੇਸ਼ ਤੋਂ ਬਿਨਾਂ ਸਨਾਤਨੀ ਮਾਡਲ

ਜਿਵੇਂ ਕਿ ਪਹਿਲਾਂ ਵਿਖਾਇਆ ਗਿਆ ਹੈ, ਸਨਾਤਨੀ ਪ੍ਰਣਾਲੀ ਵਿੱਚ, ਰੁਜ਼ਗਾਰ ਦਾ ਪੱਧਰ ਮਜ਼ਦੂਰਾਂ ਦੀ ਮੰਗ ਅਤੇ ਪੂਰਤੀ ਦੁਆਰਾ ਨਿਰਧਾਰਿਤ ਹੁੰਦਾ ਹੈ ।ਉਤਪਾਦਨ ਦਾ ਪੱਧਰ (ਉਤਪਾਦਨ ਫਲਨ ਦੇ ਉਹੀ ਰਹਿਣ ਤੇ), ਰੁਜ਼ਗਾਰ ਦੇ ਪੱਧਰ ਉੱਤੇ ਨਿਰਭਰ ਕਰਦਾ ਹੈ । ਕੀਮਤਾਂ ਦਾ ਪੱਧਰ ਮੁਦਰਾ ਦੀ ਪੂਰਤੀ (MV) ਉੱਤੇ ਨਿਰਭਰ ਕਰਦਾ ਹੈ (ਇਹ ਅਸੀਂ ਮੁਦਰਾ ਦੇ ਮਾਤਰਾ ਸਿਧਾਂਤ ਤੋਂ ਸਿੱਖਿਆ ਹੈ) । ਇਨ੍ਹਾਂ ਚਰਾਂ ਵਿਚਲੇ ਅੰਤਰ ਸੰਬੰਧਾਂ ਦੀ ਵਿਆਖਿਆ ਅਗਲੇ ਪੰਨੇ ਤੇ ਦਿੱਤੇ ਰੇਖਾ ਚਿੱਤਰ ਤੋਂ ਸਾਫ ਦਿੱਸਦੀ ਹੈ ।

ਹੇਠਾਂ ਦਿੱਤੇ ਰੇਖਾ ਚਿੱਤਰ ਦਾ (a) ਭਾਗ, ਦੋ ਵਕਰਾਂ ਦੇ ਆਪਸ ਵਿੱਚ ਕੱਟਣ ਕਾਰਣ (Ne) ਉੱਤੇ ਪੂਰਨ ਰੁਜ਼ਗਾਰ ਦੇ ਸਮਤੋਲ ਪੱਧਰ ਦਾ ਨਿਰਧਾਰਣ ਵਿਖਾਉਂਦਾ ਹੈ । ਪੂਰਨ ਰੁਜ਼ਗਾਰ ਦੇ ਪੱਧਰ ਨੂੰ

ਹਾਸਲ ਕਰਨ ਲਈ (W/P)e ਅਸਲ ਮਜ਼ਦੂਰੀ ਹੋਣਾ ਜ਼ਰੂਰੀ ਹੈ। ਰੇਖਾ ਚਿੱਤਰ ਦੇ ਭਾਗ (b) ਤੋਂ ਦਿਸਦਾ ਹੈ ਕਿ ਕਿਵੇਂ ਪੂਰਨ ਰੁਜ਼ਗਾਰ ਦਾ ਪੱਧਰ ਅਤੇ Ne ਅਤੇ $(W/P)_e$ ਉਤਪਾਦਨ ਦੇ $Y_e$ ਪੱਧਰ ਨੂੰ





**ਬੱਚਤ ਅਤੇ ਨਿਵੇਸ਼ ਤੋਂ ਬਿਨਾਂ ਸਨਾਤਨੀ ਮਾਡਲ**
**(ਰੇਖਾ ਚਿੱਤਰ ਨੰ : 2)**

ਨਿਰਧਾਰਤ ਕਰਦੇ ਹਨ। ਰੇਖਾ ਚਿੱਤਰ ਦੇ ਭਾਗ (c) ਵਿੱਚ ਅਸੀਂ ਵੇਖਦੇ ਹਾਂ ਕਿ MV ਅਤੇ $Y_e$ ਦੇ ਦਿੱਤੇ ਹੋਣ ਤੇ ਕੀਮਤ ਪੱਧਰ $P_e$ ਸਥਾਪਿਤ ਹੁੰਦਾ ਹੈ। ਭਾਗ (d) ਸਮਤੋਲ ਦੇ ਸਥਾਪਿਤ ਹੋਣ ਲਈ ਮੁਦਰਕ ਮਜ਼ਦੂਰੀ ਦੇ ਜ਼ਰੂਰੀ ਸਮਾਯੋਜਨ ਨੂੰ ਦੱਸਦਾ ਹੈ। ਰੇਖਾ ਚਿੱਤਰ ਦੇ ਭਾਗ (c) ਵਿੱਚ ਸਥਾਪਿਤ ਹੋਏ $P_e$ ਕੀਮਤ ਪੱਧਰ ਉੱਤੇ ਲੋੜੀਂਦੀ ਮੁਦਰਕ ਮਜ਼ਦੂਰੀ, ਰੇਖਾ ਚਿੱਤਰ ਦੇ (d) ਭਾਗ ਵਿੱਚ $W_e$ ਤੇ ਸਥਾਪਿਤ ਹੁੰਦੀ ਹੈ। ਜੇ ਮੁਦਰਕ ਮਜ਼ਦੂਰੀ ਦੀ ਦਰ $W_e$ ਤੋਂ ਉੱਚੀ ਹੁੰਦੀ ਹੈ, ਤਾਂ ਮਜ਼ਦੂਰਾਂ ਵਿੱਚ ਆਪਸੀ ਮੁਕਾਬਲੇ ਕਾਰਣ ਅਤੇ ਬੇਕਾਰੀ ਕਾਰਣ ਨਕਦ ਮਜ਼ਦੂਰੀ ਦੀ ਦਰ ਉਨ੍ਹਾਂ ਚਿਰ ਤੱਕ ਡਿੱਗਦੀ ਜਾਵੇਗੀ ਜਦੋਂ ਤੱਕ ਅਰਥ ਵਿਵਸਥਾ ਵਿੱਚ ਫਿਰ ਦੁਬਾਰਾ $W_e$ ਮਜ਼ਦੂਰੀ ਦੇ ਦਰ ਤੇ ਪੂਰਨ ਰੁਜ਼ਗਾਰ ਸਮਤੋਲ ਸਥਾਪਿਤ ਨਹੀਂ ਹੋ ਜਾਂਦਾ। ਇੱਥੇ ਇਹ ਦੱਸਣਾ ਵੀ ਜ਼ਰੂਰੀ ਜਾਪਦਾ ਹੈ ਕਿ MV ਵਿੱਚ ਹੋਇਆ ਵਾਧਾ ਅਰਥ ਵਿਵਸਥਾ ਦੇ ਅਸਲ ਪੱਖ ਉੱਤੇ ਕੋਈ ਅਸਰ ਨਹੀਂ ਕਰਦਾ ਅਤੇ ਸਿਰਫ ਮੁਦਰਕ ਪੱਖ ਉੱਤੇ ਹੀ ਅਸਰ ਪੈਂਦਾ ਹੈ।

ਇਸ ਤਰ੍ਹਾਂ ਇਸ ਸਾਧਾਰਣ ਸਨਾਤਨੀ ਮਾਡਲ ਤੋਂ ਸਾਨੂੰ ਸਮਤੋਲ ਮੁੱਲਾਂ ਦੇ ਪੂਰਨ ਗੁੱਟ (Set) ਦਾ ਪਤਾ ਚਲਦਾ ਹੈ, ਅਤੇ ਇਹ ਹਨ ਰੁਜ਼ਗਾਰ $(N_e)$, ਉਤਪਾਦਨ $(Y_e)$, ਕੀਮਤ ਪੱਧਰ $(P_e)$ ਅਤੇ ਮੁਦਰਕ ਮਜ਼ਦੂਰੀ $(W_e)$। ਜੇ ਉਤਪਾਦਨ ਫਲਨ ਜਾਂ ਮਜ਼ਦੂਰਾਂ ਦੀ ਪੂਰਤੀ ਵਕਰ ਜਾਂ ਮੁਦਰਾ ਦੀ ਪੂਰਤੀ ਜਾਂ ਇਸ ਦੇ ਵੇਗ ਵਿੱਚ ਕੋਈ ਤਬਦੀਲੀ ਨਾ ਹੋਵੇ ਤਾਂ ਇਹ ਉਪਰੋਕਤ ਦੱਸੇ ਮੁੱਲਾਂ ਦੇ ਸੈਟ ਵਿੱਚ ਸਮੇਂ ਨਾਲ ਵੀ

ਕੋਈ ਤਬਦੀਲੀ ਨਹੀਂ ਆਏਗੀ। ਪਰੰਤੂ ਅਸਲ ਵਿੱਚ ਇਨ੍ਹਾਂ ਤੱਥਾਂ ਜਾਂ ਨਿਰਧਾਰਕਾਂ ਵਿੱਚ ਸਮੇਂ ਨਾਲ ਤਬਦੀਲੀ ਆ ਜਾਂਦੀ ਹੈ ਅਤੇ ਅਜਿਹੀ ਹਰੇਕ ਤਬਦੀਲੀ ਨਾਲ (ਸਨਾਤਨੀ ਪ੍ਰਣਾਲੀ ਵਿੱਚ) ਨਵੇਂ ਸਮਤੋਲ ਮੁੱਲ ਸਥਾਪਿਤ ਹੋ ਜਾਂਦੇ ਹਨ। ਇਨ੍ਹਾਂ ਨਿਰਧਾਰਕਾਂ ਵਿੱਚ ਤਬਦੀਲੀ ਲਿਆ ਕੇ ਸਨਾਤਨੀ ਰੁਜ਼ਗਾਰ ਦੇ ਸਿਧਾਂਤ ਦੀ ਵਿਆਖਿਆ ਕੀਤੀ ਜਾ ਸਕਦੀ ਹੈ, ਕਿ ਇਹ ਕਿਵੇਂ ਕੰਮ ਕਰਦਾ ਹੈ। ਇੱਥੇ ਇਹ ਦੱਸਣਾ ਵੀ ਢੁਕਵਾਂ ਹੈ, ਕਿ ਇਸ ਸਨਾਤਨੀ ਮਾਡਲ ਵਿੱਚ ਦੋ ਹੀ ਸਵਤੰਤਰ ਚਰ ਹਨ ਜਿਹਨਾਂ ਵਿੱਚ ਬਾਹਰਲੇ (exogenous) ਕਾਰਣਾਂ ਕਰਕੇ ਜ਼ਬਰਦਸਤ ਤਬਦੀਲੀ ਹੁੰਦੀ ਹੈ ਅਤੇ ਉਹ ਹਨ – ਮੁਦਰਾ ਦੀ ਪੂਰਤੀ




**ਰੇਖਾ ਚਿੱਤਰ ਨੰ. 3**

ਅਤੇ ਉਤਪਾਦਨ ਫਲਨ ਵਿੱਚ ਤਬਦੀਲੀ। ਇਨ੍ਹਾਂ ਸਵਤੰਤਰ ਚਰਾਂ ਵਿੱਚ ਤਬਦੀਲੀ ਕਾਰਣ ਜੋ ਅਸਰ ਸਮਤੋਲ ਮੁੱਲਾਂ ਉੱਤੇ ਪੈਂਦਾ ਹੈ ਉਹ ਹੇਠਲੇ ਰੇਖਾ ਚਿੱਤਰਾਂ ਤੋਂ ਸਮਝਿਆ ਜਾ ਸਕਦਾ ਹੈ :

**ਉਤਪਾਦਨ ਫਲਨ ਵਿੱਚ ਤਬਦੀਲੀ**

ਉਤਪਾਦਨ ਫਲਨ ਵਿੱਚ ਹੋਣ ਵਾਲੀ ਤਬਦੀਲੀ ਸਮਾਨ ਅੰਤਰ ਜਾਂ ਅਸਮਾਨ ਅੰਤਰ ਕਿਸਮ ਦੀ

ਹੋ ਸਕਦੀ ਹੈ । ਦੂਜੀ ਕਿਸਮ ਦੀ ਤਬਦੀਲੀ, ਮਜ਼ਦੂਰ ਦੀ ਔਸਤ ਅਤੇ ਸੀਮਾਂਤਕ ਉਪਜ, ਦੋਹਾਂ ਵਿੱਚ ਤਬਦੀਲੀ ਲਿਆਉਂਦੀ ਹੈ । ਪਰੰਤੂ ਜੇ ਉਤਪਾਦਨ ਫਲਨ ਵਿੱਚ ਹੋਣ ਵਾਲੀ ਤਬਦੀਲੀ ਸਮਾਨ ਅੰਤਰ ਹੋਵੇ ਤਾਂ ਮਜ਼ਦੂਰ ਦੀ ਸਿਰਫ ਔਸਤ ਉਤਪਾਦਿਕਤਾ ਹੀ ਬਦਲਦੀ ਹੈ । ਪਹਿਲਾਂ ਅਸੀਂ ਉਤਪਾਦਨ ਫਲਨ ਵਿੱਚ ਗੈਰ-ਸਮਾਨ ਅੰਤਰ ਢੰਗ ਦੀ ਤਬਦੀਲੀ ਦੀ ਚਰਚਾ ਕਰਾਂਗੇ ।

## ਉਤਪਾਦਨ ਫਲਨ ਵਿੱਚ ਗੈਰ ਸਮਾਨ-ਅੰਤਰ ਤਬਦੀਲੀ ਅਤੇ ਸਨਾਤਨੀ ਮਾਡਲ


ਰੇਖਾ ਚਿੱਤਰ 3b ਵਿੱਚ ਅਸੀਂ ਉਤਪਾਦਨ ਫ਼ਲਨ ਵਿੱਚ ਹੋਈ ਗੈਰ-ਸਮਾਨ ਅੰਤਰ ਤਬਦੀਲੀ ਵੇਖਦੇ ਹਾਂ । ਇਸ ਤਰ੍ਹਾਂ ਦੀ ਤਬਦੀਲੀ ਨਾਲ ਮਜ਼ਦੂਰ ਦੀ ਉਤਪਾਦਿਕਤਾ ਵਧ ਜਾਂਦੀ ਹੈ ਅਤੇ ਇਸ ਤਰ੍ਹਾਂ ਮਜ਼ਦੂਰਾਂ ਦੀ ਮੰਗ ਵਧ ਕੇ Ndi ਹੋ ਜਾਂਦੀ ਹੈ ।

ਅਸੀਂ ਜਾਣਦੇ ਹਾਂ ਕਿ ਮਜ਼ਦੂਰਾਂ ਲਈ ਮੰਗ ਵਕਰ ਉਤਪਾਦਨ ਫਲਨਾਂ ਤੋਂ ਕੱਢਿਆ ਜਾਂਦਾ ਹੈ । ਉਤਪਾਦਨ ਫਲਨ ਵਿੱਚ ਹੋਣ ਵਾਲੀ ਤਬਦੀਲੀ ਮਜ਼ਦੂਰਾਂ ਲਈ ਮੰਗ ਵਕਰ (demand curve for labour) ਵਿੱਚ ਵੀ ਤਬਦੀਲੀ ਦਾ ਕਾਰਣ ਬਣਦੀ ਹੈ । ਕਿਉਂਕਿ ਮਜ਼ਦੂਰਾਂ ਦੀ ਪੂਰਤੀ ਉਹੀ ਹੁੰਦੀ ਹੈ, ਫਰਮਾਂ ਨੂੰ ਉੱਚੀ ਅਸਲ ਮਜ਼ਦੂਰੀ $(W/P)_e$ ਦੇਣੀ ਪੈਂਦੀ ਹੈ ਤਾਂ ਕਿ ਵਾਧੂ ਮਜ਼ਦੂਰਾਂ $(N_e)$, ਨੂੰ ਕੰਮ ਉੱਤੇ ਲਾਉਣ ਲਈ ਉਕਸਾਇਆ ਜਾ ਸਕੇ । ਜਿਵੇਂ ਕਿ ਰੇਖਾ ਚਿੱਤਰ ਦੇ ਭਾਗ (b) ਤੋਂ ਸਪਸ਼ਟ ਹੈ, ਜ਼ਿਆਦਾ ਮਜ਼ਦੂਰਾਂ ਨੂੰ ਰੁਜ਼ਗਾਰ ਮਿਲਣ ਤੇ ਹੋਰ ਉਤਪਾਦਨ ਨਹੀਂ ਵਧਦਾ, ਸਗੋਂ ਇਸ ਕਰਕੇ ਵੀ ਵਧਦਾ ਹੈ ਕਿ ਮਜ਼ਦੂਰਾਂ ਦੀ ਉਤਪਾਦਿਕਤਾ ਵਧ ਗਈ ਹੈ । ਇਸ ਤਰ੍ਹਾਂ ਉਤਪਾਦਨ ਫਲਨ ਦਾ ਵਧ ਕੇ $Y_eY_1$ ਹੋ ਜਾਣ ਕਾਰਣ ਕੀਮਤ ਪੱਧਰ ਡਿੱਗਕੇ $P_1$ ਹੋ ਜਾਂਦਾ ਹੈ । ਕਿਉਂਕਿ ਮੁਦਰਿਕ ਮੰਡੀ ਵਿੱਚ ਕੋਈ ਤਬਦੀਲੀ ਨਹੀਂ ਹੋਈ, ਇਸ ਤਰ੍ਹਾਂ ਵਾਧੂ ਉਤਪਾਦਨ ਘੱਟ ਕੀਮਤਾਂ ਉਤੇ ਹੀ ਵਿਕ ਸਕਦਾ ਹੈ । ਰੇਖਾ ਚਿੱਤਰ (b) ਤੋਂ ਸਪਸ਼ਟ ਹੈ ਕਿ ਵਾਧੂ ਮਜ਼ਦੂਰਾਂ (ਜਿਵੇਂ ਕਿ ਰੇਖਾ ਚਿੱਤਰ 'a' ਵਿੱਚ ਦਿੱਸਦਾ ਹੈ) ਨੂੰ ਕੰਮ ਉੱਤੇ ਲਗਾਉਣ ਲਈ ਅਸਲ ਮਜ਼ਦੂਰੀ ਵਧਣੀ ਚਾਹੀਦੀ ਹੈ । ਕੀਮਤਾਂ ਦਾ ਡਿੱਗਣਾ, ਰੇਖਾ ਚਿੱਤਰ ਦੇ ਭਾਗ (c) ਤੋਂ ਦਿਸਦਾ ਹੈ । ਕੀਮਤਾਂ ਦੇ ਡਿੱਗਣ ਨਾਲ, ਅਸਲ ਮਜ਼ਦੂਰੀ ਵਧਦੀ ਹੈ । ਵੇਖਣ ਵਾਲੀ ਗੱਲ ਇਹ ਹੈ ਕਿ ਰੇਖਾ ਚਿੱਤਰ ਦੇ ਭਾਗ (d) ਵਿੱਚ ਮੁਦਰਕ ਮਜ਼ਦੂਰੀ ਵੀ ਵਧਦੀ ਹੈ । ਮੁਦਰਕ ਮਜ਼ਦੂਰੀ ਦੇ ਵਧਣ ਤੇ, ਅਤੇ ਕੀਮਤਾਂ ਦੇ ਡਿੱਗਣ ਤੇ ਅਸਲ ਮਜ਼ਦੂਰੀ ਵਧਦੀ ਹੈ । ਪਰ ਅਸਲ ਮਜ਼ਦੂਰੀ ਤਾਂ ਕੀਮਤਾਂ ਡਿੱਗਣ ਤੇ ਅਤੇ ਮੁਦਰਕ ਮਜ਼ਦੂਰੀ ਦੇ ਉਹੀ ਰਹਿਣ ਤੇ ਵਧਦੀ ਹੈ ।

## ਉਤਪਾਦਨ ਫਲਨ ਵਿੱਚ ਸਮਾਨ-ਅੰਤਰ ਤਬਦੀਲੀ

ਅਜਿਹੀ ਤਕਨੀਕੀ ਤਬਦੀਲੀ ਜਿਸ ਨਾਲ ਉਤਪਾਦਨ ਫਲਨ ਵਿੱਚ ਸਮਾਨ ਅੰਤਰ ਤਬਦੀਲੀ ਹੁੰਦੀ ਹੈ, ਮਜ਼ਦੂਰ ਦੀ ਔਸਤ ਉਤਪਾਦਿਕਤਾ ਤਾਂ ਬਦਲਦੀ ਹੈ ਪਰੰਤੂ ਸੀਮਾਂਤ ਉਤਪਾਦਿਕਤਾ ਉਹੋ ਰਹਿੰਦੀ ਹੈ । ਇਸ ਸਮਾਨ ਅੰਤਰ ਤਬਦੀਲੀ ਦੇ ਸਿੱਟੇ ਵਜੋਂ, ਮਜ਼ਦੂਰਾਂ ਲਈ ਮੰਗ ਵਕਰ ਵਿੱਚ ਕੋਈ ਤਬਦੀਲੀ ਨਹੀਂ ਹੁੰਦੀ । ਨਿਮਨ ਰੇਖਾ ਚਿੱਤਰ ਦੇ ਭਾਗ (b) ਤੋਂ ਦਿੱਸਦਾ ਹੈ ਕਿ ਜਦੋਂ ਉਤਪਾਦਨ ਫਲਨ ਸਮਾਨ ਅੰਤਰ ਤਬਦੀਲੀ ਦੇ ਸਿੱਟੇ ਵਜੋਂ $Y_0$ ਤੋਂ '$Y_1$' ਹੋ ਜਾਂਦਾ ਹੈ ਤਾਂ ਉਤਪਾਦਨ, $Y_e$ ਤੋਂ $Y_1$ ਹੋ ਜਾਂਦਾ ਹੈ : ਇਸ ਤਰ੍ਹਾਂ ਉਤਪਾਦਨ ਦੇ ਵਧਣ ਨਾਲ ਜੇ MV ਉਹੀ ਰਹੇ ਤਾਂ ਕੀਮਤਾਂ ਦਾ ਪੱਧਰ ਡਿੱਗਕੇ $P_1$ ਤੇ ਪਹੁੰਚ ਜਾਂਦਾ ਹੈ ਜਿਵੇਂ ਕਿ ਰੇਖਾ ਚਿੱਤਰ-4 ਦੇ ਭਾਗ C ਤੋਂ ਦਿਸਦਾ ਹੈ ਅਤੇ ਇਸ ਤਰ੍ਹਾਂ ਅਸਲ ਮਜ਼ਦੂਰੀ ਵਧਕੇ $(W/p)_1$ ਹੋ ਜਾਂਦੀ ਹੈ । ਇਹ ਵਧੀ ਹੋਈ ਅਸਲ ਮਜ਼ਦੂਰੀ, ਜੇ ਇਸ ਤਰ੍ਹਾਂ ਹੀ ਰਹੇ, ਤਾਂ ਬੇਕਾਰੀ ਦੀ ਸਮੱਸਿਆ ਖੜ੍ਹੀ ਹੋ ਜਾਂਦੀ ਹੈ, ਜੋ ਇਸ ਰੇਖਾ ਚਿੱਤਰ ਦੇ ਭਾਗ 'a' ਤੋਂ RS ਦੇ ਬਰਾਬਰ ਨਜ਼ਰ ਆਉਂਦੀ ਹੈ ।


ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਸਨਾਤਨੀ ਅਰਥ ਸ਼ਾਸਤਰੀਆਂ ਅਨੁਸਾਰ, ਬੇਕਾਰ ਮਜ਼ਦੂਰਾਂ ਵਿੱਚ ਮੁਕਾਬਲਾ ਹੋਣ ਕਾਰਣ ਮੁਦਰਕ ਮਜ਼ਦੂਰੀ ਦੀ ਦਰ ਘਟ ਕੇ $W_1$ ਤੇ ਪਹੁੰਚ ਜਾਂਦੀ ਹੈ ਅਤੇ ਬੇਕਾਰੀ ਦੂਰ ਹੋ ਜਾਂਦੀ ਹੈ ਅਤੇ ਉਹੀ ਪੁਰਾਣੀ ਅਸਲ ਮਜ਼ਦੂਰੀ $W_e$ ਸਥਾਪਿਤ ਹੋ ਜਾਂਦੀ ਹੈ ।




(ਰੇਖਾ ਚਿੱਤਰ ਨੰ : 4)

ਵੇਖਣ ਵਾਲੀ ਗੱਲ ਇਹ ਹੈ ਕਿ ਘਟਦੀ ਹੋਈ ਜਾਂ ਮੁਦਰਕ ਮਜ਼ਦੂਰੀ ਦੀ ਦਰ ਮਜ਼ਦੂਰਾਂ ਨੂੰ ਲੰਮੇ ਸਮੇਂ ਤੱਕ ਸੁਖਾਉਂਦੀ ਨਹੀਂ, ਕਿਉਂਕਿ ਮਜ਼ਦੂਰਾਂ ਉੱਤੇ ਮੁਦਰਾ ਭਰਮਤਾ (money illusion) ਦਾ ਜ਼ਿਆਦਾ ਅਸਰ ਹੁੰਦਾ ਹੈ। ਭਾਵੇਂ ਸਾਡੀ ਵਿਆਖਿਆ ਵਿੱਚ ਕੀਮਤਾਂ ਦੇ ਡਿੱਗਣ ਨਾਲ ਅਸੀਂ ਵੇਖਦੇ ਹਾਂ ਕਿ ਅਸਲ ਮਜ਼ਦੂਰੀ ਦੀ ਦਰ ਵਧ ਰਹੀ ਹੈ ਪਰ ਜੇ ਮਜ਼ਦੂਰੀ ਦੀ ਦਰ ਬੇਲਚਕ (rigid) ਹੋਵੇ ਤਾਂ ਇਸ ਦੇ ਨਾ ਘਟਾਏ ਜਾ ਸਕਣ ਕਾਰਣ, ਸਨਾਤਨੀ ਪ੍ਰਣਾਲੀ ਅਨੁਸਾਰ, ਬੇਰੁਜ਼ਗਾਰੀ ਹੋ ਜਾਵੇਗੀ ਪਰੰਤੂ ਸਨਾਤਨੀ ਅਰਥ ਸ਼ਾਸਤਰੀਆਂ ਦੀ ਮਨੌਤ ਤਾਂ ਪੂਰਨ ਮੁਕਾਬਲੇ ਦੀ ਹਾਲਤ ਅਧੀਨ ਮਜ਼ਦੂਰੀ ਦੀ ਦਰ ਥੱਲੇ ਨੂੰ ਜਾਣ ਲਈ ਕਠੋਰ (rigid) ਨਹੀਂ ਹੋ ਸਕਦੀ। ਸਿੱਟੇ ਵਜੋਂ ਅਸੀਂ ਇਹ ਕਹਿ ਸਕਦੇ ਹਾਂ ਕਿ ਸਨਾਤਨੀ ਪ੍ਰਣਾਲੀ ਵਿਚ, ਜੇ ਗੈਰ-ਮੁਕਾਬਲੇ ਦੀ ਹਾਲਤ ਨੂੰ ਮੰਨ ਕੇ ਚਲੀਏ, ਤਾਂ ਕਠੋਰ (rigid) ਮਜ਼ਦੂਰੀ ਦੀ ਦਰ ਬੇਕਾਰੀ ਦਾ ਕਾਰਣ ਬਣਦੀ ਹੈ ਅਤੇ ਅਜਿਹੀ ਬੇਕਾਰੀ ਜ਼ਰੂਰੀ ਤੌਰ ਤੇ ਇੱਛਕ ਬੇਕਾਰੀ ਕਹੀ ਜਾ ਸਕਦੀ ਹੈ।

ਹੁਣ ਅਸੀਂ ਵੇਖਾਂਗੇ ਕਿ ਮੁਦਰਾ ਦੀ ਪੂਰਤੀ ਵਿੱਚ ਤਬਦੀਲੀ ਹੋਣ ਨਾਲ ਆਰਥਿਕ ਪ੍ਰਣਾਲੀ ਕਿਵੇਂ ਪ੍ਰਭਾਵਿਤ ਹੁੰਦੀ ਹੈ।




(ਰੇਖਾ ਚਿੱਤਰ ਨੰ : 5)

## ਮੁਦਰਾ ਦੀ ਪੂਰਤੀ ਵਿੱਚ ਤਬਦੀਲੀ

ਹੇਠਾਂ ਦਿੱਤੇ ਰੇਖਾ ਚਿੱਤਰ ਨੰ: 5 (C) ਵਿੱਚ ਅਸੀਂ ਵੇਖਦੇ ਹਾਂ ਕਿ ਮੁਦਰਾ ਦੀ ਸੰਚਾਲਨ ਗਤੀ (V) ਦੇ ਉਹੀ ਰਹਿਣ ਤੇ ਜਦੋਂ ਮੁਦਰਾ ਦੀ ਮਾਤਰਾ (M) ਵਿੱਚ ਕੋਈ ਵਾਧਾ ਹੁੰਦਾ ਹੈ, ਤਾਂ MV ਵਿੱਚ ਵੀ ਉਸੇ ਅਨੁਪਾਤ ਨਾਲ ਵਾਧਾ ਹੁੰਦਾ ਹੈ। ਸਮਤਾ ਸਮੀਕਰਣ (Identity equation) V = PO ਦੱਸਦੀ ਹੈ ਕਿ ਮੁਦਰਾ ਦੀ ਕੁੱਲ ਪੂਰਤੀ (MV) ਵਿੱਚ ਦਿੱਤੇ ਹੋਏ ਵਾਧੇ ਨੂੰ ਕੁੱਲ ਮੁਦਰਾ ਖਰਚ ($P_o$) ਵਿੱਚ ਵੀ ਉਨਾਂ ਵੀ ਵਾਧਾ ਲਿਆਉਣਾ ਚਾਹੀਦਾ ਹੈ। ਜੇ (V) ਅਤੇ ਪੂਰਣ ਰੁਜ਼ਗਾਰ ਦੇ ਪੱਧਰ ਦਾ ਉਤਪਾਦਨ O ਉਹੀ ਰਹੇ ਤਾਂ ਮੁਦਰਾ ਦੀ ਪੂਰਤੀ ਵਿੱਚ ਤਬਦੀਲੀ ਵਜੋਂ ਕੁੱਲ ਮੰਗ ਵਿੱਚ ਆਈ ਤਬਦੀਲੀ, ਕੀਮਤ ਪੱਧਰ ਵਿੱਚ ਵੀ ਉਸੇ ਅਨੁਪਾਤ ਨਾਲ ਤਬਦੀਲੀ ਲਿਆਏਗੀ, ਜਿਵੇਂ ਕਿ ਰੇਖਾ ਚਿੱਤਰ 5 ਦੇ ਭਾਗ C ਤੋਂ ਸਪੱਸ਼ਟ ਹੈ।

ਇਸ ਤਰ੍ਹਾਂ ਸੇ ਦਾ ਨਿਯਮ, ਮੁਦਰਾ ਦੀ ਮਾਤਰਾ ਸਿਧਾਂਤ, ਅਤੇ ਲਚਕਦਾਰ ਮਜ਼ਦੂਰੀ-ਕੀਮਤ ਢਾਂਚਾ, ਆਦਿ ਸੰਦਾਂ ਦੀ ਵਰਤੋਂ ਕਰਕੇ, ਸਨਾਤਨੀ ਅਰਥ ਸ਼ਾਸਤਰੀ ਇਹ ਗੱਲ ਕਹਿੰਦੇ ਸਨ ਕਿ ਲੰਮੇ ਸਮੇਂ ਵਿੱਚ ਸਦਾ ਹੀ ਅਰਥ ਵਿਵਸਥਾ ਵਿੱਚ ਪੂਰਨ ਰੁਜ਼ਗਾਰ ਸਮਤੋਲ ਦੇ ਹੋਣ ਦੀ ਪ੍ਰਵਿਰਤੀ ਹੁੰਦੀ ਹੈ। ਸੇ ਦੇ ਨਿਯਮ ਦੀ ਤਰ੍ਹਾਂ ਸਨਾਤਨੀ ਅਰਥ ਸ਼ਾਸਤਰੀ ਧਨ ਸੰਚਣ (hoarding) ਨੂੰ ਇੱਕ ਬੇਸਮਝੀ (irrational) ਵਾਲੀ ਕ੍ਰਿਆ ਸਮਝਦੇ ਸਨ।

## 1.4.3.2. ਬੱਚਤ ਅਤੇ ਨਿਵੇਸ਼ ਨਾਲ ਸਨਾਤਨੀ ਮਾਡਲ


ਸਨਾਤਨੀ ਮਾਡਲ, ਜਿਹੜਾ ਅਸੀਂ ਹੁਣ ਤੱਕ ਪੜ੍ਹਿਆ ਹੈ, ਉਹ ਬਹੁਤ ਹੀ ਸਾਧਾਰਣ ਤੇ ਸੌਖਾ ਸੀ, ਕਿਉਂਕਿ ਉਸ ਵਿੱਚ ਬੱਚਤ ਅਤੇ ਨਿਵੇਸ਼ ਨੂੰ ਸ਼ਾਮਲ ਨਹੀਂ ਸੀ ਕੀਤਾ ਗਿਆ ਅਤੇ ਇਸ ਗੱਲ ਨੂੰ ਧਿਆਨ ਵਿੱਚ ਨਹੀਂ ਸੀ ਲਿਆ ਗਿਆ ਕਿ ਕੁੱਲ ਮੰਗ, ਉਪਭੋਗ ਪਦਾਰਥਾਂ ਅਤੇ ਨਿਵੇਸ਼ ਪਦਾਰਥਾਂ ਦੀ ਮੰਗ ਦਾ ਜੋੜ ਹੁੰਦੀ ਹੈ।

ਸਨਾਤਨੀ ਮਾਡਲ ਵਿੱਚ ਹੁਣ ਤੱਕ ਅਸੀਂ ਪੜ੍ਹਿਆ ਹੈ ਕਿ ਹੇਠ ਦਿੱਤੇ ਕੁਝ ਬੁਨਿਆਦੀ ਸੁਆਲ ਜੋ ਮੈਕਰੋ ਅਰਥ ਸ਼ਾਸਤਰ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਕੀ ਜੁਆਬ ਹੈ।

ਅਰਥਾਤ ਉਤਪਾਦਨ, ਰੁਜ਼ਗਾਰ, ਬੱਚਤ, ਉਪਭੋਗ, ਨਿਵੇਸ਼ ਕੀਮਤ ਅਤੇ ਮਜ਼ਦੂਰੀ ਦਾ ਪੱਧਰ ਆਦਿ ਨੂੰ ਕੌਣ ਨਿਰਧਾਰਤ ਕਰਦਾ ਹੈ। ਹੇਠਾਂ ਦਿੱਤਾ ਰੇਖਾ ਚਿੱਤਰ 6, ਇਨ੍ਹਾਂ ਸਵਾਲਾਂ (propositions) ਦੇ ਅੰਤਰ-ਸਬੰਧਾਂ ਨੂੰ ਬੱਚਤ ਅਤੇ ਨਿਵੇਸ਼ ਸਮੇਤ ਦੱਸਦਾ ਹੈ।

ਰੇਖਾ ਚਿੱਤਰ 6 ਦੇ ਭਾਗ (b) ਵਿੱਚ ਅਸੀਂ ਵੇਖਦੇ ਹਾਂ ਕਿ ਮਜ਼ਦੂਰਾਂ ਦੀ ਪੂਰਤੀ (SL) ਅਤੇ ਮੰਗ (DL) ਵਕਰਾਂ ਦੇ ਕੱਟਣ ਨਾਲ, ਅਸਲ ਮਜ਼ਦੂਰੀ $(W/P)_e$ ਅਤੇ ਰੁਜ਼ਗਾਰ ਦਾ ਪੱਧਰ $(N_e)$ ਉੱਤੇ ਨਿਰਧਾਰਤ ਹੁੰਦਾ ਹੈ।

ਇਸ ਰੇਖਾ ਚਿੱਤਰ ਦੇ (a) ਭਾਗ ਤੋਂ ਸਪਸ਼ਟ ਹੈ ਕਿ ਜੇ ਉਤਪਾਦਨ ਦੀਆਂ ਤਕਨੀਕਾਂ ਉਹੀ ਰਹਿਣ ਤਾਂ ਥੋੜ੍ਹੇ ਸਮੇਂ ਵਿਚ ਉਤਪਾਦਨ, ਰੁਜ਼ਗਾਰ ਦਾ ਫਲਨ ਹੁੰਦਾ ਹੈ।



ਭਾਗ (c) ਤੋਂ ਪਤਾ ਚਲਦਾ ਹੈ ਕਿ ਉਤਪਾਦਨ $O_e$ ਦੀ ਕੀਮਤ $P_e$ ਮਿੱਥੀ ਜਾਂਦੀ ਹੈ, ਜਦੋਂ ਮੁਦਰਾ ਦੀ ਪੂਰਤੀ ਅਤੇ ਉਸ ਦੀ ਸੰਚਾਲਨ ਗਤੀ (V) ਉਹੀ ਰਹੇ, ਅਰਥਾਤ P, MV ਉੱਤੇ ਨਿਰਭਰ ਕਰਦਾ ਹੈ। ਮਜ਼ਦੂਰੀ ਦੀ ਸਮਤੋਲ ਪੱਧਰ ਜਿਵੇਂ ਕਿ ਰੇਖਾ ਚਿੱਤਰ ਦੇ (b) ਭਾਗ ਤੋਂ ਸਪਸ਼ਟ ਹੈ, $(W/P)_e$ ਅਤੇ ਕੀਮਤ ਪੱਧਰ $(P_e)$ ਜੋ ਕਿ ਭਾਗ (c) ਤੋਂ ਨਿਰਧਾਰਤ ਹੁੰਦਾ ਹੈ। ਮੁਦਰਕ ਮਜ਼ਦੂਰੀ ਦੀ ਲੋੜੀਂਦੀ ਦਰ ਰੇਖਾ ਚਿੱਤਰ ਦੇ ਭਾਗ (d) ਵਿੱਚ ਨਿਰਧਾਰਤ ਹੁੰਦੀ ਹੈ ਜੋ ਕਿ $W_e$ ਹੈ।

ਪਿਛਲੇ ਪੰਨੇ ਤੇ ਦਿੱਤੇ ਰੇਖਾ ਚਿੱਤਰ ਦੇ ਭਾਗ (c) ਵਿੱਚ ਅਸੀਂ ਦੇਖਦੇ ਹਾਂ ਕਿ ਵਿਆਜ ਦੀ ਦਰ ਖ਼ੁਦ, ਬੱਚਤ ਅਤੇ ਨਿਵੇਸ਼ ਦੇ ਵਕਰਾਂ ਦੇ ਕੱਟਣ ਤੋਂ ਮਿੱਥੀ ਜਾਂਦੀ ਹੈ। ਇਥੋਂ ਇਹ ਪਤਾ ਲਗਦਾ ਹੈ ਕਿਵੇਂ ਅਸਲ ਆਮਦਨ, ਬੱਚਤ ਅਤੇ ਉਪਭੋਗ (Y=C+1) ਵਿੱਚ ਵੰਡਿਆ ਜਾਂਦਾ ਹੈ। ਇਸ ਲਈ ਅਸੀਂ ਵੇਖਦੇ ਹਾਂ ਕਿ (S = I), ਸਨਾਤਨੀ ਸਿਧਾਂਤ ਵਿੱਚ ਕੇਨਜ਼ੀ ਪ੍ਰਣਾਲੀ ਵਾਂਗ ਹੀ ਇੱਕ ਮੌਲਿਕ ਬਰਾਬਰੀ ਹੈ। ਫਰਕ ਸਿਰਫ ਇੰਨਾ ਹੈ ਕਿ ਸਨਾਤਨੀ ਮਾਡਲ ਵਿਚ, ਜੇ ਇਨ੍ਹਾਂ ਵਿੱਚ (S ਅਤੇ I ਵਿੱਚ) ਕੋਈ ਗੈਰ-ਬਰਾਬਰੀ ਹੋ ਜਾਵੇ ਤਾਂ ਵਿਆਜ ਦੀ ਦਰ ਦੁਆਰਾ ਹੀ ਬਰਾਬਰੀ ਆਉਂਦੀ ਹੈ, ਜਦੋਂ ਕਿ ਕੇਨਜ਼ੀ ਪ੍ਰਣਾਲੀ ਵਿੱਚ ਇਹ ਬਰਾਬਰੀ, ਆਮਦਨ ਦੇ ਬਦਲਦੇ ਪੱਧਰ ਲਿਆਉਂਦੇ ਹਨ।

ਸਨਾਤਨੀ ਮਾਡਲ ਤੋਂ ਨਿਕਲੇ ਸਿੱਟਿਆਂ ਦਾ ਸਾਰਾਂਸ਼ ਇਵੇਂ ਹੈ ਕਿ ਮੰਡੀਆਂ ਵਿੱਚ ਪੂਰਨ ਮੁਕਾਬਲੇ ਦੀ ਸਥਿਤੀ ਵਿੱਚ ਮਜ਼ਦੂਰੀਆਂ, ਕੀਮਤਾਂ ਅਤੇ ਵਿਆਜ ਦੀਆਂ ਦਰਾਂ ਲਚਕਦਾਰ ਹੋਣ ਕਰਕੇ ਕੁੱਲ ਮੰਗ ਹਮੇਸ਼ਾਂ ਪੂਰਨ ਰੁਜ਼ਗਾਰ ਦੀ ਪੱਧਰ ਤੇ ਹੋਣ ਵਾਲੇ ਉਤਪਾਦਨ ਦੇ ਬਰਾਬਰ ਹੁੰਦੀ ਹੈ। ਅਰਥ ਵਿਵਸਥਾ ਵਿੱਚ ਮਿਲਣ ਵਾਲੀਆਂ ਕਠੋਰਤਾਵਾਂ (rigidities) ਭਾਵੇਂ ਸਿੱਟਿਆਂ ਨੂੰ ਤਾਂ ਬਦਲ ਸਕਦੀਆਂ ਹਨ, ਪਰ ਆਰਥਿਕ ਪ੍ਰਣਾਲੀ ਦੇ ਕਾਰ ਵਿਹਾਰ ਬਾਰੇ ਮੌਲਿਕ ਗੱਲ੍ਹਾਂ ਨੂੰ ਨਹੀਂ ਬਦਲ ਸਕਦੀਆਂ।

## 1.4.4 ਸਨਾਤਨੀ ਮਾਡਲ ਦਾ ਆਲੋਚਨਾਤਮਕ ਜਾਇਜ਼ਾ

ਗੈਲਬਰਿਥ (Galbraith) ਦੇ ਇਸ਼ਾਰੇ ਅਨੁਸਾਰ, 1930 ਤੱਕ ਅਮਰੀਕਨ ਅਰਥ ਵਿਵਸਥਾ ਨੂੰ ਕਦੇ ਘਣੀ ਅਤੇ ਲੰਮੇ ਸਮੇਂ ਤੱਕ ਦੀ ਮੰਦੀ ਵਿੱਚੋਂ ਵਿਚਰਨਾ ਪਿਆ ਅਤੇ ਅਮਰੀਕਨ ਅਰਥ ਵਿਵਸਥਾ ਨੇ ਸਨਾਤਨੀ ਸਿਧਾਂਤ ਦੀ ਸਚਾਈ ਅਤੇ ਇਸ ਵਿੱਚੋਂ ਨਿਕਲੇ ਸਿੱਟੇ, ਕਿ ਪੂਰਨ ਰੁਜ਼ਗਾਰ ਇੱਕ ਆਮ ਹਾਲਤ ਹੁੰਦੀ ਹੈ, ਨੂੰ ਦ੍ਰਿੜ੍ਹਤਾ ਨਾਲ ਮੰਨਿਆ। ਪਰ 1931 ਤੋਂ ਬਾਅਦ ਅਤੇ 1940 ਦੇ ਸ਼ੁਰੂ ਤੱਕ, ਉਥੇ ਦੀ ਅਰਥ ਵਿਵਸਥਾ ਨੂੰ 10 ਸਾਲਾਂ ਤੱਕ ਭਿਆਨਕ ਮੰਦੀ ਨੂੰ ਸਾਧਰਣ ਹਾਲਤ ਦੇ ਤੌਰ ਤੇ ਵੇਖਣਾ ਪਿਆ। ਇਸ ਨਾਲ ਉਨ੍ਹਾਂ ਦੇ ਸਨਾਤਨੀ ਸਿਧਾਂਤ ਬਾਰੇ ਯਕੀਨ ਨੂੰ ਭਾਰੀ ਧੱਕਾ ਲੱਗਾ ਕਿਉਂਕਿ ਸਨਾਤਨੀ ਸਿਧਾਂਤ ਉਨ੍ਹਾਂ ਹਾਲਤਾਂ ਦਾ ਹੱਲ ਨਹੀਂ ਸੀ ਲੱਭ ਸਕਦਾ ਅਤੇ ਉਸ ਦੀ ਥਾਂ ਕੇਨਜ਼ ਦੁਆਰਾ ਦਿੱਤੇ ਗਏ ਸਿਧਾਂਤ ਨੂੰ ਜ਼ਿਆਦਾ ਸਵੀਕਾਰ ਕੀਤਾ ਜਾਣ ਲੱਗਾ। ਇਸ ਤਰ੍ਹਾਂ ਕੇਨਜ਼ ਨੇ ਸਨਾਤਨੀ ਮਾਡਲ ਦੇ ਮੌਲਿਕ ਤੱਤਾਂ ਦੀ ਹੇਠ ਦਿੱਤੇ ਆਧਾਰਾਂ ਦੇ ਪੜਚੋਲ ਕੀਤੀ :

1. 1930 ਦੀ ਮਹਾਂ ਮੰਦੀ (Great Depression) ਨੇ, ਸਨਾਤਨੀ ਅਰਥ ਸ਼ਾਸਤਰ ਦੀਆਂ ਅਵਾਸਤਵਿਕ (unrealistic) ਮਨੌਤਾਂ ਨੂੰ ਭਾਰੀ ਸੱਟ ਮਾਰੀ। ਭਾਰੀ ਬੇਕਾਰੀ ਵਿਚਕਾਰ ਲੋਕਾਂ ਨੂੰ ਇਹ ਵਿਸ਼ਵਾਸ ਕਰਨਾ ਔਖਾ ਹੋ ਗਿਆ ਕਿ ਸਨਾਤਨੀ ਲੋਕਾਂ ਦਾ ਇਹ ਵਿਚਾਰ, ਕਿ ਪੂਰਨ ਰੁਜ਼ਗਾਰ ਇੱਕ ਸਾਧਾਰਣ ਸਥਿਤੀ ਹੈ, ਸੱਚਾ ਹੈ। ਅਸਲ ਵਿੱਚ ਬਹੁਤੇ ਲੋਕ, ਬੇਕਾਰੀ ਦੀ ਸਥਿਤੀ ਨੂੰ ਸਾਧਾਰਣ ਸਥਿਤੀ ਮਹਿਸੂਸ ਕਰਨ ਲੱਗੇ। ਕੇਨਜ਼ ਵੀ ਇਹੋ ਗੱਲ ਕਹਿੰਦਾ ਸੀ ਕਿ ਸਾਧਨਾਂ ਦੀ ਬੇਕਾਰੀ, ਪੂੰਜੀਵਾਦੀ ਅਰਥ ਵਿਵਸਥਾ ਦੀ ਆਮ ਵਿਸ਼ੇਸ਼ਤਾ ਹੈ ਅਤੇ ਇਸ ਤਰ੍ਹਾਂ ਆਮ ਤੌਰ ਤੇ ਪੂਰਨ ਰੁਜ਼ਗਾਰ ਤੋਂ ਨੀਵੇਂ ਪੱਧਰ ਤੇ ਹੀ ਰੁਜ਼ਗਾਰ ਸਮਤੋਲ ਸਥਾਪਿਤ ਹੁੰਦਾ ਹੈ।
2. 20ਵੀਂ ਸਦੀ ਵਿੱਚ, ਪੂਰਨ ਮੁਕਾਬਲੇ ਦੀ ਮਨੌਤ ਉੱਤੇ ਆਧਾਰਿਤ ਸਿਧਾਂਤ, ਅਪੂਰਣ ਮੁਕਾਬਲੇ ਵਾਲੀਆਂ ਮੰਡੀਆਂ ਦੇ ਯੁੱਗ ਵਿੱਚ ਇੱਕ ਤਾਰੀਖੀ ਭੁੱਲ (anachronism) ਹੈ। ਸਗੋਂ ਪੂਰਨ ਮੁਕਾਬਲੇ ਤੋਂ ਦੂਰ ਹੋ ਕੇ, ਸਰਕਾਰ ਅਦਾਕਾਰੀ ਬਲਸ਼ਾਲੀ ਰੂਪ ਵਿੱਚ ਸਾਹਮਣੇ ਆਈ ਹੈ ਜਿਸ ਨੇ ਸਨਾਤਨੀ ਸਿਧਾਂਤ ਨੂੰ ਅਪ੍ਰਮਾਣਿਕ ਠਹਿਰਾ ਦਿੱਤਾ ਹੈ।
3. ਸਨਾਤਨੀ ਅਰਥ-ਸ਼ਾਸਤਰੀਆਂ ਅਨੁਸਾਰ, ਬੇਕਾਰੀ ਦਾ ਕਾਰਣ ਮੁਦਰਕ ਮਜ਼ਦੂਰੀ ਦੀ ਕਠੋਰਤਾ (rigidity) ਹੈ। ਇਸ ਦੇ ਉਲਟ, ਕੇਨਜ਼ ਨੇ ਕਿਹਾ ਕਿ ਬੇਕਾਰੀ ਦਾ ਕਾਰਣ ਕੁੱਲ ਪ੍ਰਭਾਵੀ ਮੰਗ ਦੀ ਕਮੀ ਹੈ, ਜਿਸਦਾ ਕਾਰਣ ਨਿਵੇਸ਼ ਖਰਚ ਦੀ ਅਸਥਿਰਤਾ, ਅਮੀਰ ਅਰਥ ਵਿਵਸਥਾ ਦੀ ਉੱਚੀ ਬੱਚਤ ਪ੍ਰਵਿਰਤੀ ਅਤੇ ਨਿਵੇਸ਼ ਦੇ ਅਨਉਚਿੱਤ ਮੌਕੇ ਹਨ।

   ਇਸ ਤੋਂ ਇਲਾਵਾ ਮਜ਼ਦੂਰੀ ਦੀ ਦਰ ਦਾ ਬਦਲੇ ਹਾਲਤਾਂ ਵਿੱਚ, ਜਦੋਂ ਮਜ਼ਦੂਰ ਸੰਘਾਂ ਦਾ ਜ਼ੋਰ ਹੈ, ਘੱਟ ਹੋਣਾ ਵਿਵਹਾਰਕ ਵੀ ਨਹੀਂ ਜਾਪਦਾ। ਮੁਦਰਕ ਨੀਤੀ, ਜਿਹੜੀ ਸਨਾਤਨੀ ਅਰਥ ਸ਼ਾਸਤਰੀਆਂ ਅਨੁਸਾਰ ਕੀਮਤਾਂ ਨੂੰ ਵਧਾ ਕੇ ਅਤੇ ਮਜ਼ਦੂਰੀ ਦੀ ਅਸਲ ਦਰ ਨੂੰ ਘੱਟ ਕਰਕੇ ਦੇਸ਼ ਵਿੱਚ ਰੁਜ਼ਗਾਰ ਦੇ ਪੱਧਰ ਨੂੰ ਵਧਾਉਣ ਵਿੱਚ ਸਹਾਇਕ ਹੁੰਦੀ ਹੈ, ਦੀ ਥਾਂ ਤੇ ਕੇਨਜ਼ ਨੇ ਰਾਜਕੋਸ਼ੀ ਨੀਤੀ ਦੇ ਸੰਦਾਂ ਦੀ ਵੱਧ ਤੋਂ ਵੱਧ ਵਰਤੋਂ ਦਾ ਸੁਝਾਅ

ਦਿੱਤਾ, ਜਿਸ ਨਾਲ ਕੁੱਲ ਮੰਗ ਦੇ ਪੱਧਰ ਨੂੰ ਵਧਾ ਕੇ, ਬੇਕਾਰੀ ਨੂੰ ਦੂਰ ਕੀਤਾ ਜਾ ਸਕਦਾ ਹੈ ।

4. ਇਹ ਕੇਨਜ਼ ਹੀ ਸੀ ਜਿਸ ਨੇ ਰੁਜ਼ਗਾਰ ਅਤੇ ਆਮਦਨ ਸਿਧਾਂਤ ਨੂੰ ਮੁਦਰਾ ਨਾਲ ਜੋੜਿਆ । ਉਸ ਨੇ ਸਨਾਤਨੀ ਸਿਧਾਂਤ ਨੂੰ, ਜੋ ਸਿਰਫ ਇਸ ਨੂੰ ਮੁੱਲ ਅਤੇ ਵੰਡ ਦੀ ਅੰਸ਼ਿਕ ਵਿਆਖਿਆ ਦੇ ਤੌਰ ਤੇ ਹੀ ਦੱਸਦਾ ਸੀ, ਰੱਦ ਕੀਤਾ । ਉਸ ਨੇ ਸਨਾਤਨੀ ਅਰਥ ਸ਼ਾਸਤਰੀਆਂ ਦੇ ਇਸ ਖਿਆਲ ਦੀ, ਕਿ ਮੁਦਰਾ ਸਿਰਫ ਇੱਕ ਪਰਦਾ ਜਾਂ ਵਟਾਂਦਰੇ ਦਾ ਸਾਧਨ ਹੀ ਹੈ, ਦੀ ਬੁਰੀ ਤਰ੍ਹਾਂ ਪੜਚੋਲ ਕੀਤੀ ਅਤੇ ਕੇਨਜ਼ ਨੇ ਦੱਸਿਆ ਕਿ ਮੁਦਰਾ, ਵਰਤਮਾਨ ਅਤੇ ਭਵਿੱਖ ਨੂੰ ਜੋੜਨ ਲਈ ਇੱਕ ਕੜੀ ਦਾ ਕੰਮ ਕਰਦੀ ਹੈ । ਇਸ ਕਾਰਣ ਮੁਦਰਾ ਦੇ ਮੁੱਲ ਨੂੰ ਜਮ੍ਹਾ ਕਰਨ ਵਾਲੇ ਕੰਮ (store of value function) ਨੂੰ ਕੇਨਜ਼ ਨੇ ਸਿਰੇ ਦੀ ਮਹਾਨਤਾ ਦਿੱਤੀ ।

5. ਸੇ ਦਾ ਮੰਡੀਆਂ ਦਾ ਨਿਯਮ, ਜਿਸ ਉੱਤੇ ਸਨਾਤਨੀ ਰੁਜ਼ਗਾਰ ਸਿਧਾਂਤ ਖੜ੍ਹਾ ਹੈ, ਦੀ ਵਿਰੋਧਤਾ ਦੇ ਸੰਬੰਧ ਵਿੱਚ ਕੇਨਜ਼ ਨੇ ਦੱਸਿਆ ਕਿ ਸਾਰੀ ਆਮਦਨ ਆਪਣੇ ਆਪ ਹੀ ਖਰਚ ਨਹੀਂ ਹੋ ਜਾਂਦੀ ਅਤੇ ਇਸ ਦਾ ਕੁੱਝ ਹਿੱਸਾ ਬਚਾ ਲਿਆ ਜਾਂਦਾ ਹੈ । ਉਹ ਹਿੱਸਾ ਜਿਹੜਾ ਬਚ ਜਾਂਦਾ ਹੈ, ਬੇਕਾਰੀ ਲਈ ਸਿੱਧੇ ਤੌਰ ਤੇ ਜ਼ਿੰਮੇਵਾਰ ਹੁੰਦਾ ਹੈ । ਕੇਨਜ਼ ਨੇ, ਸੇ ਦੇ ਨਿਯਮ ਦੇ ਪੀਗੂ ਦੁਆਰਾ ਪ੍ਰਤੀਪਾਦਨ ਨੂੰ ਵੀ ਗਲਤ ਦੱਸਦਿਆਂ ਕਿਹਾ ਹੈ ਕਿ ਮਜ਼ਦੂਰੀ ਕਟੌਤੀ ਨਾਲ ਬੇਕਾਰੀ ਦੂਰ ਜਾਂ ਖਤਮ ਨਹੀਂ ਹੋ ਸਕਦੀ ਕਿਉਂਕਿ ਇਸ ਨਾਲ ਪ੍ਰਭਾਵੀ ਮੰਗ ਘੱਟ ਜਾਂਦੀ ਹੈ, ਜਿਸ ਦਾ ਘੱਟ ਹੋਣਾ ਬੇਰੁਜ਼ਗਾਰੀ ਦਾ ਬੁਨਿਆਦੀ ਕਾਰਨ ਹੈ ।

6. ਸਨਾਤਨੀ ਲੋਕਾਂ ਦਾ ਇਹ ਵਿਚਾਰ ਸੀ ਕਿ ਬੱਚਤ ਅਤੇ ਨਿਵੇਸ਼ ਪੂਰਣ ਰੁਜ਼ਗਾਰ ਦੇ ਪੱਧਰ ਉੱਤੇ ਬਰਾਬਰ ਹੁੰਦੇ ਹਨ ਅਤੇ ਜੇ ਕਦੇ ਇਨ੍ਹਾਂ ਵਿੱਚ ਕੋਈ ਗੈਰ-ਬਰਾਬਰੀ ਆ ਜਾਵੇ ਤਾਂ ਵਿਆਜ ਦੀ ਦਰ ਦਾ ਨਹੀਂ, ਸਗੋਂ ਇਹ ਆਮਦਨ ਦਾ ਫਲਨ ਹੈ ਅਤੇ ਇਸੇ ਤਰ੍ਹਾਂ ਨਿਵੇਸ਼ ਵੀ ਵਿਆਜ ਦੀ ਦਰ ਤੇ ਨਹੀਂ ਸਗੋਂ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਉੱਤੇ ਨਿਰਭਰ ਕਰਦਾ ਹੈ । ਇਸ ਤਰ੍ਹਾਂ ਸਨਾਤਨੀ ਅਰਥ ਸ਼ਾਸਤਰੀਆਂ ਦੇ ਉਲਟ, ਜੋ ਬੱਚਤ ਅਤੇ ਨਿਵੇਸ਼ ਨੂੰ ਵਿਆਜ ਦੀ ਦਰ ਦਾ ਫਲਨ ਕਹਿੰਦੇ ਹਨ, ਕੇਨਜ਼ ਨੇ ਇਨ੍ਹਾਂ ਨੂੰ ਆਮਦਨ ਪੱਧਰ ਵਿੱਚ ਆਉਣ ਵਾਲੀਆਂ ਤਬਦੀਲੀਆਂ ਦਾ ਫਲਨ ਦੱਸਿਆ ।

7. ਸਨਾਤਨੀ ਅਰਥ ਸ਼ਾਸਤਰੀਆਂ ਦੇ ਉਲਟ, ਜੋ ਆਪਣੇ ਆਪ ਸਮਾਯੋਜਨ ਹੋਣ ਵਾਲੇ, ਲੰਮੇ ਸਮੇਂ ਵਿੱਚ ਹੋਣ ਵਾਲੇ ਪੂਰਨ ਰੁਜ਼ਗਾਰ ਸਮਤੋਲ ਵਿੱਚ ਵਿਸ਼ਵਾਸ ਰੱਖਦੇ ਸਨ, ਕੇਨਜ਼ ਨੇ ਲੰਮੇ ਸਮੇਂ ਨੂੰ ਉਡੀਕਣ ਤੋਂ ਬੇਸਬਰੀ ਜਾਹਿਰ ਕੀਤੀ ਅਤੇ ਦੱਸਿਆ ਕਿ ਲੰਮੇ ਸਮੇਂ ਵਿੱਚ ਤਾਂ ਅਸੀਂ ਸਾਰੇ ਮਰ ਚੁੱਕੇ ਹੋਵਾਂਗਾ । ਜਿਵੇਂ ਸ਼ੰਪੀਟਰ ਨੇ ਦੱਸਿਆ ਹੈ । ਉਸ ਦੀ (ਕੇਨਜ਼ ਦੀ) ਜੀਵਨ ਪ੍ਰਤੀ ਸੋਚਣੀ ਥੋੜ੍ਹ ਚਿਰੀ ਸੋਚਣੀ ਹੈ । ਉਸ ਦੀ ਵਿਆਖਿਆ ਥੋੜ੍ਹੇ ਸਮੇਂ ਨਾਲ ਸੰਬੰਧਿਤ ਹੈ ।

ਸਨਾਤਨੀ ਅਰਥ ਸ਼ਾਸਤਰੀਆਂ ਦੇ ਉਲਟ, ਉਹ ਸੁਆਦ, ਆਦਤਾਂ, ਉਤਪਾਦਨ ਦੀਆਂ ਵਿਧੀਆਂ, ਮਜ਼ਦੂਰਾਂ ਦੀ ਪੂਰਤੀ ਨੂੰ ਥੋੜ੍ਹੇ ਸਮੇਂ ਵਿੱਚ ਉਹੀ (constant) ਮੰਨਦਾ ਹੈ, ਅਤੇ ਇਸ ਤਰ੍ਹਾਂ ਇਨ੍ਹਾਂ ਦੇ ਲੰਮੇ ਸਮੇਂ ਵਿੱਚ ਮੰਗ ਉੱਤੇ ਪੈਣ ਵਾਲੇ ਅਸਰ ਨੂੰ ਅੱਖੋਂ ਉਹਲੇ ਕਰਦਾ ਹੈ । ਉਪਭੋਗ ਮੰਗ ਨੂੰ ਉਹੀ (constant) ਮੰਨ ਕੇ ਬੇਕਾਰੀ ਨੂੰ ਦੂਰ ਕਰਨ ਲਈ ਨਿਵੇਸ਼ ਨੂੰ ਵਧਾਉਣ ਉੱਤੇ ਜ਼ੋਰ ਦਿੰਦਾ ਹੈ ਅਤੇ ਇਹ ਵੀ ਦੱਸਦਾ ਹੈ ਕਿ ਇਸ ਤਰ੍ਹਾਂ ਪ੍ਰਾਪਤ ਹੋਣ ਵਾਲਾ ਸਮਤੋਲ ਦਾ ਪੱਧਰ ਅਪੂਰਨ ਰੁਜ਼ਗਾਰ ਦਾ ਪੱਧਰ ਹੁੰਦਾ ਹੈ, ਨਾ ਕਿ ਪੂਰਨ ਰੁਜ਼ਗਾਰ ਸਮਤੋਲ ਦਾ ।

## 1.4.5 ਸਾਰਾਂਸ਼

ਭਾਵੇਂ ਕੇਨਜ਼ ਨੇ ਨਵ-ਸਨਾਤਨੀ ਸਿਧਾਂਤ ਨੂੰ ਰੱਦ ਕਰ ਦਿੱਤਾ ਹੈ ਫਿਰ ਵੀ ਅਸੀਂ ਇਹ ਕਹਿ ਸਕਦੇ ਹਾਂ ਕਿ ਉਸ ਦੀ ਆਪਣੀ ਪ੍ਰਣਾਲੀ ਦੀਆਂ ਜੜ੍ਹਾਂ ਵੀ ਸਨਾਤਨੀ ਅਤੇ ਨਵ-ਸਨਾਤਨੀ ਪ੍ਰਣਾਲੀ ਦੀ ਡੂੰਘਾਈ ਵਿੱਚ ਵੇਖੀਆਂ ਜਾ ਸਕਦੀਆਂ ਹਨ । ਕੇਨਜ਼ ਦੁਆਰਾ ਲਈਆਂ ਗਈਆਂ ਸਵਤੰਤਰ ਅਤੇ ਪੂਰਨ ਮੁਕਾਬਲੇ ਅਤੇ ਘਟਦੇ ਉਤਪਾਦਨ ਦੇ ਨਿਯਮਾਂ ਦੀਆਂ ਮਾਨਤਾਵਾਂ, ਅਸਲ ਵਿੱਚ ਸਨਾਤਨੀ ਸੁਭਾ (nature) ਦੀਆਂ ਹੀ ਹਨ । ਕੁੱਲ ਮੰਗ ਨੂੰ ਮਾਰਸ਼ਲ ਦੀ ਵਿਅਕਤੀਗਤ ਮੰਗ ਦਾ ਤੋੜਿਆ ਹੋਇਆ (disaggregated) ਚਿੱਤਰ (image) ਕਿਹਾ ਜਾ ਸਕਦਾ ਹੈ। ਇਸੇ ਤਰ੍ਹਾਂ ਹੀ ਕੁੱਲ ਪੂਰਤੀ ਨੂੰ, ਫਰਮ ਦੇ ਇਸ਼ਟਤਮ (optimum) ਉਤਪਾਦਨ ਦਾ ਵਿਸਤਰਿਤ ਰੂਪ ਕਿਹਾ ਜਾਂਦਾ ਹੈ। ਸਾਰ ਰੂਪ ਵਿੱਚ, ਅਸੀਂ ਕਹਿ ਸਕਦੇ ਹਾਂ ਕਿ ਕੇਨਜ਼ ਦੇ ਸਿਧਾਂਤ ਦਾ ਜੇ ਤਰਕ ਸੰਗਤ ਤੱਤ ਵੇਖਿਆ ਜਾਵੇ ਤਾਂ ਇਵੇਂ ਜਾਪਦਾ ਹੈ ਜਿਵੇਂ ਕਿ ਉਸ ਨੇ ਕੋਈ ਕਰਾਂਤੀਕਾਰੀ ਗੱਲ ਨਹੀਂ ਕੀਤੀ ਅਤੇ ਸਨਾਤਨੀ ਮਾਡਲ ਦੀ ਭਾਵੇਂ ਬੁਰੀ ਤਰ੍ਹਾਂ ਪੜਚੋਲ ਕੀਤੀ ਗਈ ਹੈ ਅਤੇ ਵਿਵਹਾਰਕਤਾ ਵਿੱਚ ਰੱਦ ਹੋਇਆ ਹੈ, ਫਿਰ ਵੀ ਆਰਥਿਕ ਵਿਚਾਰਧਾਰਾ ਦੇ ਇਤਿਹਾਸ ਵਿੱਚ ਇਸ ਨੇ ਆਪਣੀ ਥਾਂ ਬਣਾਈ ਹੋਈ ਹੈ।

ਤੁਲਤ ਬਜਟ ਗੁਣਕ

(vii) ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ

(viii) ਸਵੈ-ਇੱਛਤ ਨਿਵੇਸ਼

(ix) ਪ੍ਰਭਾਵਿਤ ਨਿਵੇਸ਼

(x) ਵਾਸਤਵਿਕ ਨਿਵੇਸ਼

(xi) ਵਿੱਤੀ ਨਿਵੇਸ਼

ਪਾਠ ਨੰਬਰ : 1.5 ਲੇਖਕ : ਡਾ. ਓ.ਪੀ. ਸ਼ਰਮਾ

# ਕੇਨਜ਼ੀਅਨ ਰੁਜ਼ਗਾਰ ਸਿਧਾਂਤ

1.5.1 ਭੂਮਿਕਾ

1.5.2 ਕੁੱਲ ਮੰਗ ਅਤੇ ਪੂਰਤੀ

1.5.3 ਉਪਭੋਗ ਫਲਨ

1.5.4 ਨਿਵੇਸ਼ ਖਰਚ

## 1.5.1 ਭੂਮਿਕਾ


ਕਲਾਸੀਕਲ ਅਰਥ ਸ਼ਾਸਤਰੀ ਦੇਸ਼ ਵਿੱਚ ਸਦਾ ਹੀ ਪੂਰਨ ਰੁਜ਼ਗਾਰ ਮੰਨਦੇ ਹਨ । ਉਨ੍ਹਾਂ ਦਾ ਵਿਚਾਰ ਸੀ ਕਿ ਇੱਕ ਦੇਸ਼ ਵਿੱਚ ਜੋ ਕੁਝ ਪੈਦਾ ਕੀਤਾ ਜਾਂਦਾ ਹੈ ਉਹ ਵਿਕ ਜਾਂਦਾ ਹੈ ਇਸ ਲਈ ਜੇ ਕਿਸੇ ਸਮੇਂ ਦੇਸ਼ ਵਿੱਚ ਬੇਰੁਜ਼ਗਾਰੀ ਹੋਵੇ ਤਾਂ ਉਤਪਾਦਨ ਨੂੰ ਵਧਾ ਕੇ ਇਸ ਨੂੰ ਦੂਰ ਕੀਤਾ ਜਾ ਸਕਦਾ ਹੈ । ਅਸਲ ਵਿੱਚ ਉਹ ਜੇ.ਬੀ. ਸੇ ਦੇ ਬਾਜ਼ਾਰ ਸਿਧਾਂਤ ਵਿੱਚ ਵਿਸ਼ਵਾਸ ਰੱਖਦੇ ਸਨ । ਕੇਨਜ਼ ਨੇ ਇਸ ਦਾ ਖੰਡਨ ਕੀਤਾ ਅਤੇ ਦੱਸਿਆ ਕਿ ਉੱਚੀ ਆਮਦਨ ਪੱਧਰ ਤੇ ਕੁੱਲ ਖਰਚ, ਕੁੱਲ ਆਮਦਨ ਦੇ ਬਰਾਬਰ ਨਹੀਂ ਹੁੰਦਾ ।

ਕੇਨਜ਼ ਅਨੁਸਾਰ ਕਿਸੇ ਦੇਸ਼ ਵਿੱਚ ਰੁਜ਼ਗਾਰ ਦੀ ਮਾਤਰਾ ਪ੍ਰਭਾਵੀ ਮੰਗ (effective demand) ਤੇ ਨਿਰਭਰ ਕਰਦੀ ਹੈ ਪ੍ਰਭਾਵੀ ਮੰਗ ਤੋਂ ਭਾਵ ਉਤਪਾਦਨ ਦਾ ਉਹ ਪੱਧਰ ਹੈ ਜਿਥੇ ਕੁੱਲ ਮੰਗ (Aggregate demand) ਕੁੱਲ ਪੂਰਤੀ (aggregate supply) ਦੇ ਬਰਾਬਰ ਹੋਵੇ, ਜਿਹੜਾ ਉਤਪਾਦਨ ਕੀਤਾ ਜਾਂਦਾ ਹੈ ਉਹ ਵਿਕ ਜਾਂਦਾ ਹੈ । ਕੇਨਜ਼ ਅਨੁਸਾਰ ਵਸਤਾਂ ਲਈ ਮੰਗ ਦੇ ਕਈ ਪੱਧਰ ਹੋ ਸਕਦੇ ਹਨ ਪਰੰਤੂ ਕੇਵਲ ਉਹ ਹੀ ਪੱਧਰ ਪ੍ਰਭਾਵੀ ਹੋਵੇਗਾ ਜਿਥੇ ਕੁੱਲ ਮੰਗ ਕੁੱਲ ਪੂਰਤੀ ਦੇ ਬਰਾਬਰ ਹੋਵੇਗੀ । ਇਸ ਦੇ ਉਲਟ, ਜੇ ਕਿਸੇ ਸਮੇਂ ਕੁੱਲ ਮੰਗ, ਕੁੱਲ ਪੂਰਤੀ ਦੇ ਬਰਾਬਰ ਨਾ ਹੋਵੇ ਤਾਂ ਦੇਸ਼ ਵਿੱਚ ਜਾਂ ਤਾਂ ਮੁਦਰਾ ਸਫੀਤੀ (inflation) ਹੋਵੇਗੀ ਜਾਂ ਅਵ-ਸਫੀਤੀ (deflation) ਅਤੇ ਜੇ ਪ੍ਰਭਾਵੀ ਮੰਗ ਦਾ ਬਿੰਦੂ ਪੂਰਨ ਰੁਜ਼ਗਾਰ ਪੱਧਰ ਤੇ ਨਾ ਹੋਵੇ ਤਾਂ ਕੁੱਲ ਪੂਰਤੀ ਜਾਂ ਕੁੱਲ ਮੰਗ ਨੂੰ ਪ੍ਰਭਾਵਿਤ ਕਰਕੇ ਸਥਿਤੀ ਨੂੰ ਸੁਧਾਰਿਆ ਜਾ ਸਕਦਾ ਹੈ, ਭਾਵ ਜੇ ਦੇਸ਼ ਵਿੱਚ ਬੇਰੁਜ਼ਗਾਰੀ ਹੋਵੇ ਤਾਂ ਪ੍ਰਭਾਵੀ ਮੰਗ ਦੇ ਬਿੰਦੂ ਨੂੰ ਪੂਰਨ ਰੁਜ਼ਗਾਰ ਪੱਧਰ ਤੇ ਬਦਲਿਆ ਜਾ ਸਕਦਾ ਹੈ ।

## 1.5.2 ਕੁੱਲ ਮੰਗ ਅਤੇ ਪੂਰਤੀ

ਕੁੱਲ ਮੰਗ ਤੋਂ ਭਾਵ ਉਸ ਕੁੱਲ ਮੰਗ ਕੀਮਤ (aggregate demand price) ਤੋਂ ਹੈ ਜਿਹੜੀ ਉਤਪਾਦਨ ਕਰਤੇ ਆਪਣੇ ਦੁਆਰਾ ਪੈਦਾ ਕੀਤੀਆਂ ਵਸਤਾਂ ਅਤੇ ਸੇਵਾਵਾਂ (ਕਿਸੇ ਇੱਕ ਰੁਜ਼ਗਾਰ ਪੱਧਰ ਤੋਂ) ਨੂੰ ਵੇਚ ਕੇ ਪ੍ਰਾਪਤ ਕਰਨ ਦੀ ਆਸ ਕਰਦੇ ਹਨ (The aggregate demand price is the total amount of money or proceeds which is expected from the sale of the output produced when a particular level of labour is employed) "ਇਥੇ ਆਸ ਕਰਦੇ ਹਨ" ਸ਼ਬਦ ਦੀ ਬੜੀ ਮਹੱਤਤਾ ਹੈ ਕਿਉਂਕਿ ਜੇ ਉਤਪਾਦਨ ਕਰਤਿਆਂ ਨੂੰ ਵਸਤਾਂ ਵੇਚ ਕੇ ਵੱਧ ਪ੍ਰਾਪਤ ਹੋਣ ਦੀ ਆਸ ਹੋਵੇਗੀ, ਤਾਂ ਉਹ ਵੱਧ ਪੈਦਾ ਕਰਨ ਦਾ ਯਤਨ ਕਰਨਗੇ, ਅਤੇ "ਇਸ ਦੇ ਉਲਟ ਘੱਟ" । ਇਸ ਤੋਂ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਉਤਪਾਦਨ ਕਰਤੇ ਵਸਤਾਂ ਵੇਚ ਕੇ ਕਿੰਨਾ ਪ੍ਰਾਪਤ ਕਰਨ ਦੀ ਆਸ ਕਰ ਸਕਦੇ ਹਨ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਅਰਥ-ਵਿਵਸਥਾ ਵਿੱਚ ਸਮੁੱਚਾ ਖਰਚ ਪੱਧਰ ਕੀ ਹੈ, ਅਤੇ ਸਮੁੱਚਾ ਖਰਚ ਪੱਧਰ ਉਸ ਦੇ ਬਰਾਬਰ ਹੋਵੇਗਾ, ਜਿੰਨਾਂ ਅਸੀਂ ਉਪਭੋਗੀ ਅਤੇ ਉਤਪਾਦਕ (consumer and producers) ਵਸਤਾਂ ਤੇ ਖਰਚ ਕਰਨ ਨੂੰ ਤਿਆਰ ਹਾਂ, ਭਾਵ 'ਉਪਭੋਗ ਖਰਚ ਕਿੰਨਾ ਹੈ ਤੇ ਨਿਵੇਸ਼ ਦੀ ਮਾਤਰਾ ਕਿੰਨੀ' । ਇਸ ਪ੍ਰਕਾਰ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਕੁੱਲ ਮੰਗ, ਨਿਵੇਸ਼ ਖਰਚ ਅਤੇ ਉਪਭੋਗ ਖਰਚ ਤੇ ਨਿਰਭਰ ਕਰਦੀ ਹੈ । ਇਸ ਤੋਂ ਸਿੱਟਾ ਇਹ ਨਿਕਲਦਾ ਹੈ ਕਿ ਕੁੱਲ ਮੰਗ


ਨੂੰ ਲੋੜ ਅਨੁਸਾਰ ਉਪਭੋਗ ਖਰਚ ਜਾਂ ਨਿਵੇਸ਼ ਦੀ ਮਾਤਰਾ ਨੂੰ ਘਟਾ-ਵਧਾ ਕੇ, ਵਧਾਇਆ-ਘਟਾਇਆ ਜਾ ਸਕਦਾ ਹੈ। ਕੁੱਲ ਪੂਰਤੀ ਤੋਂ ਭਾਵ ਉਸ ਪੂਰਤੀ ਕੀਮਤ (supply price) ਤੋਂ ਹੈ ਜਿਹੜੀ ਉਤਪਾਦਨ ਕਰਤੇ ਆਪਣੇ ਦੁਆਰਾ ਪੈਦਾ ਕੀਤੀਆਂ ਵਸਤਾਂ ਅਤੇ ਸੇਵਾਵਾਂ ਨੂੰ ਵੇਚ ਕੇ ਜ਼ਰੂਰ ਪ੍ਰਾਪਤ ਕਰਨ। (Aggregate supply price is the total amount of money or proceeds which the producers must receive from the sale of the output produced when a particular level of labour is employed) ਇਥੇ ਸ਼ਬਦ 'ਜ਼ਰੂਰ ਪ੍ਰਾਪਤ ਕਰਨ', ਮਹੱਤਵਪੂਰਨ ਹੈ। ਇਸ ਤੋਂ ਭਾਵ ਇਹ ਹੋਇਆ, ਕਿ 'ਜੇ ਉਤਪਾਦਨ ਕਰਤਿਆਂ ਨੂੰ ਉਹ ਲਾਗਤ ਵੀ ਪ੍ਰਾਪਤ ਨਾ ਹੋਵੇ ਜਿਹੜੀ ਉਹਨਾਂ ਵਸਤਾਂ ਅਤੇ ਸੇਵਾਵਾਂ ਦੇ ਪੈਦਾ ਕਰਨ ਵਿੱਚ ਲੱਗੀ ਹੈ ਤਾਂ ਉਹ ਉਤਪਾਦਨ ਨਹੀਂ ਕਰਨਗੇ'। ਇਸ ਲਈ ਉਤਪਾਦਨ ਕਰਤਿਆਂ ਨੂੰ ਘੱਟੋ ਘੱਟ ਉਹ ਕੀਮਤ ਜ਼ਰੂਰ ਵਸੂਲ ਹੋਣੀ ਚਾਹੀਦੀ ਹੈ ਜਿਹੜੀ ਉਨ੍ਹਾਂ ਨੇ ਵਸਤਾਂ ਪੈਦਾ ਕਰਨ ਉੱਪਰ ਖਰਚ ਕੀਤੀ ਹੈ। ਹੁਣ ਗੱਲ ਬੜੀ ਸਪੱਸ਼ਟ ਹੋ ਜਾਂਦੀ ਹੈ ਕਿ ਜੇ ਉਤਪਾਦਨ ਕਰਤਿਆਂ ਨੂੰ ਖਰਚ ਕੀਤੀ ਰਕਮ (ਪੂਰਤੀ ਕੀਮਤ) ਤੋਂ ਵੱਧ ਪ੍ਰਾਪਤ ਹੋਣ ਦੀ ਆਸ ਹੈ, ਭਾਵ ਕੁੱਲ ਮੰਗ ਕੀਮਤ, ਕੁੱਲ ਪੂਰਤੀ ਕੀਮਤ ਨਾਲੋਂ ਵੱਧ ਹੈ ਤਾਂ ਉਹ ਹੋਰ ਉਤਪਾਦਨ ਪੈਦਾ ਕਰਨ ਦਾ ਯਤਨ ਕਰਨਗੇ। ਜਿਸ ਨਾਲ ਰੁਜ਼ਗਾਰ ਦੇ ਮੌਕੇ ਵੱਧ ਹੋਣਗੇ ਅਤੇ ਇਸ ਦੇ ਉਲਟ ਜੇ ਮੰਗ ਕੀਮਤ, ਪੂਰਤੀ




ਕੀਮਤ ਨਾਲੋਂ ਘੱਟ ਹੈ ਤਾਂ ਉਤਪਾਦਨ ਕਰਤੇ ਉਤਪਾਦਨ ਘੱਟ ਪੈਦਾ ਕਰਨਗੇ। ਇਸ ਪ੍ਰਕਾਰ ਰੁਜ਼ਗਾਰ, ਉਤਪਾਦਨ ਜਾਂ ਆਮਦਨ ਨੂੰ ਵਧਾਉਣ ਲਈ ਪ੍ਰਭਾਵੀ ਮੰਗ ਨੂੰ ਪ੍ਰਭਾਵਿਤ ਕਰਨ ਦੀ ਲੋੜ ਹੈ ਅਤੇ ਪ੍ਰਭਾਵੀ ਮੰਗ ਨੂੰ ਪ੍ਰਭਾਵਿਤ ਕਰਨ ਲਈ ਜਾਂ ਤਾਂ ਕੁੱਲ ਮੰਗ ਨੂੰ ਪ੍ਰਭਾਵਿਤ ਕੀਤਾ ਜਾਵੇ ਅਤੇ ਜਾਂ ਕੁੱਲ ਪੂਰਤੀ ਨੂੰ, ਇਸ ਕ੍ਰਿਆ ਨੂੰ ਹੇਠ ਦਿੱਤੇ ਚਿੱਤਰਾਂ ਰਾਹੀਂ ਸਪੱਸ਼ਟ ਕੀਤਾ ਗਿਆ ਹੈ।

ਉੱਪਰ ਦਿੱਤੇ ਚਿੱਤਰ ਵਿੱਚ ਕੁੱਲ ਮੰਗ ਅਤੇ ਕੁੱਲ ਪੂਰਤੀ ਵਕਰਾਂ (curves) ਨੂੰ ਵਿਖਾਇਆ ਗਿਆ ਹੈ। (OX) ਬਾਹੀ ਤੇ ਰੁਜ਼ਗਾਰ, ਆਮਦਨ ਜਾਂ ਉਤਪਾਦਨ ਪੱਧਰ ਨੂੰ ਵਿਖਾਇਆ ਗਿਆ ਹੈ ਅਤੇ OY ਬਾਹੀ ਤੇ ਕੁੱਲ ਮੰਗ ਅਤੇ ਕੁੱਲ ਪੂਰਤੀ ਨੂੰ, E ਬਿੰਦੂ ਪ੍ਰਭਾਵੀ ਮੰਗ ਦਾ ਬਿੰਦੂ ਹੈ ਤੇ ਇਸ ਬਿੰਦੂ ਤੇ ਕੁੱਲ ਮੰਗ ਕੀਮਤ, ਕੁੱਲ ਪੂਰਤੀ ਕੀਮਤ ਦੇ ਬਰਾਬਰ ਹੈ। ਇਸ ਲਈ ਰੁਜ਼ਗਾਰ ਪੱਧਰ ON ਦੇ ਬਰਾਬਰ ਹੋਵੇਗਾ। ਇਥੇ ਇਹ ਦੱਸ ਦੇਣਾ ਯੋਗ ਹੈ ਕਿ ਕੇਨਜ਼ ਨੇ ਰਾਸ਼ਟਰੀ ਆਮਦਨ ਜਾਂ ਉਤਪਾਦਨ ਨੂੰ ਮਿਲਣ ਲਈ ਮੁਦਰਾ ਦੀ ਥਾਂ ਰੁਜ਼ਗਾਰ ਪੱਧਰ ਨੂੰ ਲਿਆ ਹੈ। ਇਸ ਵਿੱਚ ਕੋਈ ਬਹੁਤਾ ਫਰਕ ਵੀ ਨਹੀਂ ਪੈਂਦਾ ਕਿਉਂਕਿ ਜੇ ਕਿਸੇ ਦੇਸ਼ ਵਿੱਚ ਰੁਜ਼ਗਾਰ ਦੀ ਮਾਤਰਾ ਵਧਦੀ ਹੈ ਤਾਂ ਇਸ ਨਾਲ ਉਤਪਾਦਨ ਅਤੇ ਆਮਦਨ


ਵਿੱਚ ਵਾਧਾ ਇੱਕ ਸੁਭਾਵਿਕ ਗੱਲ ਹੈ ਅਤੇ ਜੇ ਅਸੀਂ ਰੁਜ਼ਗਾਰ ਪੱਧਰ ਨੂੰ ਮੁਦਰਾ ਰੂਪ ਵਿੱਚ ਲਈਏ। ਉਦਾਹਰਣ ਵਜੋਂ, ਜੇ 120 ਲੱਖ ਕਰੋੜ ਦੇ ਉਤਪਾਦਨ ਪੱਧਰ ਤੇ 50 ਲੱਖ ਕਿਰਤੀ (ਘੰਟਿਆਂ ਵਿਚ) ਲੱਗੇ ਹੋਏ ਹਨ ਤਾਂ 240 ਲੱਖ ਕਰੋੜ (ਭਾਵ ਦੁੱਗਣੇ) ਉਤਪਾਦਨ ਪੱਧਰ ਤੇ 100 ਲੱਖ ਕਿਰਤੀ ਲੱਗਿਆ ਹੋਇਆ ਹੋਵੇਗਾ, ਅਤੇ ਜੇਕਰ, ਜਿਵੇਂ ਕਿ ਆਮ ਮੰਨਿਆ ਜਾਂਦਾ ਹੈ, ਉਤਪਾਦਨ ਵਿੱਚ ਘਟਦੇ ਪ੍ਰਤੀਫਲ ਦਾ ਨਿਯਮ ਲਾਗੂ ਹੁੰਦਾ ਹੈ, ਤਾਂ 100 ਲੱਖ ਤੋਂ ਵੀ ਵੱਧ ਕਿਰਤੀ ਕੰਮ ਤੇ ਲੱਗੇ ਹੋਣਗੇ। ਇਸ ਪ੍ਰਕਾਰ ਅਸੀਂ ਪਿੱਛੇ ਦਿੱਤੇ ਚਿੱਤਰ ਵਿੱਚ ਰੁਜ਼ਗਾਰ ਨੂੰ ਉਤਪਾਦਨ ਪੱਧਰ ਜਾਂ ਆਮਦਨ ਪੱਧਰ ਜਾਂ ਰੁਜ਼ਗਾਰ ਪੱਧਰ ਕਰਕੇ ਜਾਣ ਸਕਦੇ ਹਾਂ ਅਤੇ ਅਸੀਂ ਕਹਿ ਸਕਦੇ ਹਾਂ ਕਿ ON ਰੁਜ਼ਗਾਰ/ਉਤਪਾਦਨ/ਆਮਦਨ ਪੱਧਰ 120 ਲੱਖ




ਕਰੋੜ ਰੁ: ਦੇ ਬਰਾਬਰ ਹੈ। ਹੁਣ ਮੰਨ ਲਉ ਕਿ ON ਅਲਪ ਰੁਜ਼ਗਾਰ (underemployment) ਪੱਧਰ ਹੈ ਅਤੇ $NN^1$ ਮਾਤਰਾ ਕਿਰਤੀ ਬੇ-ਰੁਜ਼ਗਾਰ ਹਨ ਤਾਂ ਇਸ ($NN^1$) ਬੇਰੁਜ਼ਗਾਰੀ ਨੂੰ ਕੁੱਲ ਪੂਰਤੀ ਜਾਂ ਕੁੱਲ ਮੰਗ ਕੀਮਤ ਨੂੰ ਪ੍ਰਭਾਵਿਤ ਕਰਕੇ ਰੁਜ਼ਗਾਰ ਦੀ ਮਾਤਰਾ ਨੂੰ ਵਧਾਇਆ ਜਾ ਸਕਦਾ ਹੈ। ਇਸ ਨੂੰ ਅੱਗੇ ਦਿੱਤੇ ਚਿੱਤਰਾਂ ਰਾਹੀਂ ਸਪੱਸ਼ਟ ਕੀਤਾ ਗਿਆ ਹੈ :

ਉੱਪਰ ਦਿੱਤੇ ਚਿੱਤਰ ਵਿੱਚ $NN^1$ ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਜੇ ਕੁੱਲ ਪੂਰਤੀ ਨੂੰ ਪ੍ਰਭਾਵਿਤ ਕੀਤਾ ਜਾਵੇ ਤਾਂ ਕੁੱਲ ਪੂਰਤੀ ਵਕਰ Agg.S ਤੋਂ ਉਠ ਕੇ $Agg.S^1$ ਤੇ ਚਲੀ ਜਾਵੇਗੀ ਅਤੇ ਨਵਾਂ ਸੰਤੁਲਨ E" ਤੇ ਸਥਾਪਿਤ ਹੋ ਜਾਵੇਗਾ ਅਤੇ ਜੇ ਕੁੱਲ ਮੰਗ ਕੀਮਤ ਨੂੰ ਪ੍ਰਭਾਵਿਤ ਕੀਤਾ ਜਾਵੇਗਾ ਤਾਂ ਕੁੱਲ ਮੰਗ ਸਾਰਣੀ Agg.D ਤੋਂ ਉੱਠਕੇ $Agg.D^1$ ਤੇ ਚਲੀ ਜਾਵੇਗੀ ਅਤੇ ਨਵਾਂ ਸੰਤੁਲਨ $E^1$ ਤੇ ਸਥਾਪਤ ਹੋ ਜਾਵੇਗਾ। ਇਹਨਾਂ ਦੋਵੇਂ ਸਥਿਤੀਆਂ ਵਿੱਚ ਰੁਜ਼ਗਾਰ ਪੱਧਰ ON ਤੋਂ ਵਧਕੇ $ON^1$ ਹੋ ਜਾਵੇਗਾ ਅਤੇ ਕੁੱਲ ਮੰਗ ਕੀਮਤ ਅਤੇ ਕੁੱਲ ਪੂਰਤੀ E ਬਿੰਦੂ ਤੇ ਜਾਂ $E^1$ ਬਿੰਦੂ ਤੇ ਬਰਾਬਰ ਹੋਣਗੇ।

ਕੇਨਜ਼ ਦੇ ਕਹਿਣ ਅਨੁਸਾਰ ਅਲਪ ਕਾਲ ਵਿੱਚ ਕੁੱਲ ਪੂਰਤੀ ਕੀਮਤ ਸਾਰਣੀ ਨੂੰ ਘਟਾਉਣਾ ਮੁਸ਼ਕਲ ਹੈ ਕਿਉਂਕਿ ਲਾਗਤ ਨੂੰ ਘਟਾਉਣ ਲਈ ਨਵੇਂ ਨਵੇਂ ਅਵਿਸ਼ਕਾਰ ਅਤੇ ਨਵੇਂ ਪਦਾਰਥ ਅਤੇ ਨਵੇਂ ਭੰਡਾਰ ਲੱਭਣ ਦੀ ਲੋੜ ਹੈ ਜਿਸ ਨੂੰ ਕਾਫੀ ਲੰਮਾ ਸਮਾਂ ਚਾਹੀਦਾ ਹੈ। ਇਸ ਲਈ ਅਲਪ ਕਾਲ ਵਿੱਚ





ਰੁਜ਼ਗਾਰ ਮੌਕੇ ਵਧਾਉਣ ਲਈ ਕੁੱਲ ਮੰਗ ਕੀਮਤ ਸਾਰਣੀ ਨੂੰ ਵਧਾਉਣ ਦੀ ਲੋੜ ਹੈ, ਜਿਵੇਂ ਕਿ ਅੱਗੇ ਦਿੱਤੇ ਚਿੱਤਰ ਵਿੱਚ ਵਿਖਾਇਆ ਗਿਆ ਹੈ :

ਉੱਪਰ ਦਿੱਤੇ ਚਿੱਤਰ ਵਿੱਚ ਸ਼ੁਰੂ ਵਿੱਚ ਕੁੱਲ ਮੰਗ ਅਤੇ ਕੁੱਲ ਪੂਰਤੀ E ਬਿੰਦੂ ਤੇ ਸੰਤੁਲਨ ਵਿੱਚ ਹਨ । ਇਹ ਅਲਪ ਰੁਜ਼ਗਾਰੀ ਜਾਂ ਬੇਰੁਜ਼ਗਾਰੀ ਪੱਧਰ ਹੈ । ਕੁੱਲ ਮੰਗ ਨੂੰ ਵਧਾਇਆ ਜਾਵੇ ਤਾਂ ਸੰਤੁਲਨ E ਤੋਂ E' E'' ਅਤੇ $E^{III}$ ਬਿੰਦੂਆਂ ਤੇ ਬਦਲਦਾ ਜਾਂਦਾ ਹੈ ਅਤੇ ਇਸ ਦੇ ਨਾਲ ਰੁਜ਼ਗਾਰ, ਆਮਦਨ ਜਾਂ ਉਤਪਾਦਨ ਪੱਧਰ ਵੀ ਵਧਦਾ ਜਾਂਦਾ ਹੈ ਅਤੇ ਇਹ ਵਧ ਕੇ ON ਦੀ ਥਾਂ $ON^{III}$ ਹੋ ਜਾਂਦਾ ਹੈ, $ON^{III}$ ਪੂਰਨ ਰੁਜ਼ਗਾਰ ਪੱਧਰ ਹੈ ਇਸ ਪੱਧਰ ਤੋਂ ਅੱਗੇ ਜੇ ਰੁਜ਼ਗਾਰ ਪੱਧਰ ਨੂੰ ਵਧਾਉਣ ਦਾ ਯਤਨ ਕੀਤਾ ਜਾਵੇਗਾ ਤਾਂ ਇਸ ਨਾਲ ਕੀਮਤ ਪੱਧਰ ਹੀ ਵਧੇਗਾ, ਰੁਜ਼ਗਾਰ ਪੱਧਰ ਨਹੀਂ ਕਿਉਂਕਿ ਕੁੱਲ ਪੂਰਤੀ ਸਾਰਣੀ ਸਿੱਧੀ ਖੜ੍ਹਵੀਂ ਵਕਰ ਦਾ ਰੂਪ ਧਾਰਣ ਕਰ ਚੁੱਕੀ ਹੈ । ਇਸ ਦਾ ਭਾਵ ਇਹ ਹੈ ਕਿ ਉਤਪਾਦਨ ਕਾਰਕ ਪੂਰੀ ਤਰ੍ਹਾਂ ਕੰਮ ਤੇ ਲੱਗੇ ਹੋਏ ਹਨ ਅਤੇ ਪੂਰਤੀ ਕੀਮਤ ਵਕਰ ਨਿਰ ਲਚਕ (inelastic) ਹੋ ਗਈ ਹੈ (ਲੰਬੇ ਸਮੇਂ ਵਿੱਚ ਭਾਵੇਂ ਇਹ ਸਥਿਤੀ ਬਦਲ ਜਾਵੇ) ।

ਉੱਪਰ ਦਿੱਤੇ ਵਿਸ਼ਲੇਸ਼ਣ ਅਤੇ ਚਿੱਤਰਾਂ ਤੋਂ ਇਹ ਸਪਸ਼ਟ ਹੈ ਕਿ ਅਲਪ ਕਾਲ ਵਿੱਚ ਰੁਜ਼ਗਾਰ, ਆਮਦਨ, ਉਤਪਾਦਨ ਵਧਾਉਣ ਲਈ ਕੁੱਲ ਮੰਗ ਨੂੰ ਪ੍ਰਭਾਵਿਤ ਕਰਨ ਦੀ ਲੋੜ ਹੈ । ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੁੱਲ ਮੰਗ ਕੀਮਤ ਸਾਰਣੀ ਨੂੰ ਕਿਵੇਂ ਪ੍ਰਭਾਵਿਤ ਕੀਤਾ ਜਾਵੇ । ਕੇਨਜ਼ ਨੇ ਇਸ ਦਾ ਉੱਤਰ ਦਿੰਦੇ ਹੋਏ ਦੱਸਿਆ ਹੈ ਕਿ ਅਰਥ ਵਿਵਸਥਾ ਵਿੱਚ ਦੋ ਹੀ ਪ੍ਰਕਾਰ ਦਾ ਖਰਚ ਹੁੰਦਾ ਹੈ– ਉਪਭੋਗ ਖਰਚ ਜਾਂ ਨਿਵੇਸ਼ ਖਰਚ । ਇਸ ਲਈ ਇਨ੍ਹਾਂ ਵਿਚੋਂ ਕਿਸੇ ਨੂੰ ਵਧਾਇਆ ਜਾ ਸਕਦਾ ਹੈ ਅਤੇ ਇਸ ਦੀ ਵਿਆਖਿਆ ਕੇਨਜ਼ ਉਪਭੋਗ ਫਲਣ (consumption Function) ਅਤੇ ਨਿਵੇਸ਼ ਫਲਣ (investment function) ਦੇ ਸਿਰਲੇਖਾਂ ਹੇਠ ਕਰਦਾ ਹੈ ।

## 5.3 ਉਪਭੋਗ ਫਲਣ (Consumption Function)

ਕੇਨਜ਼ ਨੇ ਦੱਸਿਆ ਕਿ ਕਿਸੇ ਦੇਸ਼ ਜਾਂ ਵਿਅਕਤੀ ਦਾ ਉਪਭੋਗ ਖਰਚ ਉਸ ਦੀ ਆਮਦਨ ਤੇ ਨਿਰਭਰ ਕਰਦਾ ਹੈ । ਵੱਧ ਆਮਦਨ ਵੱਧ, ਉਪਭੋਗ ਖਰਚ ਅਤੇ ਘੱਟ ਆਮਦਨ, ਘੱਟ ਉਪਭੋਗ ਖਰਚ । ਉਪਭੋਗ ਦੇ ਮਨੋਵਿਗਿਆਨਕ ਸਿਧਾਂਤ ਰਾਹੀਂ ਇਹ ਸਪਸ਼ਟ ਕੀਤਾ ਕਿ ਜਿਵੇਂ ਜਿਵੇਂ ਕਿਸੇ ਵਿਅਕਤੀ ਦੀ ਆਮਦਨ ਵਧਦੀ ਹੈ ਤਾਂ ਉਸ ਦਾ ਉਪਭੋਗ ਖਰਚ ਵੀ ਵਧਦਾ ਹੈ ਪਰੰਤੂ ਉਪਭੋਗ ਖਰਚੇ ਵਿੱਚ ਵਾਧਾ ਆਮਦਨ ਵਿੱਚ ਵਾਧੇ ਅਨੁਸਾਰ ਨਹੀਂ ਹੁੰਦਾ। ਭਾਵ ਸੀਮਾਂਤ ਉਪਭੋਗ ਪ੍ਰਵਿਰਤੀ (marginal propensity to consume) ਘਟਦੀ ਜਾਂਦੀ ਹੈ ਅਤੇ ਇਸ ਦਾ ਮੁੱਲ 0-1 ਵਿਚਕਾਰ ਹੁੰਦਾ ਹੈ । ਇਸ




ਦਾ ਭਾਵ ਇਹ ਹੋਇਆ ਕਿ ਕੁੱਲ ਖਰਚ ਅਤੇ ਕੁੱਲ ਆਮਦਨ ਵਿੱਚ ਖਾਈ ਅੰਤਰ ਪੈਦਾ ਹੋ ਜਾਂਦੀ ਹੈ ਅਤੇ ਇਸ ਖਾਈ ਨੂੰ ਨਾ ਭਰਿਆ ਜਾਵੇ ਤਾਂ ਦੇਸ਼ ਵਿੱਚ ਬੇ-ਰੁਜ਼ਗਾਰੀ ਦੇ ਵਧਣ ਦੀ ਸੰਭਾਵਨਾ ਹੈ। ਭਾਵੇਂ ਉਪਭੋਗੀ ਖਰਚੇ ਨੂੰ ਵੀ ਵਧਾਇਆ ਜਾ ਸਕਦਾ ਹੈ ਪਰ ਇਸ ਨਾਲ ਖਾਈ ਹੋਰ ਵਧਦੀ ਜਾਂਦੀ ਹੈ। ਜਿਵੇਂ ਕਿ ਅੱਗੇ ਦਿੱਤੇ ਚਿੱਤਰ ਵਿੱਚ ਵਿਖਾਇਆ ਗਿਆ ਹੈ।


ਭਾਵੇਂ ਪਿਛੋਂ ਆਏ ਅਰਥ ਸ਼ਾਸਤਰੀਆਂ ਨੇ ਇਸ ਵਿੱਚ ਹੋਰ ਸੁਧਾਰ ਕੀਤਾ ਅਤੇ ਇਹ ਵਾਦ-ਵਿਵਾਦ ਅਜੇ ਵੀ ਜਾਰੀ ਹੈ।

ਉੱਪਰ ਦਿੱਤੇ ਚਿੱਤਰ ਵਿੱਚ CC ਉਪਭੋਗ ਖਰਚ ਵਕਰ ਅਤੇ SS ਬੱਚਤ ਵਕਰ ਹੈ। OX ਬਾਹੀ ਤੇ ਆਮਦਨ ਅਤੇ OY ਬਾਹੀ ਤੇ ਉਪਭੋਗ ਖਰਚ ਅਤੇ ਬੱਚਤ ਨੂੰ ਵਿਖਾਇਆ ਗਿਆ ਹੈ। OK ਵਕਰ ਸੰਤੁਲਨ ਵਕਰ ਜਾਂ 45° ਲਾਈਨ ਹੈ। $OY^1$ ਆਮਦਨ ਪੱਧਰ ਤੇ ਉਪਭੋਗ ਖਰਚ $Y^1C^1$ ਹੈ, ਭਾਵ ਖਰਚ ਵੱਧ ਤੇ ਆਮਦਨ ਘੱਟ ਹੈ। ਲੋਕ ਆਪਣੀ ਪੁਰਾਣੀ ਬੱਚਤ ਵਿੱਚੋਂ ਖਰਚ ਕਰਕੇ ਆਪਣੇ ਉਪਭੋਗ ਖਰਚੇ ਨੂੰ ਪੂਰਾ ਕਰ ਰਹੇ ਹਨ ਅਰਥਾਤ $E^1C^1 = Y^1S^1$। ਇਹੋ ਕਾਰਣ ਹੈ ਕਿ SS ਵਕਰ OX ਬਾਹੀ ਦੇ ਹੇਠਾਂ ਤੋਂ ਸ਼ੁਰੂ ਹੁੰਦੀ ਹੈ। ਸਿਰਫ ਆਮਦਨ ਪੱਧਰ O ਤੇ ਉਪਭੋਗ ਖਰਚ OC ਹੈ ਅਤੇ OS ਅਬੱਚਤ (dissaving) ਹੈ $OY_O$ ਆਮਦਨ ਪੱਧਰ ਤੇ ਉਪਭੋਗ ਖਰਚ C°=E° ਆਮਦਨ ਦੇ ਬਰਾਬਰ ਹੈ। ਬੱਚਤ ਸਿਫਰ ਦੇ ਬਰਾਬਰ ਪਰੰਤੂ $OY_2$ ਆਮਦਨ ਪੱਧਰ ਤੇ ਉਪਭੋਗ ਖਰਚ $Y^2C^2$ ਹੈ। ਕੁੱਲ ਆਮਦਨ ਨਾਲੋਂ $C^2E^2$ ਘੱਟ ਹੈ। ਇਸ ਆਮਦਨ ਪੱਧਰ ਤੇ ਬੱਚਤ $Y^2S^2$ ਹੈ ਜਿਹੜੀ $C^2E^2$ (ਕੁੱਲ ਖਰਚ ਅਤੇ ਕੁੱਲ ਆਮਦਨ ਵਿੱਚ ਖਾਈ) ਦੇ ਬਰਾਬਰ ਹੈ। ਸਪਸ਼ਟ ਹੈ ਕਿ ਕੁੱਲ ਆਮਦਨ ਅਤੇ ਕੁੱਲ ਖਰਚ ਵਿੱਚ ਜਿਹੜਾ ਅੰਤਰ ਹੈ ($Y^2S^2$) ਜੇ ਉਸ ਨੂੰ ਨਾ ਭਰਿਆ ਜਾਵੇ ਤਾਂ ਦੇਸ਼ ਵਿੱਚ ਇਸ ਆਮਦਨ ਪੱਧਰ ($OY^2$) ਨੂੰ ਕਾਇਮ ਰੱਖਣਾ ਮੁਸ਼ਕਲ ਹੈ ਕਿਉਂਕਿ ਸੰਤੁਲਨ ਦੀ ਸਥਿਤੀ ਵਿੱਚ ਕੁੱਲ ਬੱਚਤ, ਕੁੱਲ ਨਿਵੇਸ਼ ਦੇ ਜਾਂ ਕੁੱਲ ਖਰਚ ਕੁੱਲ ਆਮਦਨ ਦੇ ਬਰਾਬਰ ਜ਼ਰੂਰ ਹੋਣਾ ਚਾਹੀਦਾ ਹੈ। ਜਿਵੇਂ ਕਿ ਉੱਪਰ ਦੱਸਿਆ ਹੈ, ਅਰਥ ਵਿਵਸਥਾ ਵਿੱਚ ਉਪਭੋਗ ਖਰਚੇ ਨੂੰ ਛੱਡ ਕੇ ਦੂਜੀ ਪ੍ਰਕਾਰ ਦਾ ਖਰਚਾ ਨਿਵੇਸ਼ ਖਰਚਾ ਹੁੰਦਾ ਹੈ। ਇਸ ਲਈ

ਕੇਨਜ਼ ਨੇ ਆਪਣੇ ਰੁਜ਼ਗਾਰ ਸਿਧਾਂਤ ਵਿੱਚ ਕੁੱਲ ਖਰਚ ਨੂੰ ਵਧਾਉਣ ਲਈ ਨਿਵੇਸ਼ ਦੀ ਸਿਫਾਰਿਸ਼ ਕੀਤੀ ਹੈ।

### 1.5.4 ਨਿਵੇਸ਼ ਖਰਚ

ਕੇਨਜ਼ ਅਨੁਸਾਰ ਨਿਵੇਸ਼ ਖਰਚ, ਵਿਆਜ ਦਰ (interest rate) ਅਤੇ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ (marginal efficiency of capital) ਤੇ ਨਿਰਭਰ ਕਰਦਾ ਹੈ। M.E.C. ਅੱਗੋਂ ਦੋ ਤੱਤਾਂ, ਅਰਥਾਤ ਪੂੰਜੀ ਪਦਾਰਥਾਂ ਦੀ ਪੂਰਤੀ ਕੀਮਤ (supply price) ਅਤੇ ਸੰਭਾਵੀ ਆਮਦਨ (prospective yield) ਤੇ ਨਿਰਭਰ ਕਰਦੀ ਹੈ। ਪੂਰਤੀ ਕੀਮਤ ਤੋਂ ਭਾਵ ਪੂੰਜੀਗਤ ਰਾਸ ਕਹਿ ਲਵੋ ਅਰਥਾਤ ਮਸ਼ੀਨ ਦੇ ਮੁੱਲ ਤੋਂ ਹੈ। ਕੇਨਜ਼ ਅਨੁਸਾਰ ਦਿੱਤੀ ਹੋਈ ਪੂਰਤੀ ਕੀਮਤ ਅਤੇ ਸੀਮਾਂਤ ਆਮਦਨ ਦੀ ਸਥਿਤੀ ਵਿੱਚ ਅਸੀਂ ਇੱਕ ਅਜਿਹਾ ਕਟੌਤੀ ਦਰ ਲੱਭ ਸਕਦੇ ਹਾਂ ਜਿਹੜਾ ਭਵਿੱਖ ਵਿੱਚ ਕਿਸ਼ਤਾਂ ਦੇ ਰੂਪ ਵਿੱਚ ਪ੍ਰਾਪਤ ਹੋਣ ਵਾਲੀ ਆਮਦਨ ਨੂੰ ਉਸ ਦੇ ਵਰਤਮਾਨ ਮੁੱਲ ਦੇ ਬਰਾਬਰ ਬਣਾ ਦਿੰਦਾ ਹੈ ਅਤੇ ਜਿਸ ਨੂੰ




ਕੇਨਜ਼ ਪੂਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਜਾਂ M.E.C. ਦਾ ਨਾਂ ਦਿੱਤਾ ਹੈ। ਜੇ ਇਹ ਕਟੌਤੀ ਦਰ ਜਾਂ M.E.C., ਵਿਆਜ ਦਰ ਨਾਲੋਂ ਵੱਧ ਹੈ ਤਾਂ ਨਿਵੇਸ਼ ਕੀਤਾ ਜਾਵੇਗਾ। ਸਰਕਾਰ ਵਿਆਜ ਦਰ, ਸੰਭਾਵੀ ਆਮਦਨ ਜਾਂ ਪੂਰਤੀ ਕੀਮਤ ਨੂੰ ਪ੍ਰਭਾਵਿਤ ਕਰਕੇ ਦੇਸ਼ ਵਿੱਚ ਨਿਵੇਸ਼ ਦੀ ਮਾਤਰਾ ਨੂੰ ਵਧਾ ਸਕਦੀ ਹੈ ਅਤੇ ਕੁੱਲ ਖਰਚ ਅਤੇ ਕੁੱਲ ਆਮਦਨ ਦੀ ਖਾਈ ਨੂੰ ਜਾਂ ਪਾੜ ਨੂੰ ਭਰਿਆ ਜਾ ਸਕਦਾ ਹੈ। ਕੇਨਜ਼ ਦੇ ਕਹਿਣ ਅਨੁਸਾਰ ਜਾਂ ਤਰਲਤਾ ਤਰਜੀਹ ਅਨੁਸਾਰ ਮੁਦਰਾ ਪੂਰਤੀ ਸਰਕਾਰ ਦੇ ਹੱਥ ਵਿੱਚ ਹੁੰਦੀ ਹੈ। ਇਸ ਲਈ ਸਰਕਾਰ ਮੁਦਰਾ ਪੂਰਤੀ ਦੁਆਰਾ ਵਿਆਜ ਦਰ ਪ੍ਰਭਾਵਿਤ ਕਰਕੇ ਨਿਵੇਸ਼ ਵਧਾ ਸਕਦੀ ਹੈ ਅਤੇ ਜਾਂ ਫਿਰ ਸਰਕਾਰੀ ਖੇਤਰ ਵਿੱਚ ਸਵੈ-ਇੱਛਤ ਨਿਵੇਸ਼ (autonomous investment) ਰਾਹੀਂ ਨਿਵੇਸ਼ ਦੀ ਮਾਤਰਾ ਨੂੰ ਵਧਾ ਕੇ ਨਵੇਂ ਰੁਜ਼ਗਾਰ ਮੌਕੇ ਪੈਦਾ ਕੀਤੇ ਜਾ ਸਕਦੇ ਹਨ। ਜਿਵੇਂ ਕਿ ਹੇਠ ਦਿੱਤੇ ਚਿੱਤਰ ਵਿੱਚ ਵਿਖਾਇਆ ਗਿਆ ਹੈ :

ਉੱਪਰ ਦਿੱਤੇ ਚਿੱਤਰ ਵਿੱਚ $OY^1$ ਆਮਦਨ ਪੱਧਰ ਤੇ ਕੁੱਲ ਉਪਭੋਗ ਖਰਚ $Y^1E^1$ ਕੁੱਲ ਆਮਦਨ ਦੇ ਬਰਾਬਰ ਹੈ $OY^2$ ਆਮਦਨ ਪੱਧਰ ਤੇ ਕੁੱਲ ਉਪਭੋਗ ਖਰਚ ਅਤੇ ਕੁੱਲ ਆਮਦਨ ਵਿੱਚ $C^2E^2$ ਦੇ

ਬਰਾਬਰ ਖਾਈ ਹੈ। ਭਾਵ ਆਮਦਨ ਵੱਧ ਅਤੇ ਉਪਭੋਗ ਖਰਚ ਘੱਟ ਹੈ। ਇਸ ਖਾਈ ਨੂੰ ਨਿਵੇਸ਼ ਖਰਚੇ ਦੁਆਰਾ ਭਰਿਆ ਗਿਆ ਹੈ। $OY_2$ ਆਮਦਨ ਪੱਧਰ ਤੇ ਉਪਭੋਗ ਖਰਚ $Y_2C_2$ ਹੈ ਨਿਵੇਸ਼ ਖਰਚ $C_2E_2$ ਹੈ ਅਤੇ ਕੁੱਲ ਖਰਚ $E_2Y_2 = Y_2C_2+C_2E_2$ ਹੈ। ਮੰਨ ਲਉ ਦੇਸ਼ ਵਿੱਚ $Y_2Y_3$ ਦੇ ਬਰਾਬਰ ਬੇਰੁਜ਼ਗਾਰੀ ਹੈ ਜਾਂ ਇੰਨੀ ਆਮਦਨ ਹੋਰ ਪੈਦਾ ਕੀਤੀ ਜਾ ਸਕਦੀ ਹੈ। ਇਸ ਸਥਿਤੀ ਵਿੱਚ ਨਿਵੇਸ਼ ਖਰਚੇ ਨੂੰ ਵਧਾਉਣ ਦੀ ਲੋੜ ਹੈ ਅਤੇ ਜੇ C+1 ਖਰਚ ਸਾਰਣੀ ਨੂੰ ਹਿਲਾ ਕੇ $C+1+\Delta 1$ ਦੀ ਸਥਿਤੀ ਵਿੱਚ ਬਦਲ ਦਿੱਤਾ ਜਾਵੇ ਤਾਂ ਇਹ ਰੁਜ਼ਗਾਰ ਸੰਤੁਲਨ ਪੱਧਰ ਜਾਂ ਆਮਦਨ ਪੱਧਰ $OY^2$ ਦੀ ਥਾਂ ਤੇ $OY^3$ ਹੋ ਜਾਵੇਗੀ ਅਤੇ ਸੰਤੁਲਨ ਬਿੰਦੂ $E^2$ ਦੀ ਥਾਂ ਤੇ $E^3$ ਤੇ ਬਦਲ ਜਾਵੇਗੀ। ਇੱਥੇ ਇਹ ਵੀ ਸਪੱਸ਼ਟ ਕਰ ਦੇਣਾ ਯੋਗ ਹੈ ਕਿ ਗੁਣਕ (multiplier) ਦੇ ਕੰਮ ਕਰਨ ਕਰਕੇ ਕੇਵਲ ਥੋੜ੍ਹਾ ਜਿਹਾ ਨਿਵੇਸ਼ ਹੀ ਆਮਦਨ ਵਿੱਚ ਕਈ ਗੁਣਾਂ ਵੱਧ ਵਾਧਾ ਲਿਆ ਦੇਵੇਗਾ।


ਉੱਪਰ ਦਿੱਤੇ ਸਾਰੇ ਵਿਸ਼ਲੇਸ਼ਣ ਤੋਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਅਤੇ ਸੰਖੇਪ ਵਿੱਚ ਕੇਨਜ਼ ਦੇ ਰੁਜ਼ਗਾਰ ਸਿਧਾਂਤ ਬਾਰੇ ਇਹ ਕਹਿ ਸਕਦੇ ਹਾਂ ਕਿ ਕੇਨਜ਼ ਦੇ ਰੁਜ਼ਗਾਰ ਸਿਧਾਂਤ ਦਾ ਕੇਂਦਰੀ ਬਿੰਦੂ ਪ੍ਰਭਾਵੀ ਮੰਗ ਹੈ ਜਿਹੜੀ ਅੱਗੋਂ ਕੁੱਲ ਮੰਗ ਅਤੇ ਕੁੱਲ ਪੂਰਤੀ ਕੀਮਤ ਤੇ ਨਿਰਭਰ ਕਰਦੀ ਹੈ। ਅਲਪ ਕਾਲ ਵਿੱਚ ਪੂਰਤੀ ਕੀਮਤ ਨੂੰ ਪ੍ਰਭਾਵਿਤ ਕਰਨਾ ਔਖਾ ਹੈ ਇਸ ਲਈ ਕੁੱਲ ਮੰਗ ਕੀਮਤ ਰਾਹੀਂ ਰੁਜਗਾਰ ਦੇ ਪੱਧਰ ਨੂੰ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਕੁੱਲ ਮੰਗ, ਉਪਭੋਗ ਖਰਚ ਤੇ ਨਿਰਭਰ ਕਰਦੀ ਹੈ। ਅਲਪ ਕਾਲ ਵਿੱਚ (M.P.C.) ਦਾ ਮੁੱਲ ਇੱਕ ਤੋਂ ਘੱਟ ਹੋਣ ਕਰਕੇ ਕੁੱਲ ਆਮਦਨ ਅਤੇ ਕੁੱਲ ਉਪਭੋਗ ਖਰਚ ਵਿੱਚ ਜਿਹੜੀ ਖਾਈ ਪੈ ਜਾਂਦੀ ਹੈ ਉਸ ਨੂੰ ਨਿਵੇਸ਼ ਖਰਚੇ ਰਾਹੀਂ ਭਰਿਆ ਜਾ ਸਕਦਾ ਹੈ। ਵਿਆਜ ਦੀ ਦਰ ਇਸ ਨੂੰ ਬੜੀ ਆਸਾਨੀ ਨਾਲ ਪ੍ਰਭਾਵਿਤ ਕਰ ਸਕਦੀ ਹੈ ਅਤੇ ਜਾਂ ਫਿਰ ਸਰਕਾਰੀ ਖੇਤਰ ਵਿੱਚ ਨਿਵੇਸ਼ ਰਾਹੀਂ ਕੁੱਲ ਮੰਗ ਨੂੰ ਵਧਾ ਸਕਦੀ ਹੈ ਅਤੇ ਇਸ ਪ੍ਰਕਾਰ ਪੂਰਨ ਰੁਜ਼ਗਾਰ ਦੀ ਸਥਿਤੀ ਨੂੰ ਪਹੁੰਚਿਆ ਜਾ ਸਕਦਾ ਹੈ।

ਕੇਨਜ਼ ਦੇ ਰੁਜ਼ਗਾਰ ਸਿਧਾਂਤ ਦੀ ਸਭ ਤੋਂ ਵੱਡੀ ਗੱਲ ਇਹ ਹੈ ਕਿ ਉਹ ਕਲਾਸੀਕਲ ਅਰਥ ਸ਼ਾਸਤਰੀਆਂ ਵਾਂਗ ਦੇਸ਼ ਵਿੱਚ ਪੂਰਨ ਰੁਜ਼ਗਾਰ ਨਹੀਂ ਮੰਨਦਾ। ਦੂਜੇ ਉਸ ਦਾ ਮੱਤ ਹੈ ਕਿ ਅਰਥ ਵਿਵਸਥਾ ਵਿੱਚ ਬੇ-ਰੁਜ਼ਗਾਰੀ ਦੇ ਹੁੰਦੇ ਹੋਏ ਵੀ ਸੰਤੁਲਨ ਹੋ ਸਕਦਾ ਹੈ। ਭਾਵ ਉਹ ਅਲਪ ਰੁਜ਼ਗਾਰ ਸੰਤੁਲਨ (underemployment equilibrium) ਦੀ ਗੱਲ ਕਰਦਾ ਹੈ। ਤੀਜੇ, ਉਸ ਨੇ ਰੁਜ਼ਗਾਰ ਪੱਧਰ ਨੂੰ ਵਧਾਉਣ ਲਈ ਅਤੇ ਦੇਸ਼ ਵਿੱਚੋਂ ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਸਰਕਾਰ ਦੀ ਦਖ਼ਲ ਅੰਦਾਜ਼ੀ ਨੂੰ ਜ਼ਰੂਰੀ ਅਤੇ ਠੀਕ ਸਮਝਿਆ ਹੈ। ਅਸਲ ਵਿੱਚ ਕੇਨਜ਼ ਦੇ ਰੁਜ਼ਗਾਰ ਸਿਧਾਂਤ ਨੇ ਆਰਥਿਕ ਸਾਹਿਤ ਨੂੰ ਨਵੇਂ ਸੰਦ (tools) ਅਤੇ ਨਵੀਂ ਸੇਧ ਦਿੱਤੀ ਹੈ। ਕੇਨਜ਼ ਤੋਂ ਪਿੱਛੋਂ ਆਏ ਅਰਥ-ਸ਼ਾਸਤਰੀ (Post-Keynesian Economists) ਨੇ ਕੇਨਜ਼ ਦੇ ਸਿਧਾਂਤ ਨੂੰ ਆਪਣੇ ਲਈ ਇੱਕ ਮੁੱਢਲਾ ਬਿੰਦੂ (starting point) ਮੰਨਿਆ ਹੈ।

ਕੇਨਜ਼ ਦਾ ਆਮਦਨ, ਉਤਪਾਦਨ ਜਾਂ ਰੁਜ਼ਗਾਰ ਸਿਧਾਂਤ ਦੋ ਪੱਖਾਂ ਤੋਂ ਵਿਚਾਰਿਆ ਜਾ ਸਕਦਾ ਹੈ। ਇੱਕ ਪੱਖ ਕੁੱਲ ਆਮਦਨ, ਕੁੱਲ ਖਰਚ ਵਿਧੀ ਹੈ, ਜਿਸ ਦੀ ਵਿਆਖਿਆ ਅਸੀਂ ਉੱਪਰ ਕੁੱਲ ਮੰਗ ਅਤੇ ਕੁੱਲ ਪੂਰਤੀ ਦੀਆਂ ਧਾਰਨਾਵਾਂ ਜਾਂ ਪ੍ਰਭਾਵੀ ਮੰਗ ਦੀ ਧਾਰਨਾ ਨਾਲ ਕਰ ਆਏ ਹਾਂ। ਇਸ ਵਿਧੀ ਹੇਠ $Y = C + 1$ ਦੀ ਸ਼ਰਤ ਨੂੰ ਪੂਰਾ ਕਰਕੇ ਪੂਰਨ ਰੁਜ਼ਗਾਰ ਦੇ ਪੱਧਰ ਨੂੰ ਪ੍ਰਾਪਤ ਕੀਤਾ ਜਾਂਦਾ ਹੈ ਅਤੇ ਦੂਜੀ ਵਿਧੀ ਬੱਚਤ-ਨਿਵੇਸ਼ ਸੰਤੁਲਨ $(S=1)$ ਵਿਧੀ ਹੈ। ਵਿਧੀ ਭਾਵੇਂ ਕੋਈ ਵੀ ਅਪਣਾਈ ਜਾਵੇ ਸਿੱਟਾ ਉਹੋ ਹੀ ਨਿੱਕਲਦਾ ਹੈ।

ਹੁਣ ਅਸੀਂ ਦੂਜੀ ਵਿਧੀ ਦੀ ਗੱਲ ਕਰਦੇ ਹਾਂ। ਇਸ ਵਿਧੀ ਨੂੰ ਅਪਨਾਉਂਦੇ ਹੋਏ ਕੇਨਜ਼ ਦੱਸਦਾ ਹੈ ਕਿ ਬੱਚਤ, ਆਮਦਨ ਤੇ ਨਿਰਭਰ ਹੈ (Saving is a function of income), ਜਦੋਂ ਕਿ ਕਲਾਸੀਕਲ ਅਰਥ ਸ਼ਾਸਤਰੀ ਇਸ ਨੂੰ ਵਿਆਜ ਦਰ ਤੇ ਨਿਰਭਰ ਮੰਨਦੇ ਹਨ। ਕਿਸੇ ਦੇਸ਼ ਵਿੱਚ ਬੱਚਤ, ਸੀਮਾਂਤ ਬੱਚਤ ਪ੍ਰਵਿਰਤੀ ਤੇ ਨਿਰਭਰ ਕਰਦੀ ਹੈ ਅਤੇ ਇਹ ਸਦਾ ਹੀ ਸਾਕਾਰਾਤਮਕ (positive) ਹੁੰਦੀ ਹੈ।

ਨਿਵੇਸ਼ ਦਾ ਜਾਂ ਤਾਂ ਆਮਦਨ ਪੱਧਰ ਨਾਲ ਕੋਈ ਸੰਬੰਧ ਨਹੀਂ ਭਾਵ ਇਹ ਸਵੈ-ਇੱਛਤ (autonomous) ਹੈ ਅਤੇ ਜਾਂ ਜੇ ਸੰਬੰਧਿਤ ਹੈ ਤਾਂ ਆਮਦਨ ਦੇ ਵਧਣ ਨਾਲ ਨਿਵੇਸ਼ ਵੀ ਜ਼ਰੂਰ ਵਧਦਾ ਹੈ।




ਅਰਥ ਵਿਵਸਥਾ ਉਸ ਸਮੇਂ ਸੰਤੁਲਨ ਵਿੱਚ ਹੋਵੇਗੀ ਜਿਸ ਸਮੇਂ ਨਿਵੇਸ਼ ਅਤੇ ਬੱਚਤ ਬਰਾਬਰ ਹੋਵੇਗੀ । ਜਿਵੇਂ ਕਿ ਅੱਗੇ ਚਿੱਤਰਾਂ ਵਿੱਚ ਵਿਖਾਇਆ ਗਿਆ ਹੈ ।

ਚਿੱਤਰ ਨੰਬਰ ਇੱਕ ਵਿੱਚ ਸਵੈ-ਇੱਛਤ ਅਤੇ ਚਿੱਤਰ ਨੰਬਰ ਦੋ ਵਿੱਚ ਪ੍ਰਭਾਵਿਤ ਨਿਵੇਸ਼ ਨੂੰ ਵਿਖਾਇਆ ਗਿਆ ਹੈ ।


ਕੇਨਜ਼ ਦੇ ਵਿਸ਼ਲੇਸ਼ਣ ਹੇਠ ਦੋ ਮੰਡੀਆਂ–ਵਸਤੂ ਮਾਰਕੀਟ (goods market) ਅਤੇ ਮੁਦਰਾ ਮਾਰਕੀਟ (money market) ਵਿੱਚ ਸੰਤੁਲਨ ਹੋਣ ਦੀ ਸਥਿਤੀ ਵਿੱਚ ਅਰਥ-ਵਿਵਸਥਾ ਵਿੱਚ ਸੰਤੁਲਨ ਹੋਵੇਗਾ ।

ਵਸਤੂ ਮਾਰਕੀਟ ਵਿੱਚ ਸੰਤੁਲਨ ਲਈ ਜ਼ਰੂਰੀ ਹੈ ਕਿ y=C+1 ਦੀ ਸ਼ਰਤ ਨੂੰ ਪੂਰਾ ਕੀਤਾ ਜਾਵੇ । ਇਸ ਲਈ ਉਪਭੋਗੀ ਫਲਣ, ਬੱਚਤ ਫਲਣ ਜਾਂ ਨਿਵੇਸ਼ ਫਲਣ ਵਿੱਚ ਕਿਸੇ ਵੀ ਕਿਸਮ ਦੀ ਤਬਦੀਲੀ ਸੰਤੁਲਨ ਦੀ ਸਥਿਤੀ ਨੂੰ ਬਦਲ ਦੇਵੇਗੀ । ਇਨ੍ਹਾਂ ਫਲਣਾਂ ਵਿੱਚ ਤਬਦੀਲੀ ਦੇ ਬਹੁਤ ਸਾਰੇ ਕਾਰਣ ਹੋ ਸਕਦੇ ਹਨ । ਪਰ ਹਾਲ ਦੀ ਘੜੀ ਮਾਡਲ ਬਣਾਉਣ ਲਈ ਅਸੀਂ ਕੇਵਲ ਹੇਠ ਲਿਖੀਆਂ ਕੁਝ ਮਾਨਤਾਵਾਂ ਜਾਂ ਫਲਣਾਂ ਨੂੰ ਲੈਂਦੇ ਹਾਂ :

| | |
|---|---|
| 1. ਉਪਭੋਗ ਫਲਣ : C = C (y) | C+1 |
| 2. ਨਿਵੇਸ਼ ਫਲਣ : I=I (r) | ਵਿਧੀ ਨੂੰ |
| 3. ਸੰਤੁਲਨ ਦੀ ਸ਼ਰਤ : Y=C(y)+I(r) | ਅਪਣਾਉਂਦੇ ਹੋਏ |
| 4. ਬੱਚਤ ਫਲਣ : S=S (y) | S=1 |
| 5. ਨਿਵੇਸ਼ ਫਲਣ : I=I (r) | ਵਿਧੀ ਨੂੰ |
| 6. ਸੰਤੁਲਨ ਦੀ ਸ਼ਰਤ S (y) = I (r) | ਅਪਣਾਉਂਦੇ ਹੋਏ |

ਦੂਜੀ (S and I equality) ਵਿਧੀ ਹੈ ਇਸ ਨੂੰ ਅਪਣਾਉਂਦੇ ਹੋਏ ਇਸ ਮਾਡਲ ਨੂੰ ਅੱਗੇ ਦਿੱਤੇ ਚਿੱਤਰਾਂ ਰਾਹੀਂ ਸਪੱਸ਼ਟ ਕੀਤਾ ਜਾ ਸਕਦਾ ਹੈ :

ਉੱਪਰ ਦਿੱਤੇ ਚਿੱਤਰ ਨੰ: 1 ਵਿੱਚ ਨਿਵੇਸ਼ ਖਰਚ ਨੂੰ ਵਿਖਾਇਆ ਗਿਆ ਹੈ ਜਿਸ ਦਾ ਵਿਆਜ ਦਰ ਨਾਲ




ਉਲਟਾ ਸੰਬੰਧ ਹੈ। ਭਾਵ, ਵੱਧ ਵਿਆਜ ਦਰ, ਘੱਟ ਨਿਵੇਸ਼ ਅਤੇ ਘੱਟ ਵਿਆਜ ਦਰ, ਵੱਧ ਨਿਵੇਸ਼। ਜੇ ਵਿਆਜ ਦਰ 3 ਪ੍ਰਤੀਸ਼ਤ ਹੈ ਤਾਂ ਨਿਵੇਸ਼ 20 ਲੱਖ ਕਰੋੜ ਹੈ ਅਤੇ ਜੇ ਵਿਆਜ ਦਰ 2.5 ਪ੍ਰਤੀਸ਼ਤ ਹੈ ਤਾਂ ਨਿਵੇਸ਼ 30 ਲੱਖ ਕਰੋੜ ਹੈ।

**ਚਿੱਤਰ ਨੰ: 2** ਵਿੱਚ ਬੱਚਤ ਅਤੇ ਨਿਵੇਸ਼ ਦੀ ਬਰਾਬਰਤਾ ਨੂੰ ਵਿਖਾਇਆ ਗਿਆ ਹੈ, ਭਾਵ ਵਿਆਜ ਦਰ ਦੇ ਹਰ ਪੱਧਰ ਤੇ ਨਿਵੇਸ਼ ਅਤੇ ਬੱਚਤ ਨੂੰ ਬਰਾਬਰ ਮੰਨ ਲਿਆ ਗਿਆ ਹੈ।

**ਚਿੱਤਰ ਨੰ: 3** ਵਿੱਚ ਬੱਚਤ ਨੂੰ ਵਿਖਾਇਆ ਗਿਆ ਹੈ। ਭਾਵ ਆਮਦਨ ਪੱਧਰ 80 ਲੱਖ ਕਰੋੜ ਤੇ ਬੱਚਤ ਸਿਫਰ ਦੇ ਬਰਾਬਰ ਹੈ, 120 ਲੱਖ ਕਰੋੜ ਤੇ ਬੱਚਤ 20 ਲੱਖ ਕਰੋੜ ਹੈ ਅਤੇ 140 ਲੱਖ ਕਰੋੜ ਤੇ ਇਹ 30 ਲੱਖ ਕਰੋੜ ਦੇ ਬਰਾਬਰ ਹੈ।


**ਚੌਥੇ ਚਿੱਤਰ** ਲਈ ਬਾਕੀ ਤਿੰਨਾਂ ਚਿੱਤਰਾਂ ਦੀ ਸਹਾਇਤਾ ਲਈ ਗਈ ਹੈ। ਉਦਾਹਰਣ ਵਜੋਂ, ਮੰਨ ਲਉ ਵਿਆਜ 3% ਹੈ, ਚਿੱਤਰ ਇੱਕ ਵਿੱਚ ਨਿਵੇਸ਼ 20 ਲੱਖ ਕਰੋੜ ਹੈ। ਚਿੱਤਰ 2 ਵਿੱਚ ਬੱਚਤ ਨਿਵੇਸ਼ ਦੇ ਬਰਾਬਰ ਹੈ, ਚਿੱਤਰ ਤਿੰਨ ਵਿੱਚ ਅਸੀਂ ਵੇਖਦੇ ਹਾਂ ਕਿ 20 ਲੱਖ ਕਰੋੜ ਉਸ ਸਮੇਂ ਹੀ ਬਚਾਇਆ ਜਾਵੇਗਾ ਜਿਸ ਸਮੇਂ ਆਮਦਨ ਪੱਧਰ 120 ਲੱਖ ਕਰੋੜ ਰੁਪਏ ਦੇ ਬਰਾਬਰ ਹੋਵੇਗੀ ਅਤੇ ਚੌਥੇ ਚਿੱਤਰ ਵਿੱਚ 3% ਵਿਆਜ ਦਰ (ਚਿੱਤਰ 1 ਤੋਂ ਸੇਧ ਲੈ ਕੇ) ਅਤੇ 120 ਲੱਖ ਕਰੋੜ ਆਮਦਨ (ਚਿੱਤਰ ਤਿੰਨ ਤੋਂ ਸੇਧ ਲੈ ਕੇ) ਆਮਦਨ ਪੱਧਰ ਅਜਿਹੀ ਹੈ ਜਿਥੇ ਕੁੱਲ ਬੱਚਤ, ਕੁੱਲ ਨਿਵੇਸ਼ ਦੇ ਬਰਾਬਰ ਹੋਵੇਗੀ। ਇਥੇ ਹੀ ਅਸੀਂ ਹੋਰ ਬਹੁਤ ਸਾਰੇ ਜੁੱਟ (combinations) ਲੱਭ ਸਕਦੇ ਹਾਂ ਜਿਸ ਪੱਧਰ ਤੇ ਬੱਚਤ ਅਤੇ ਨਿਵੇਸ਼ ਬਰਾਬਰ ਹੋਵੇਗੀ।

ਇਸ ਵਿੱਚ ਸ਼ੱਕ ਨਹੀਂ ਕਿ ਉੱਪਰ ਅਸੀਂ ਬੱਚਤ ਅਤੇ ਨਿਵੇਸ਼ ਵਿੱਚ ਸੰਤੁਲਨ ਵਿਖਾਇਆ ਹੈ ਅਤੇ ਇੱਕ ਅਜਿਹਾ ਵਿਆਜ ਦਰ ਅਤੇ ਆਮਦਨ ਪੱਧਰ ਲੱਭਿਆ ਹੈ ਜਿਹੜਾ ਬੱਚਤ ਅਤੇ ਨਿਵੇਸ਼ ਨੂੰ ਬਰਾਬਰ ਕਰ

ਦਿੰਦਾ ਹੈ ਪਰ ਵਿਸ਼ਲੇਸ਼ਣ ਅੰਸ਼ਿਕ (partial) ਹੋਵੇਗਾ ਕਿਉਂਕਿ ਮੁਦਰਾ ਮੰਡੀ ਵਿੱਚ ਸੰਤੁਲਨ ਦਾ ਵਸਤੂ ਮੰਡੀ ਵਿੱਚ ਸੰਤੁਲਨ ਨਾਲ ਬੜਾ ਰਿਸ਼ਤਾ ਹੈ । ਹੁਣ ਅਸੀਂ ਮੁਦਰਾ ਮੰਡੀ ਦੇ ਸੰਤੁਲਨ ਦੀ ਗੱਲ ਕਰਦੇ ਹਾਂ । ਮੁਦਰਾ ਮੰਡੀ (money market) ਵਿੱਚ ਸੰਤੁਲਨ ਲਈ ਅਸੀਂ ਇਹ ਮੰਨ ਲੈਂਦੇ ਹਾਂ ਜਿਵੇਂ ਕਿ ਕੇਨਜ਼ ਦੱਸਦਾ ਹੈ ਕਿ :

| | | |
|---|---|---|
| (1) | ਮੁਦਰਾ ਲਈ ਮੰਗ | MD=MI+MD |
| (2) | ਵਟਾਂਦਰੇ ਦੀ ਪ੍ਰੀਕ੍ਰਿਆ ਲਈ ਮੁਦਰਾ ਲਈ ਮੰਗ | MI=K (y) |
| (3) | ਇਸ ਲਈ ਸੱਟਾ ਪ੍ਰਯੋਜਨ ਲਈ ਮੁਦਰਾ ਦੀ ਮੰਗ | Md=F (I) |
| (4) | ਮੁਦਰਾ ਲਈ ਮੰਗ | MD=k (y) + F (r) |
| (5) | ਮੁਦਰਾ ਲਈ ਪੂਰਤੀ | Ms=Ma |
| (6) | ਸੰਤੁਲਨ ਦੀ ਸ਼ਰਤ | MD=MS |

ਪਹਿਲੀ ਸਮੀਕਰਣ ਦੱਸਦੀ ਹੈ ਕਿ ਮੁਦਰਾ ਲਈ ਮੰਗ ਦੋ ਕੰਮਾਂ ਲਈ ਕੀਤੀ ਜਾਂਦੀ ਹੈ, ਵਟਾਂਦਰੇ ਦੀ ਪ੍ਰਕ੍ਰਿਆ ਲਈ (ਇਸ ਵਿੱਚ ਅਚਨਚੇਤੀ ਅਤੇ ਖਰੀਦ ਵੇਚ ਦੋਵੇਂ ਪ੍ਰਕਾਰ ਦੀ ਮੰਗ ਸ਼ਾਮਿਲ ਹੈ) ਅਤੇ ਸੱਟਾ ਪ੍ਰਯੋਜਨ ਲਈ । ਦੂਜੀ ਸਮੀਕਰਣ ਦੱਸਦੀ ਹੈ ਕਿ MI ਲਈ ਮੰਗ, ਆਮਦਨ ਪੱਧਰ ਤੇ ਨਿਰਭਰ ਕਰਦੀ ਹੈ । ਭਾਵ ਆਮਦਨ ਦੀ ਇੱਕ ਨਿਸ਼ਚਿਤ ਅਨੁਪਾਤ (k) ਮੁਦਰਾ ਰੂਪ ਵਿੱਚ ਰੱਖੀ ਜਾਂਦੀ ਹੈ । ਤੀਜੀ ਸਮੀਕਰਣ ਦੱਸਦੀ ਹੈ ਕਿ ਸੱਟਾ ਪ੍ਰਯੋਜਨ ਲਈ ਮੁਦਰਾ ਮੰਗ, ਵਿਆਜ ਦਰ ਤੇ ਨਿਰਭਰ ਕਰਦੀ ਹੈ ਅਤੇ ਇਨ੍ਹਾਂ ਦਾ ਉਲਟਾ ਸੰਬੰਧ ਹੈ । ਭਾਵ ਜੇ ਵਿਆਜ ਦਰ ਉੱਚਾ ਹੋਵੇਗਾ ਤਾਂ ਸੱਟਾ ਪ੍ਰਯੋਜਨ ਲਈ ਮੰਗ ਘੱਟ ਹੋਵੇਗੀ ਅਤੇ ਇਸ ਦੇ ਉਲਟ ਵੱਧ । ਸਮੀਕਰਣ ਪੰਜਵੀਂ ਮੁਦਰਾ ਪੂਰਤੀ ਨੂੰ ਸਰਕਾਰ ਦੇ ਹੱਥ ਵਿੱਚ ਦੱਸਦੀ ਹੈ ਅਤੇ ਇਸ ਦੀ ਮਾਤਰਾ ਦਿੱਤੀ ਹੋਈ, ਅਤੇ ਛੇਵੀਂ ਸਮੀਕਰਣ ਸੰਤੁਲਨ ਦੀ ਸਥਿਤੀ ਨੂੰ ਦਰਸਾਉਂਦੀ ਹੈ ਭਾਵ




ਜਿਸ ਸਮੇਂ ਮੁਦਰਾ ਲਈ ਮੰਗ ਮੁਦਰਾ ਪੂਰਤੀ ਦੇ ਬਰਾਬਰ ਹੋਵੇਗੀ ਤਾਂ ਮੁਦਰਾ ਮੰਡੀ ਵਿੱਚ ਸੰਤੁਲਨ ਹੋਵੇਗਾ ।


ਇਨ੍ਹਾਂ ਸਮੀਕਰਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਮੁਦਰਾ ਮੰਡੀ ਦੇ ਸੰਤੁਲਨ ਨੂੰ ਅੱਗੇ ਦਿੱਤੇ ਚਿੱਤਰਾਂ ਰਾਹੀਂ ਦੱਸਿਆ ਜਾ ਸਕਦਾ ਹੈ ।

ਉੱਪਰ ਦਿੱਤੇ ਚਿੱਤਰਾਂ ਵਿੱਚੋਂ ਪਹਿਲੇ ਚਿੱਤਰ ਵਿੱਚ ਸੱਟਾ ਪ੍ਰਯੋਜਨ ਲਈ ਮੁਦਰਾ ਮੰਗ ਨੂੰ ਵਿਖਾਇਆ ਗਿਆ ਹੈ । ਦੂਜੇ ਚਿੱਤਰ ਵਿੱਚ ਮੁਦਰਾ ਦੀ ਪੂਰਤੀ ਨੂੰ ਦੋ ਕੰਮਾਂ ਲਈ-ਵਟਾਂਦਰੇ ਪ੍ਰਕ੍ਰਿਆ ਲਈ ਅਤੇ ਸੱਟਾ ਪ੍ਰਯੋਜਨ ਲਈ ਵੰਡਿਆ ਗਿਆ ਹੈ । ਉਦਾਹਰਣ ਵੱਜੋਂ, ਜੇ 40 ਕਰੋੜ $M_2$ ਲਈ ਮੰਗਿਆ ਜਾਂਦਾ ਹੈ ਤਾਂ 60 ਕਰੋੜ $M_1$ ਲਈ ਰਹਿ ਜਾਂਦਾ ਹੈ ਆਦਿ । ਤੀਜੇ ਚਿੱਤਰ ਵਿਚ $M_1$ ਲਈ ਮੰਗ ਅਤੇ ਆਮਦਨ ਪੱਧਰ ਨੂੰ ਵਿਖਾਇਆ ਗਿਆ ਅਤੇ ਚੌਥੇ ਵਿੱਚ L-M ਵਕਰ ਖਿੱਚੀ ਹੈ ਜਿਹੜੀ ਇਹ ਦਸਦੀ ਹੈ ਕਿ ਵਿਆਜ ਜਾਂ ਉਹ ਕਿਹੜੀ ਆਮਦਨ ਪੱਧਰ ਹੈ ਜਿਹੜੀ ਮੁਦਰਾ ਪੂਰਤੀ ਨੂੰ ਮੁਦਰਾ ਮੰਗ ਦੇ ਬਰਾਬਰ ਬਣਾ ਦਿੰਦਾ ਹੈ । ਉਦਾਹਰਣ ਵਜੋਂ, ਉੱਪਰ ਦਿੱਤੇ ਚਿੱਤਰਾਂ ਤੋਂ ਪਤਾ ਲਗਦਾ ਹੈ ਕਿ 3% ਵਿਆਜ ਦਰ ਅਤੇ 120 ਕਰੋੜ ਆਮਦਨ ਪੱਧਰ ਅਜਿਹੀ ਹੈ ਜਿਸ ਉੱਪਰ ਮੁਦਰਾ ਮੰਗ ਅਤੇ ਮੁਦਰਾ ਪੂਰਤੀ ਦੋਵੇਂ ਬਰਾਬਰ ਹਨ । ਅਜਿਹੇ ਹੋਰ ਵੀ ਬਹੁਤ ਸਾਰੇ ਜੁੱਟ (combinations) ਹੋ ਸਕਦੇ ਹਨ, ਜਿਸ ਪੱਧਰ ਤੇ ਮੁਦਰਾ ਮੰਗ, ਮੁਦਰਾ ਪੂਰਤੀ ਦੇ ਬਰਾਬਰ ਹੋਵੇਗੀ ।

ਪਿੱਛੇ ਦਿੱਤੇ ਵਸਤੂ ਮਾਰਕੀਟ ਅਤੇ ਮੁਦਰਾ ਸੰਤੁਲਨਾਂ ਨੂੰ ਇਕੱਠਾ ਕਰਕੇ, ਭਾਵ I-S ਅਤੇ L-M ਵਕਰਾਂ ਦੀ ਸਹਾਇਤਾ ਨਾਲ ਅਸੀਂ ਆਮਦਨ/ਰੁਜ਼ਗਾਰ ਜਾਂ ਉਤਪਾਦਨ ਦੇ ਪੱਧਰ ਨੂੰ ਜਾਣ ਸਕਦੇ ਹਾਂ,




ਅਤੇ ਇਨ੍ਹਾਂ ਵਿੱਚ ਤਬਦੀਲੀ ਲਿਆ ਕੇ ਲੋੜ ਅਨੁਸਾਰ ਆਮਦਨ/ਰੁਜ਼ਗਾਰ ਪੱਧਰ ਨੂੰ ਬਦਲ ਸਕਦੇ ਹਾਂ, ਉਹ ਕਿਵੇਂ, ਇਸ ਨੂੰ ਅੱਗੇ ਦਿੱਤੇ ਚਿੱਤਰ ਰਾਹੀਂ ਵਿਖਾਇਆ ਗਿਆ ਹੈ :




ਉੱਪਰ ਦਿੱਤੇ ਚਿੱਤਰ ਵਿੱਚ 3% ਵਿਆਜ ਦਰ ਅਜਿਹਾ ਹੈ ਜਿਥੇ ਬੱਚਤ, ਨਿਵੇਸ਼, ਮੁਦਰਾ ਪੂਰਤੀ, ਮੁਦਰਾ ਮੰਗ ਬਰਾਬਰ ਹਨ। ਭਾਵ 3% ਵਿਆਜ ਦਰ ਅਤੇ 120 ਕਰੋੜ ਆਮਦਨ ਪੱਧਰ ਅਜਿਹੀ ਹੈ, ਜਿਥੇ ਬੱਚਤ, ਨਿਵੇਸ਼ ਦੇ ਅਤੇ ਮੁਦਰਾ ਮੰਗ, ਮੁਦਰਾ ਪੂਰਤੀ ਦੇ ਬਰਾਬਰ ਹੈ :

ਹੁਣ I-S ਵਕਰ ਨੂੰ I-S ਤੋਂ ਬਦਲਕੇ $IS_1$ ਦੀ ਸਥਿਤੀ ਵਿੱਚ ਬਦਲ ਦਿੱਤਾ ਜਾਵੇ, ਜਿਵੇਂ ਕਿ ਹੇਠ ਦਿੱਤੇ ਚਿੱਤਰ ਵਿੱਚ ਵਿਖਾਇਆ ਗਿਆ ਹੈ ਤਾਂ ਸੰਤੁਲਨ ਬਿੰਦੂ ਵੀ ਬਦਲ ਜਾਵੇਗਾ।

ਇਵੇਂ ਹੀ ਜੇ L-M ਵਕਰ ਨੂੰ ਬਦਲ ਕੇ L-M ਦੀ ਥਾਂ ਤੇ $L\text{-}M_1$ ਦੀ ਸਥਿਤੀ ਵਿੱਚ ਬਦਲ ਦਿੱਤਾ ਜਾਵੇ ਤਾਂ ਵੀ ਸੰਤੁਲਨ ਬਿੰਦੂ ਬਦਲ ਜਾਵੇਗਾ :

ਉੱਪਰ ਦਿੱਤੇ ਵਿਸ਼ਲੇਸ਼ਣ ਤੋਂ ਸਪੱਸ਼ਟ ਹੈ ਕਿ ਕੇਨਜ਼ ਦੇ ਰੁਜ਼ਗਾਰ ਸਿਧਾਂਤ ਨੂੰ ਕਈ ਪੱਖਾਂ ਤੋਂ




ਵਿਚਾਰਿਆ ਜਾ ਸਕਦਾ ਹੈ ਅਤੇ ਉਸ ਦਾ ਬਹੁਤ ਜ਼ੋਰ ਕੁੱਲ ਖਰਚ (C+1) ਤੇ ਹੈ ਅਤੇ ਅੱਗੋਂ ਨਿਵੇਸ਼ ਖਰਚ ਅਤੇ ਵਿਆਜ ਦਰ ਨੂੰ ਦੱਸਦਾ ਹੋਇਆ ਮੁਦਰਾ ਸੰਤੁਲਨ ਨੂੰ ਆਪਣੇ ਵਿਸ਼ਲੇਸ਼ਣ ਵਿੱਚ ਸ਼ਾਮਿਲ ਕਰਦਾ ਹੈ।

**ਐਮ.ਏ. (ਅਰਥ-ਸ਼ਾਸਤਰ) ਭਾਗ ਪਹਿਲਾ ਪਰਚਾ ਦੂਜਾ**
**ਸਮੈਸਟਰ ਪਹਿਲਾ**

**ਪਾਠ ਨੰਬਰ : 1.6 ਲੇਖਕ : ਡਾ. ਓ.ਪੀ. ਸ਼ਰਮਾ**

# ਉਪਭੋਗ ਫਲਨ

1.6.1 ਭੂਮਿਕਾ

1.6.2 ਆਮਦਨ-ਉਪਭੋਗ ਸਿਧਾਂਤ

1.6.3 ਸਾਪੇਖਕ ਆਮਦਨ ਉਪਭੋਗ ਫਲਣ

1.6.4 ਸਥਾਈ ਆਮਦਨ ਉਪਭੋਗ ਸਿਧਾਂਤ

## 1.6.1 ਭੂਮਿਕਾ

ਕੇਨਜ਼ ਦੇ ਰੁਜ਼ਗਾਰ ਸਿਧਾਂਤ ਵਿੱਚ ਆਮਦਨ ਨੂੰ ਨਿਰਧਾਰਿਤ ਕਰਨ ਵਾਲੇ ਦੋ ਮੁੱਖ ਖਰਚੇ ਉਪਭੋਗ ਖਰਚ ਅਤੇ ਨਿਵੇਸ਼ ਖਰਚ ਹਨ। ਆਮਦਨ ਸਮੀਕਰਨ ਅਨੁਸਾਰ, ਆਮਦਨ (Y), ਉਪਭੋਗ ਖਰਚ (C) ਅਤੇ ਨਿਵੇਸ਼ ਖਰਚ ਦਾ ਜੋੜ ਹੈ। ਭਾਵ $Y = C + 1$, ਇਸ ਲਈ ਜੇਕਰ ਕਿਸੇ ਸਮੇਂ ਆਮਦਨ ਦੇ ਪੱਧਰ ਨੂੰ ਪ੍ਰਭਾਵਿਤ ਕਰਨ ਦਾ ਸਵਾਲ ਹੋਵੇ ਤਾਂ ਇਸ ਨੂੰ ਉਪਭੋਗ ਖ਼ਰਚ ਜਾਂ ਨਿਵੇਸ਼ ਖਰਚ ਨੂੰ ਪ੍ਰਭਾਵਿਤ ਕਰਕੇ ਪ੍ਰਭਾਵਿਤ ਕੀਤਾ ਜਾ ਸਕਦਾ ਹੈ।

ਕਲਾਸੀਕਲ ਅਰਥ-ਸ਼ਾਸਤਰੀਆਂ ਨੇ ਭਾਵੇਂ ਕਿਸੇ ਵੀ ਸਮੇਂ ਕੁੱਲ ਮੰਗ ਦੀ ਘਾਟ ਨੂੰ ਮਹਿਸੂਸ ਨਹੀਂ ਕੀਤਾ ਅਤੇ ਉਨ੍ਹਾਂ ਦਾ ਵਿਚਾਰ ਸੀ ਕਿ ਪੂਰਤੀ ਆਪਣੀ ਮੰਗ ਆਪ ਪੈਦਾ ਕਰਦੀ ਹੈ ਤਾਂ ਵੀ ਜੇ ਕਿਸੇ ਸਮੇਂ ਕੁੱਲ ਖਰਚ ਪੂਰਨ ਰੁਜ਼ਗਾਰ ਪੱਧਰ ਨਾਲੋਂ ਘੱਟ ਹੋਵੇ ਤਾਂ ਵਿਆਜ ਦਰ ਨੂੰ ਪ੍ਰਭਾਵਿਤ ਕਰਕੇ ਕੁੱਲ ਖਰਚ ਨੂੰ ਵਧਾਇਆ ਘਟਾਇਆ ਜਾ ਸਕਦਾ ਹੈ। ਕਲਾਸੀਕਲ ਅਰਥ-ਸ਼ਾਸਤਰੀਆਂ ਅਨੁਸਾਰ, ਜੇ ਵਿਆਜ ਦਰ ਉੱਚਾ ਹੋਵੇਗਾ ਤਾਂ ਲੋਕ ਵੱਧ ਬੱਚਤ ਕਰਨਗੇ ਅਤੇ ਇਸ ਦੇ ਫਲਸਵਰੂਪ ਉਪਭੋਗ ਖਰਚ ਘੱਟ ਹੋਵੇਗਾ, ਇਸ ਪ੍ਰਕਾਰ ਉਪਭੋਗ ਖਰਚ ਵਿਆਜ ਦਰ ਤੇ ਨਿਰਭਰ ਹੈ।

ਕੇਨਜ਼ ਨੇ ਕਲਾਸੀਕਲ ਅਰਥ-ਸ਼ਾਸਤਰੀਆਂ ਦੀ ਇਸ ਧਾਰਣਾ ਨੂੰ ਕਿੰਤੂ ਕੀਤਾ ਅਤੇ ਦੱਸਿਆ ਕਿ ਕਿਸੇ ਦੇਸ਼ ਵਿੱਚ ਜਾਂ ਕਿਸੇ ਵਿਅਕਤੀ ਦਾ ਉਪਭੋਗ ਖਰਚ ਉਸ ਦੇਸ਼ ਜਾਂ ਵਿਅਕਤੀ ਦੀ ਆਮਦਨ ਪੱਧਰ ਤੇ ਨਿਰਭਰ ਕਰਦਾ ਹੈ। ਕੇਨਜ਼ ਦੇ ਕਹਿਣ ਅਨੁਸਾਰ, ਮਨੋ-ਵਿਗਿਆਨ ਦੇ ਆਧਾਰ ਤੇ ਆਮ ਤਜਰਬੇ ਤੋਂ ਪਤਾ ਲਗਦਾ ਹੈ ਕਿ ਆਮ ਤੌਰ ਤੇ ਜਿਵੇਂ ਜਿਵੇਂ ਕਿਸੇ ਸਮਾਜ ਦੀ ਆਮਦਨ ਵਧਦੀ ਹੈ ਉਸ ਦੇ ਨਾਲ ਉਸ ਦਾ ਉਪਭੋਗ ਖਰਚਾ ਵੀ ਵਧਦਾ ਹੈ। ਪਰ ਉਪਭੋਗ ਖਰਚ ਵਿੱਚ ਉਸ ਦਰ ਨਾਲ ਵਾਧਾ ਨਹੀਂ ਹੁੰਦਾ ਜਿਸ ਦਰ ਨਾਲ ਆਮਦਨ ਵਿੱਚ ਵਾਧਾ ਹੁੰਦਾ ਹੈ। ਇਸ ਦਾ ਭਾਵ ਇਹ ਹੈ ਕਿ ਵਧੀ ਹੋਈ ਆਮਦਨ ਦਾ ਕੁਝ ਭਾਗ ਬਚਾ ਲਿਆ ਜਾਂਦਾ ਹੈ। ਇਸ ਪ੍ਰਕਾਰ ਕੇਨਜ਼ ਨੇ ਉਪਭੋਗ ਖਰਚ ਦੀ ਪ੍ਰਵਿਰਤੀ (tendency) ਬਾਰੇ ਦੱਸਿਆ ਹੈ ਜਿਸ ਨੂੰ ਉਪਭੋਗ ਦਾ ਮਨੋ-ਵਿਗਿਆਨਕ ਸਿਧਾਂਤ ਕਰਕੇ ਜਾਣਿਆ ਜਾਂਦਾ ਹੈ। ਇਸ ਸਿਧਾਂਤ ਤੋਂ ਕੁਝ ਮਹੱਤਵਪੂਰਨ ਧਾਰਨਾਵਾਂ (propositions) ਨਿਕਲਦੀਆਂ ਹਨ। ਕੇਨਜ਼ ਅਨੁਸਾਰ ਇਹ ਇਵੇਂ ਹਨ :

(1) ਜਿਸ ਸਮੇਂ ਕਿਸੇ ਸਮਾਜ ਦੀ ਆਮਦਨ ਵਧਦੀ ਹੈ ਉਸ ਦਾ ਉਪਭੋਗ ਖ਼ਰਚ ਵੀ ਵਧਦਾ ਹੈ, ਪਰੰਤੂ ਉਪਭੋਗ ਖ਼ਰਚੇ ਵਿੱਚ ਇਹ ਵਾਧਾ ਆਮਦਨ ਵਿੱਚ ਵਾਧੇ ਦੀ ਦਰ ਨਾਲੋਂ ਘੱਟ ਹੁੰਦਾ ਹੈ।

(2) ਆਮਦਨ ਵਿੱਚ ਵਾਧਾ ਕਿਸੇ ਅਨੁਪਾਤ ਵਿੱਚ ਉਪਭੋਗ ਖ਼ਰਚ ਅਤੇ ਬੱਚਤ ਵਿੱਚ ਵੰਡਿਆ ਜਾਂਦਾ ਹੈ। ਦੂਜੀ ਧਾਰਨਾ ਪਹਿਲੀ ਧਾਰਨਾ ਦੀ ਹੀ ਫਲਸਰੂਪ ਹੈ ਕਿਉਂਕਿ ਆਮਦਨ ਵਿੱਚ ਹੋਣ ਵਾਲਾ ਵਾਧਾ ਉਪਭੋਗ ਵਿੱਚ ਵਾਧੇ ਨਾਲੋਂ ਵੱਧ ਹੁੰਦਾ ਹੈ, ਇਸ ਲਈ ਕੁਦਰਤੀ ਗੱਲ ਹੈ ਕਿ ਇਸ ਵਿੱਚੋਂ ਕੁਝ ਹਿੱਸਾ ਬਚ ਜਾਵੇਗਾ।

(3) ਤੀਜੀ ਧਾਰਨਾ ਦੱਸਦੀ ਹੈ ਕਿ ਅਜਿਹਾ ਬਹੁਤ ਘੱਟ ਵੇਖਣ ਵਿੱਚ ਆਇਆ ਹੈ ਕਿ ਆਮਦਨ ਵਧਣ ਤੋਂ ਪਹਿਲਾਂ ਦੇ ਮੁਕਾਬਲੇ ਉਪਭੋਗ ਉੱਪਰ ਘੱਟ ਖਰਚ ਆਵੇ ਜਾਂ ਪਹਿਲਾਂ ਦੇ ਮੁਕਾਬਲੇ ਬੱਚਤ ਘੱਟ ਜਾਵੇ। ਅਸਲ ਵਿੱਚ ਇਨ੍ਹਾਂ ਦੋਵਾਂ ਵਿੱਚੋਂ ਇੱਕ ਵਿੱਚ ਵਾਧਾ ਹੋਣਾ ਜ਼ਰੂਰੀ ਹੈ। ਇਸ ਦਾ ਭਾਵ ਹੈ ਕਿ ਜੇ ਇੱਕ ਵਿਅਕਤੀ 100 ਰੁ. ਆਮਦਨ ਵਿੱਚੋਂ 80 ਰੁਪਏ ਉਪਭੋਗ ਤੇ ਖ਼ਰਚ ਕਰਦਾ ਹੈ ਤਾਂ 110 ਰੁਪਏ ਆਮਦਨ

ਵਿੱਚੋਂ ਜੇ ਉਪਭੋਗ ਤੇ ਵੱਧ ਖਰਚ ਨਹੀਂ ਕੀਤਾ ਜਾਵੇਗਾ ਤਾਂ ਇਹ ਨਹੀਂ ਹੋਵੇਗਾ ਕਿ ਉਪਭੋਗ ਘੱਟ ਹੋਵੇਗਾ ।

ਉੱਪਰ ਦਿੱਤੀਆਂ ਤਿੰਨ ਧਾਰਨਾਵਾਂ ਵਿੱਚੋਂ ਪਹਿਲੀ ਸਭ ਤੋਂ ਮਹੱਤਵਪੂਰਨ ਹੈ ਕਿਉਂਕਿ ਇਸ ਰਾਹੀਂ ਸਾਨੂੰ ਪਤਾ ਲਗਦਾ ਹੈ ਕਿ ਆਮਦਨ ਵਿੱਚ ਹਰ ਇੱਕ ਵਾਧੇ ਨਾਲ ਉਪਭੋਗ ਖ਼ਰਚ ਅਤੇ ਆਮਦਨ ਵਿੱਚ ਖਾਈ (gap) ਵਧਦੀ ਜਾਂਦੀ ਹੈ ਅਤੇ ਜੇ ਇਸ ਖਾਈ ਨੂੰ ਨਹੀਂ ਭਰਿਆ ਜਾਵੇਗਾ ਤਾਂ ਇਸ ਨਾਲ ਆਮਦਨ ਡਿੱਗ ਜਾਵੇਗੀ ਅਤੇ ਬਾਕੀ ਦੀਆਂ ਧਾਰਨਾਵਾਂ ਤਾਂ ਇਸ ਤੋਂ ਹੀ ਉਪਜਦੀਆਂ ਹਨ ।

### 1.6.2 ਆਮਦਨ-ਉਪਭੋਗ ਸਿਧਾਂਤ (Absolute Income Hypothesis)

ਇਥੇ ਇਹ ਦੱਸ ਦੇਣਾ ਜ਼ਰੂਰੀ ਹੈ ਕਿ ਉਪਭੋਗ ਦੇ ਬੁਨਿਆਦੀ ਨਿਯਮ (Fundamental Psychological Law of Consumption) ਲਈ ਬਹੁਤ ਸਾਰੀਆਂ ਮਾਨਤਾਵਾਂ ਲਈਆਂ ਜਾਂਦੀਆਂ ਹਨ ਵਿਸ਼ੇਸ਼ ਕਰਕੇ ਇਹ ਮੰਨ ਲਿਆ ਜਾਂਦਾ ਹੈ ਕਿ ਅਰਥ ਵਿਵਸਥਾ ਵਿੱਚ ਸਾਧਾਰਨ ਹਾਲਤ ਹੈ, ਅਲਪ ਕਾਲ ਹੈ, ਜਿਸ ਵਿੱਚ ਲੋਕਾਂ ਦੀਆਂ ਆਦਤਾਂ, ਰਿਵਾਜਾਂ, ਸੁਭਾ ਆਦਿ ਵਿੱਚ ਬਹੁਤੀ ਤਬਦੀਲੀ ਨਹੀਂ ਆਉਂਦੀ, ਪੂੰਜੀਵਾਦੀ ਸਮਾਜ ਹੈ, ਜਿਥੇ ਸਰਕਾਰ ਦੀ ਬਹੁਤੀ ਦਖ਼ਲ ਅੰਦਾਜ਼ੀ ਨਹੀਂ ਅਤੇ ਅਜਿਹਾ ਆਮਦਨ ਦੇ ਇੱਕ ਵਿਸ਼ੇਸ਼ ਪੱਧਰ ਤੋਂ ਪਿਛੋਂ ਹੀ ਹੁੰਦਾ ਹੈ ।

ਉੱਪਰ ਦਿੱਤੇ ਸਿਧਾਂਤ ਨੂੰ ਹੇਠ ਦਿੱਤੀ ਸਾਰਣੀ ਅਤੇ ਚਿੱਤਰ ਨਾਲ ਬਹੁਤ ਆਸਾਨੀ ਨਾਲ ਸਮਝਾਇਆ ਜਾ ਸਕਦਾ ਹੈ:

| ਸਮਾਂ | ਆਮਦਨ | ਉਪਭੋਗ ਖ਼ਰਚ | ਬੱਚਤ | ਔਸਤ ਉਪਭੋਗ ਪ੍ਰਵਿਰਤੀ ਜਾਂ *APC* *(C/Y)* | ਔਸਤ ਬੱਚਤ ਪ੍ਰਵਿਰਤੀ ਜਾਂ *APS* *(S/Y)* | ਸੀਮਾਂਤ ਉਪਭੋਗ ਪ੍ਰਵਿਰਤੀ ਜਾਂ *MPC* *(ΔC/ΔY)* | ਸੀਮਾਂਤ ਬੱਚਤ ਪ੍ਰਵਿਰਤੀ ਜਾਂ *MPS* *(ΔS/ΔY)* |
|---|---|---|---|---|---|---|---|
| *1* | *2* | *3* | *4* | *5* | *6* | *7* | *8* |
| 1 | 100 | 80 | 20 | 80/100 | 20/100 | – | – |
| 2 | 120 | 98 | 22 | 98/120 | 22/120 | 18/20 | 2/20 |
| 3 | 140 | 113 | 27 | 113/140 | 27/140 | 15/20 | 5/20 |
| 4 | 160 | 123 | 37 | 123/160 | 37/160 | 10/20 | 10/20 |
| 5 | 180 | 128 | 52 | 128/180 | 52/180 | 5/20 | 15/20 |
| 6 | 200 | 130 | 70 | 130/200 | 70/200 | 2/20 | 18/20 |


ਉੱਪਰ ਦਿੱਤੀ ਸਾਰਣੀ ਤੋਂ ਪਤਾ ਲਗਦਾ ਹੈ ਕਿ ਜਿਵੇਂ-ਜਿਵੇਂ ਉਪਭੋਗੀ ਦੀ ਆਮਦਨ ਵਿੱਚ ਵਾਧਾ ਹੁੰਦਾ ਹੈ ਉਸ ਦਾ ਉਪਭੋਗ ਖ਼ਰਚ ਵੀ ਵਧਦਾ ਹੈ ਪਰ ਉਪਭੋਗ ਖ਼ਰਚ ਵਿੱਚ ਹੋਣ ਵਾਲਾ ਸੀਮਾਂਤ ਵਾਧੇ ਦਾ ਦਰ ਘਟਦਾ ਜਾਂਦਾ ਹੈ । ਉਦਾਹਰਣ ਵਜੋਂ, ਸੱਤਵੇਂ ਖਾਨੇ (column) ਤੋਂ ਪਤਾ ਲਗਦਾ ਹੈ ਕਿ ਪਹਿਲੇ ਸਮੇਂ ਵਿੱਚ 20 ਰੁਪਏ ਵਿਚੋਂ 18 ਰੁਪਏ ਉਪਭੋਗ ਤੇ ਖ਼ਰਚ ਕੀਤੇ ਜਾਂਦੇ ਹਨ ਪਰੰਤੂ ਅੰਤਲੇ ਸਮੇਂ ਵਿੱਚ 20 ਰੁਪਏ ਵਿੱਚੋਂ ਕੇਵਲ 8 ਰੁਪਏ ਹੀ ਉਪਭੋਗ ਤੇ ਖ਼ਰਚ ਕੀਤੇ ਜਾਂਦੇ ਹਨ । ਇਸ ਦੇ ਉਲਟ ਅੱਠਵੇਂ ਖਾਨੇ ਵਿੱਚ ਸੀਮਾਂਤ ਬੱਚਤ ਪ੍ਰਵਿਰਤੀ 2 ਰੁਪਏ ਤੋਂ ਵਧ ਕੇ 18 ਰੁਪਏ ਹੋ ਜਾਂਦੀ ਹੈ । ਇਸ ਤੋਂ ਇੱਕ ਗੱਲ ਹੋਰ ਵੀ ਪਤਾ ਲਗਦੀ ਹੈ ਕਿ ਔਸਤ ਉਪਭੋਗ ਪ੍ਰਵਿਰਤੀ (APC) ਅਤੇ ਔਸਤ ਬੱਚਤ ਪ੍ਰਵਿਰਤੀ (APS) ਦਾ ਜੋੜ ਇੱਕ ਦੇ ਬਰਾਬਰ ਹੈ । ਇਥੋਂ ਹੀ ਸੀਮਾਂਤ ਉਪਭੋਗ ਪ੍ਰਵਿਰਤੀ (MPC) ਅਤੇ ਸੀਮਾਂਤ ਬੱਚਤ ਪ੍ਰਵਿਰਤੀ (MPS) ਦਾ ਜੋੜ ਵੀ ਇੱਕ ਦੇ ਬਰਾਬਰ ਹੈ । ਸਪਸ਼ਟ ਹੈ ਕਿ ਇਨ੍ਹਾਂ ਵਿਚੋਂ ਜੇ ਸਾਨੂੰ ਇੱਕ ਦਾ ਪਤਾ ਹੋਵੇ ਤਾਂ ਦੂਜੇ ਨੂੰ ਆਸਾਨੀ ਨਾਲ ਜਾਣਿਆ ਜਾ ਸਕਦਾ ਹੈ । ਸਾਰਣੀ ਤੋਂ ਇਹ ਵੀ ਪਤਾ ਲਗਦਾ ਹੈ ਕਿ ਜਿਸ ਸਮੇਂ ਸੀਮਾਂਤ ਉਪਭੋਗ ਪ੍ਰਵਿਰਤੀ ਘਟਦੀ ਹੈ ਤਾਂ ਸੀਮਾਂਤ ਬੱਚਤ ਪ੍ਰਵਿਰਤੀ ਵਧਦੀ ਹੈ ।

ਇਸ ਪ੍ਰਕਾਰ ਪਿਛੇ ਦਿੱਤੀ ਸਾਰਣੀ ਕੇਵਲ ਉਪਭੋਗ ਫਲਨ ਦਾ ਹੀ ਗਿਆਨ ਨਹੀਂ ਕਰਵਾਉਂਦੀ ਸਗੋਂ ਇਸ ਦੇ ਨਾਲ ਬੱਚਤ ਫਲਨ (saving function) ਦਾ ਵੀ ਗਿਆਨ ਪ੍ਰਾਪਤ ਹੁੰਦਾ ਹੈ ।

ਪਿਛੇ ਦਿੱਤੀ ਸਾਰਣੀ ਦੀ ਸਹਾਇਤਾ ਨਾਲ ਉਪਭੋਗ ਫਲਨ ਅਤੇ ਬੱਚਤ ਨੂੰ ਚੱਸਿਆ ਜਾ ਸਕਦਾ ਹੈ ਅਤੇ ਇਨ੍ਹਾਂ ਦੋਵਾਂ ਦੀ ਸ਼ਕਲ ਅੱਗੇ ਦਿੱਤੇ ਚਿੱਤਰਾਂ ਵਾਂਗ ਹੋਵੇਗੀ ।

ਨਾਲ ਦਿੱਤੇ ਚਿੱਤਰ-1 ਤੋਂ ਪਤਾ ਲਗਦਾ ਹੈ ਕਿ $OY_0$ ਆਮਦਨ ਪੱਧਰ ਤੇ $C_0Y_0$ ਉਪਭੋਗ ਖ਼ਰਚ ਹੈ ਅਤੇ ਜਿਵੇਂ, ਜਿਵੇਂ ਆਮਦਨ ਵਧਦੀ ਹੈ ਉਪਭੋਗ ਖਰਚ ਵੀ ਵਧਦਾ ਹੈ, ਪਰ ਘਟਦੇ ਦਰ ਨਾਲ ।

ਦੂਜੇ ਚਿੱਤਰ (II) ਤੋਂ ਪਤਾ ਲਗਦਾ ਹੈ ਕਿ ਜਿਵੇਂ ਜਿਵੇਂ ਆਮਦਨ ਵਧਦੀ ਹੈ ਬੱਚਤ ਵੀ ਵਧਦੀ ਹੈ। ਉਦਾਹਰਣ ਵਜੋਂ, ਆਮਦਨ ਪੱਧਰ $OY_1$ ਤੋਂ ਘੱਟ ਹੈ ਤਾਂ SS ਵਕਰ OX ਬਾਹੀ ਤੋਂ ਹੇਠਾਂ ਸ਼ੁਰੂ ਹੁੰਦੀ ਹੈ। ਜਿਸ ਦਾ ਭਾਵ ਹੈ ਕਿ ਨੀਵੀਂ ਆਮਦਨ ਪੱਧਰ ਤੇ ਲੋਕ ਆਪਣੀ ਪੁਰਾਣੀ ਬੱਚਤ ਤੋਂ ਖਰਚ ਪੂਰਾ ਕਰਦੇ ਹਨ ਅਰਥਾਤ ਅੱਪ-ਬੱਚਤ (dis-saving) ਕਰਦੇ ਹਨ ਅਤੇ $OY_1$ ਆਮਦਨ ਪੱਧਰ ਤੇ, ਉਪਭੋਗ ਖਰਚ ਤੇ ਆਮਦਨ ਬਰਾਬਰ ਹੈ ਅਤੇ ਇਸ ਤੋਂ ਪਿੱਛੋਂ ਬੱਚਤ ਵਧਦੀ ਜਾਂਦੀ ਹੈ।





ਪਿੱਛੇ ਦਿੱਤੇ ਵਿਸ਼ਲੇਸ਼ਣ ਤੋਂ ਦੋ ਧਾਰਨਾਵਾਂ ਅਤੇ ਇਨ੍ਹਾਂ ਨਾਲ ਜੁੜੇ ਹੋਏ ਬਹੁਤ ਸਾਰੇ ਸਵਾਲ ਸਾਹਮਣੇ ਆਉਂਦੇ ਹਨ ਅਤੇ ਉਹ ਹਨ ਔਸਤ ਉਪਭੋਗ ਪ੍ਰਵਿਰਤੀ, ਸੀਮਾਂਤ ਉਪਭੋਗ ਪ੍ਰਵਿਰਤੀ, ਔਸਤ ਬੱਚਤ ਪ੍ਰਵਿਰਤੀ ਅਤੇ ਸੀਮਾਂਤ ਬੱਚਤ ਪ੍ਰਵਿਰਤੀ। ਇਨ੍ਹਾਂ ਵਿੱਚ ਰਿਸ਼ਤਾ, ਇਨ੍ਹਾਂ ਦੀ ਮਹੱਤਤਾ, ਇਨ੍ਹਾਂ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ ਆਦਿ ਕੀ ਹਨ। ਇਨ੍ਹਾਂ ਸਵਾਲਾਂ ਦਾ ਉੱਤਰ ਅਸੀਂ ਸੰਖੇਪ ਵਿੱਚ ਹੇਠ ਲਿਖੇ ਅਨੁਸਾਰ ਦੇ ਸਕਦੇ ਹਾਂ।

ਔਸਤ ਉਪਭੋਗ ਪ੍ਰਵਿਰਤੀ ਉਪਭੋਗ ਖਰਚੇ ਅਤੇ ਆਮਦਨ ਵਿੱਚ ਰਿਸ਼ਤੇ ਨੂੰ ਦਰਸਾਉਂਦੀ ਹੈ। ਭਾਵ, ਆਮਦਨ ਵਿੱਚੋਂ ਕਿੰਨੀ ਅਨੁਪਾਤ ਉਪਭੋਗ ਲਈ ਖਰਚ ਕੀਤੀ ਜਾਂਦੀ ਹੈ। ਇਸ ਨੂੰ ਅਸੀਂ C/Y ਕਰਕੇ ਲਿਖ ਸਕਦੇ ਹਾਂ।

ਸੀਮਾਂਤ ਉਪਭੋਗ ਪ੍ਰਵਿਰਤੀ ਉਪਭੋਗ ਖਰਚੇ ਵਿੱਚ ਅਤੇ ਆਮਦਨ ਵਿੱਚ ਤਬਦੀਲੀ ਦੇ ਰਿਸ਼ਤੇ ਨੂੰ

ਦਰਸਾਉਂਦੀ ਹੈ। ਭਾਵ, ਆਮਦਨ ਵਿੱਚ ਤਬਦੀਲੀ ਤੇ ਉਪਭੋਗ ਖਰਚ ਵਿੱਚ ਤਬਦੀਲੀ ਦਾ ਕੀ ਅਨੁਪਾਤ ਹੈ। ਇਸ ਨੂੰ ਅਸੀਂ $\Delta C/\Delta Y$ ਕਰਕੇ ਲਿਖ ਸਕਦੇ ਹਾਂ।

ਜਿਥੋਂ ਤੱਕ ਔਸਤ ਉਪਭੋਗ ਪ੍ਰਵਿਰਤੀ ਅਤੇ ਸੀਮਾਂਤ ਉਪਭੋਗ ਪ੍ਰਵਿਰਤੀ ਵਿੱਚ ਰਿਸ਼ਤੇ ਦਾ ਸੰਬੰਧ




ਹੈ, ਇਸ ਗੱਲ ਦਾ ਨਿਰਭਰ ਇਸ ਗੱਲ ਤੇ ਹੈ ਕਿ ਅਸੀਂ ਕਿਹੋ ਜਿਹਾ ਉਪਭੋਗ ਫਲਣ ਮੰਨਦੇ ਹਾਂ। ਇਸ ਦੀਆਂ ਕੁਝ ਕਿਸਮਾਂ ਅੱਗੇ ਦਿੱਤੀਆਂ ਜਾਂਦੀਆਂ ਹਨ।

ਪਹਿਲੇ ਚਿੱਤਰ ਵਿੱਚ ਜਦੋਂ ਉਪਭੋਗ ਫਲਣ 45° ਰੇਖਾ ਵਾਂਗ ਹੋਵੇ ਤਾਂ ਇਸ ਸਥਿਤੀ ਵਿੱਚ APC=MPC=1 ਭਾਵ ਹਰ ਆਮਦਨ ਪੱਧਰ ਤੇ ਉਪਭੋਗ ਖਰਚ ਅਤੇ ਆਮਦਨ ਬਰਾਬਰ ਹੈ। ਇਸ ਲਈ ਔਸਤ ਉਪਭੋਗ ਪ੍ਰਵਿਰਤੀ ਅਤੇ ਸੀਮਾਂਤ ਉਪਭੋਗ ਪ੍ਰਵਿਰਤੀ ਬਰਾਬਰ ਹੈ।

**ਦੂਜੇ ਚਿੱਤਰ** ਵਿੱਚ ਜੇ ਉਪਭੋਗ ਫਲਣ OC ਵਾਂਗ ਹੋਵੇ ਤਾਂ APC=MPC=1, ਇਸ ਸਥਿਤੀ ਵਿੱਚ ਔਸਤ ਅਤੇ ਸੀਮਾਂਤ ਉਪਭੋਗ ਪ੍ਰਵਿਰਤੀ ਇੱਕ ਸਮਾਨ ਅਤੇ ਇਹ ਹਰ ਆਮਦਨ ਪੱਧਰ ਲਈ ਸੱਚ ਹੈ।

**ਤੀਜੇ ਚਿੱਤਰ** ਵਿਚ, ਜੇ ਉਪਭੋਗ ਫਲਣ CC ਵਕਰ ਵਾਂਗ ਹੋਵੇ ਤਾਂ ਇਸ ਸਥਿਤੀ ਵਿੱਚ APC ਘਟਦੀ ਜਾਂਦੀ ਹੈ, MPC ਇੱਕ ਸਮਾਨ ਰਹਿੰਦੀ ਹੈ, ਜਦੋਂ ਆਮਦਨ ਸਿਫਰ ਦੇ ਬਰਾਬਰ ਹੈ ਤਾਂ ਵੀ ਉਪਭੋਗ ਖਰਚ OC ਦੇ ਬਰਾਬਰ ਹੈ, $OY_0$ ਆਮਦਨ ਪੱਧਰ ਤੱਕ ਉਪਭੋਗ ਖ਼ਰਚ ਆਮਦਨ ਪੱਧਰ ਨਾਲੋਂ ਵੱਧ ਹੈ, $Y_0$ ਆਮਦਨ ਉੱਤੇ ਉਪਭੋਗ ਖ਼ਰਚ ਅਤੇ ਆਮਦਨ ਬਰਾਬਰ ਹੈ ਭਾਵ ਇਥੇ ਬੱਚਤ ਸਿਫ਼ਰ ਦੇ ਬਰਾਬਰ ਹੈ, ਪਰੰਤੂ ਇਸ ਪੱਧਰ ਤੋਂ ਪਿਛੋ ਔਸਤ ਉਪਭੋਗ ਪ੍ਰਵਿਰਤੀ ਡਿੱਗਦੀ ਜਾਂਦੀ ਹੈ ਪਰੰਤੂ ਹਰ ਸਮੇਂ ਲਈ ਸੀਮਾਂਤ ਉਪਭੋਗ ਪ੍ਰਵਿਰਤੀ ਸਥਿਰ ਰਹਿੰਦੀ ਹੈ।

**ਚੌਥੇ ਚਿੱਤਰ** ਵਿੱਚ ਉਪਭੋਗ ਫਲਣ ਸਿੱਧੀ ਵਕਰ ਨਹੀਂ ਸਗੋਂ ਇਹ ਮੁੜਦੀ ਜਾਂਦੀ ਹੈ। ਇਸ ਸਥਿਤੀ ਵਿੱਚ ਆਮਦਨ ਵਿੱਚ ਹਰ ਵਾਧੇ ਨਾਲ ਔਸਤ ਉਪਭੋਗ ਪ੍ਰਵਿਰਤੀ ਅਤੇ ਸੀਮਾਂਤ ਉਪਭੋਗ ਪ੍ਰਵਿਰਤੀ

ਘਟਦੀ ਜਾਂਦੀ ਹੈ ।

ਉੱਪਰ ਦਿੱਤੇ ਚਾਰ ਉਪਭੋਗ ਫਲਣਾਂ ਵਿੱਚੋਂ ਪਹਿਲੇ ਦੋ ਲਈ ਇਹ $C = b\ (Y)$ ਕਰਕੇ ਅਤੇ ਤੀਜੇ ਲਈ $C + a = b\ (Y)$ ਕਰਕੇ ਲਿਖਿਆ ਜਾ ਸਕਦਾ ਹੈ । ਇਸ ਸਮੀਕਰਨ ਵਿੱਚ C ਤੋਂ ਭਾਵ ਉਪਭੋਗ ਖਰਚ, a ਤੋਂ ਭਾਵ ਮੁੱਢਲਾ ਉਪਭੋਗ ਖਰਚ, ਜਿਹੜਾ ਆਮਦਨ ਦੇ ਹਰ ਪੱਧਰ ਤੇ ਸਥਿਰ ਰਹਿੰਦਾ ਹੈ, ਅਤੇ b ਤੋਂ ਭਾਵ ਸੀਮਾਂਤ ਉਪਭੋਗ ਪ੍ਰਵਿਰਤੀ ਅਤੇ Y ਤੋਂ ਭਾਵ ਆਮਦਨ ਪੱਧਰ ਤੋਂ ਹੈ । ਚੌਥੇ ਲਈ ਔਸਤ ਉਪਭੋਗ ਪ੍ਰਵਿਰਤੀ ਅਤੇ ਸੀਮਾਂਤ ਉਪਭੋਗ ਪ੍ਰਵਿਰਤੀ 0 ਤੋਂ 1 ਦੇ ਕਿਤੇ ਵਿੱਚ ਹੁੰਦੀ ਹੈ ।

ਉਪਭੋਗ ਪ੍ਰਵਿਰਤੀ ਨੂੰ ਪ੍ਰਭਾਵਿਤ ਕਰਨ ਵਾਲੇ ਬਹੁਤ ਸਾਰੇ ਤੱਤ ਹਨ । ਅਰਥ-ਸ਼ਾਸਤਰੀਆਂ ਵਿੱਚ ਇਸ ਗੱਲ ਤੇ ਮੱਤਭੇਦ ਹਨ । ਇਸ ਦਾ ਪ੍ਰਮਾਣ ਸਾਪੇਖਕ-ਉਪਭੋਗ-ਆਮਦਨ ਸਿਧਾਂਤ (Relative Income Hypothesis) ਅਤੇ ਪੱਕੀ ਆਮਦਨ ਉਪਭੋਗ ਸਿਧਾਂਤ (Permanent Income Hypothesis) ਅਤੇ ਅਲਪਕਾਲੀ ਅਤੇ ਦੀਰਘ ਕਾਲੀ ਉਪਭੋਗ ਫਲਣ (Short-Run and Long-Run Consumption) ਆਦਿ ਦੇ ਵਾਦ-ਵਿਵਾਦ ਤੋਂ ਮਿਲਦਾ ਹੈ । ਪਰੰਤੂ ਫਿਰ ਵੀ ਬਹੁਤ ਸਾਰੇ ਤੱਤ ਜਿਹੜੇ ਕਿਸੇ ਦੇਸ਼ ਜਾਂ ਵਿਅਕਤੀ ਦੇ ਉਪਭੋਗ ਖਰਚ ਨੂੰ ਪ੍ਰਭਾਵਿਤ ਕਰਦੇ ਹਨ, ਹੇਠ ਲਿਖੇ ਅਨੁਸਾਰ ਹਨ ।

ਉਹ ਸਾਰੇ ਤੱਤ ਜਿਹੜੇ ਕਿਸੇ ਵਿਅਕਤੀ ਦੇ ਬੱਚਤ ਪ੍ਰਤੀ ਸੁਭਾ ਨੂੰ ਪ੍ਰਭਾਵਿਤ ਕਰਦੇ ਹਨ ਉਪਭੋਗ ਅਤੇ ਬੱਚਤ ਨੂੰ ਵੀ ਪ੍ਰਭਾਵਿਤ ਕਰਦੇ ਹਨ ਕਿਉਂਕਿ ਜੇ ਇੱਕ ਵਿਅਕਤੀ ਆਪਣੀ ਆਮਦਨ ਦਾ ਵੱਧ ਹਿੱਸਾ ਬੱਚਤ ਕਰਦਾ ਹੈ ਤਾਂ ਅਵੱਸ਼ ਹੀ ਉਹ ਵਿਅਕਤੀ ਉਪਭੋਗ ਲਈ ਘੱਟ ਖਰਚ ਕਰ ਸਕੇਗਾ । ਬੱਚਤ ਪ੍ਰਤੀ ਸੁਭਾ, ਦੂਰਦਰਸ਼ਤਾ, ਕਿਸੇ ਕਾਰਜ ਨੂੰ ਪੂਰਾ ਕਰਨਾ, ਕਿਸੇ ਪੂੰਜੀਗਤ ਰਾਜ ਜਾਂ ਸੰਪਤੀ ਨੂੰ ਸਥਾਪਤ ਕਰਨਾ, ਭਵਿੱਖ ਵਿੱਚ ਵਿਆਜ ਰਾਹੀਂ ਆਮਦਨ ਕਮਾਉਣ ਦੀ ਇੱਛਾ, ਸਮਾਜ ਵਿੱਚ (ਅਮੀਰੀ ਕਰਕੇ) ਮਾਣ ਪ੍ਰਾਪਤ ਕਰਨ ਦੀ ਆਸ਼ਾ, ਬੁਢਾਪੇ ਵਿੱਚ ਲੋੜੀਂਦੀ ਆਮਦਨ ਪ੍ਰਾਪਤ ਕਰਨੀ, ਆਪਣੇ ਉੱਤਰ-ਅਧਿਕਾਰੀਆਂ ਲਈ ਚੰਗੀ ਜਾਇਦਾਦ ਛੱਡਣ ਦੀ ਇੱਛਾ ਆਦਿ ਬਹੁਤ ਸਾਰੇ ਉਦੇਸ਼ਾਂ ਤੇ ਨਿਰਭਰ ਕਰਦਾ ਹੈ । ਇਹ ਉਦੇਸ਼ ਮਨੁੱਖ ਅਨੁਸਾਰ ਬਦਲਦੇ ਰਹਿੰਦੇ ਹਨ । ਇਸ ਦੇ ਮੁਕਾਬਲੇ ਹੋਰ ਵੀ ਬਹੁਤ ਸਾਰੇ ਤੱਤ ਹਨ ਜਿਹੜੇ ਉਪਭੋਗ ਖਰਚ ਨੂੰ ਪ੍ਰਭਾਵਿਤ ਕਰਦੇ ਹਨ । ਇਹ ਹਨ ਆਮਦਨ ਪੱਧਰ, ਆਮਦਨ ਵੰਡ, ਭਵਿੱਖ ਵਿੱਚ ਆਮਦਨ ਦੀ ਆਸ, ਪਿਛਲੇ ਸਮੇਂ ਵਿੱਚ ਆਮਦਨ, ਵਰਤਮਾਨ ਵਿੱਚ ਆਮਦਨ, ਕੀਮਤ ਪੱਧਰ, ਕਰਾਂ ਦਾ ਭਾਰ ਤੇ ਕਿਸਮ, ਉਧਾਰ ਦੀ ਪ੍ਰਾਪਤੀ, ਵਸਤਾਂ ਦੀ ਪ੍ਰਾਪਤੀ, ਦੇਸ਼ ਵਿੱਚ ਕੁੱਲ ਧਨ, ਰਿਣ ਪੱਤਰਾਂ ਅਤੇ ਹਿੱਸਿਆਂ ਤੋਂ ਆਮਦਨ, ਵਿਆਜ ਦਰ, ਨਿਰਬਾਹ ਪੱਧਰ, ਸਰਕਾਰੀ ਖਰਚ, ਕਾਰਪੋਰੇਸ਼ਨਾਂ ਦੀ ਡੀਵੀਡੈਂਡ ਨੀਤੀ ਆਦਿ ਬਹੁਤ ਸਾਰੇ ਤੱਤ ਹਨ । ਅਸਲ ਵਿੱਚ ਕੋਈ ਵੀ ਤੱਤ ਜਿਹੜਾ ਸਾਨੂੰ ਵੱਧ ਬੱਚਤ ਲਈ ਉਕਸਾਉਂਦਾ ਹੈ ਜਾਂ ਕੋਈ ਵੀ ਤੱਤ ਜਿਹੜਾ ਸਾਨੂੰ ਘੱਟ ਖਰਚ ਲਈ ਮਜ਼ਬੂਰ ਕਰਦਾ ਜਾਂ ਉਕਸਾਉਂਦਾ ਹੈ ਉਹ ਉਪਭੋਗ ਖਰਚੇ ਨੂੰ ਘਟਾਉਂਦਾ ਹੈ । ਉਦਾਹਰਣ ਵਜੋਂ, ਉੱਚਾ ਵਿਆਜ ਦਰ, ਬੱਚਤ ਲਈ ਉਕਸਾਉਂਦਾ ਹੈ ਦੂਜੇ ਪਾਸੇ ਆਮਦਨ ਵਿੱਚ ਘਾਟਾ, ਘੱਟ ਖਰਚ ਲਈ ਮਜ਼ਬੂਰ ਕਰਦਾ ਹੈ ਅਤੇ ਉਸੇ ਹੱਦ ਤਕ ਉਪਭੋਗ ਖਰਚ ਵੀ ਘਟਦਾ ਹੈ ਅਤੇ ਇਸ ਦੇ ਉਲਟ ਉਪਭੋਗ ਖਰਚ ਵਧਦਾ ਹੈ ।

ਜਿੱਥੋਂ ਤੱਕ ਇਨ੍ਹਾਂ ਧਾਰਨਾਵਾਂ ਦੀ ਮਹੱਤਤਾ ਦਾ ਸਵਾਲ ਹੈ ਅਸੀਂ ਕਹਿ ਸਕਦੇ ਹਾਂ ਕਿ ਕੇਨਜ਼ ਦੇ ਰੁਜ਼ਗਾਰ ਸਿਧਾਂਤ ਦੇ ਆਧਾਰ ਦੇ ਤੌਰ ਤੇ ਅਤੇ ਕਲਾਸੀਕਲ ਅਰਥ ਸ਼ਾਸਤਰੀਆਂ ਦੇ ਸਿਧਾਂਤ ਨੂੰ ਖੰਡਨ ਕਰਨ ਲਈ ਉਪਭੋਗ ਪ੍ਰਵਿਰਤੀ ਦੀ ਧਾਰਣਾ ਇੱਕ ਮੁੱਖ ਹਥਿਆਰ ਹੈ ।ਇਸ ਧਾਰਣਾ ਰਾਹੀਂ ਸਭ ਤੋਂ ਪਹਿਲਾਂ ਕੇਨਜ਼ ਨੇ ਕਲਾਸੀਕਲ ਅਰਥ ਸ਼ਾਸਤਰੀਆਂ ਦੇ ਇਸ ਸਿਧਾਂਤ ਕਿ 'ਪੂਰਤੀ ਆਪਣੀ ਮੰਗ ਆਪ ਪੈਦਾ ਕਰਦੀ ਹੈ' ਦਾ ਖੰਡਨ ਕੀਤਾ, ਸਰਕਾਰੀ ਦਖ਼ਲ ਅੰਦਾਜ਼ੀ ਨੂੰ ਵੀ ਇਸੇ ਸਿਧਾਂਤ ਨਾਲ ਯੋਗ ਦੱਸਿਆ ਹੈ, ਨਿਵੇਸ਼ ਦੀ ਮਹੱਤਤਾ ਦੱਸਣ ਲਈ ਗੁਣਕ ਦੇ ਕੰਮ ਕਰਨ ਅਤੇ ਉਸ ਦੀ ਸ਼ਕਤੀ ਦਾ ਨਿਰਭਰ ਇਸੇ ਸਿਧਾਂਤ ਉੱਪਰ ਆਧਾਰਿਤ ਦੱਸਿਆ ਹੈ । ਵਪਾਰ ਚੱਕਰਾਂ ਦੇ ਉਤਰਾਅ ਚੜਾਅ ਦੀ ਕ੍ਰਿਆ ਨੂੰ ਦੱਸਣ ਲਈ ਵੀ ਇਸੇ ਧਾਰਨਾ ਦਾ ਪ੍ਰਯੋਗ ਕੀਤਾ, ਸਰਕਾਰੀ-ਨੀਤੀਆਂ ਬਣਾਉਣ ਲਈ ਵੀ ਇਸ ਧਾਰਨਾ ਦਾ ਪ੍ਰਯੋਗ ਕੀਤਾ ਜਾਂਦਾ ਹੈ, ਵਪਾਰ ਚੱਕਰਾਂ ਦੇ ਮੋੜ ਬਿੰਦੂਆਂ ਬਾਰੇ ਸਪਸ਼ਟੀਕਰਨ ਵੀ ਇਸੇ ਧਾਰਣਾ ਰਾਹੀਂ ਕੀਤਾ ਆਦਿ ।

ਉੱਪਰ ਦਿੱਤਾ ਵਿਸ਼ਲੇਸ਼ਣ ਮੁੱਖ ਤੌਰ ਤੇ ਕੇਨਜ਼ ਦੇ ਵਿਚਾਰਾਂ ਤੇ ਆਧਾਰਿਤ ਹੈ ਜਿਸ ਨੂੰ ਕੁੱਲ ਆਮਦਨ-ਉਪਭੋਗ ਸਿਧਾਂਤ (Absolute Income Hypothesis) ਕਰਕੇ ਜਾਣਿਆ ਜਾਂਦਾ ਹੈ। ਪਰੰਤੂ ਕੇਨਜ਼ ਤੋਂ ਪਿਛੋਂ ਵਿਵਹਾਰ (empirical) ਦੇ ਅਧਿਐਨ ਦੇ ਆਧਾਰ ਤੇ ਹੋਰ ਕਈ ਉਪਭੋਗ ਫਲਣਾਂ ਦੀ ਧਾਰਨਾ ਦਿੱਤੀ ਗਈ ਹੈ ਜਿਨ੍ਹਾਂ ਵਿੱਚ ਪ੍ਰੋ. ਡਿਊਜ਼ਨਬਰੀ ਅਤੇ ਫਰੀਡਮੈਨ ਵੱਲੋਂ ਦਿੱਤੇ ਉਪਭੋਗ ਫਲਣ ਬਹੁਤ ਪ੍ਰਸਿੱਧ ਹਨ। ਇਨ੍ਹਾਂ ਫਲਣਾਂ ਨੂੰ ਸੰਖੇਪ ਵਿੱਚ ਹੇਠ ਲਿਖੇ ਅਨੁਸਾਰ ਦੱਸਿਆ ਜਾ ਸਕਦਾ ਹੈ :

### 1.6.3 ਸਾਪੇਖਕ ਆਮਦਨ ਉਪਭੋਗ ਫਲਣ (Relative Income Hypothesis)

ਕੇਨਜ਼ ਦਾ ਉਪਭੋਗ ਫਲਣ ਦੋ ਮੁੱਖ ਮਾਨਤਾਵਾਂ ਤੇ ਆਧਾਰਿਤ ਹੈ। ਪਹਿਲੀ, ਕਿ ਉਪਭੋਗ ਖਰਚ ਵਰਤਮਾਨ ਆਮਦਨ ਤੇ ਨਿਰਭਰ ਕਰਦਾ ਹੈ। ਭਾਵ, ਜੇ ਇਹ ਵਧਦੀ ਹੈ ਤਾਂ ਉਪਭੋਗ ਖਰਚ ਵੀ ਵਧਦਾ ਹੈ, ਜੇ ਆਮਦਨ ਘਟਦੀ ਹੈ ਤਾਂ ਉਪਭੋਗ ਖਰਚ ਵੀ ਘਟਦਾ ਹੈ। ਭਾਵ ਇਹ ਆਮਦਨ ਅਨੁਸਾਰ ਘੱਟਦਾ ਵਧਦਾ ਹੈ, ਪਰ ਅਜਿਹਾ ਨਹੀਂ। ਵੇਖਣ ਵਿੱਚ ਇਹ ਆਉਂਦਾ ਹੈ ਕਿ ਜੇ ਆਮਦਨ ਵਧਦੀ ਹੈ ਤਾਂ ਉਪਭੋਗ ਖਰਚ ਵੀ ਵਧਦਾ ਹੈ, ਪਰ ਜੇ ਆਮਦਨ ਘਟਦੀ ਹੈ ਤਾਂ ਲੋਕ ਛੇਤੀ (ਜਦੋਂ ਤਕ ਉਹ ਮਜ਼ਬੂਰ ਨਾ ਹੋ ਜਾਣ) ਆਪਣੇ ਉਪਭੋਗ ਖਰਚੇ ਨੂੰ ਨਹੀਂ ਘਟਾਉਂਦੇ।

ਦੂਜੀ ਮਾਨਤਾ ਇਹ ਹੈ ਕਿ ਹਰ ਵਿਅਕਤੀ ਦਾ ਉਪਭੋਗ ਖਰਚਾ ਦੂਜੇ ਕਿਸੇ ਹੋਰ ਵਿਅਕਤੀ ਦੇ ਖਰਚੇ ਤੋਂ ਪ੍ਰਭਾਵਿਤ ਨਹੀਂ ਹੁੰਦਾ ਜਦੋਂ ਕਿ ਵਾਸਤਵਿਕ ਜ਼ਿੰਦਗੀ ਵਿੱਚ ਅਸੀਂ ਵੇਖਦੇ ਹਾਂ ਕਿ ਵਿਅਕਤੀ ਜਾਂ ਕਿਸੇ ਇੱਕ ਗਰੁੱਪ ਦਾ ਉਪਭੋਗ ਖਰਚਾ, ਕਿਸੇ ਦੂਜੇ ਗਰੁੱਪ ਤੋਂ ਪ੍ਰਭਾਵਿਤ ਹੁੰਦਾ ਹੈ। ਭਾਵ, ਇੱਕ ਵਿਅਕਤੀ ਜੋ ਆਪਣੇ ਨਾਲੋਂ ਉੱਚੀ ਆਮਦਨ ਵਾਲੇ ਵਿਅਕਤੀ ਦੀ ਕਾਲੋਨੀ ਵਿੱਚ ਰਹਿੰਦਾ ਹੈ, ਉਸ ਨੂੰ ਆਮਦਨ ਘੱਟ ਹੁੰਦੇ ਹੋਏ ਵੀ ਉੱਚੀ ਆਮਦਨ ਵਾਲੇ ਲੋਕਾਂ ਵਾਂਗ ਖਰਚ ਕਰਨਾ ਪੈਂਦਾ ਹੈ। ਇਵੇਂ ਹੀ ਜੇ ਇੱਕ ਵਿਅਕਤੀ ਦੀ ਆਮਦਨ ਭੂਤਕਾਲ ਵਿੱਚ ਵੱਧ ਸੀ ਅਤੇ ਉਸ ਦਾ ਨਿਰਬਾਹ ਪੱਧਰ ਉਸ ਅਨੁਸਾਰ ਬਣਿਆ ਹੋਇਆ ਹੈ ਤਾਂ ਹੁਣ ਵਰਤਮਾਨ ਵਿੱਚ ਵੀ ਉਹ ਵਿਅਕਤੀ ਆਮਦਨ ਦੇ ਮੁਕਾਬਲੇ ਵੱਧ ਖਰਚ ਕਰੇਗਾ, ਕਿਉਂਕਿ ਉਸ ਨੂੰ ਆਪਣੇ ਉਪਭੋਗ ਖਰਚੇ (ਜਿਸ ਦਾ ਉਹ ਆਦੀ ਹੋ ਚੁਕਿੱਆ ਹੈ), ਵਿਚ ਕਟੌਤੀ ਕਰਨੀ ਔਖੀ ਹੈ।

ਇਨ੍ਹਾਂ ਗੱਲਾਂ ਨੂੰ ਵੇਖਦੇ ਹੋਏ ਬਹੁਤ ਸਾਰੇ ਅਰਥ ਸ਼ਾਸਤਰੀਆਂ ਨੇ, ਜਿਨ੍ਹਾਂ ਵਿੱਚ ਪ੍ਰੋ. ਸਾਈਮਨ ਕੁਜ਼ਨੇਟਸ, ਗੋਲਡ ਸਮਿੱਥ, ਹਿਕਸ ਆਦਿ ਅਰਥ ਸ਼ਾਸਤਰੀਆਂ ਨੇ ਕੇਨਜ਼ ਦੇ ਸਿਧਾਂਤ ਵਿੱਚ ਵਿਰੋਧਤਾ (contradiction) ਪਾਈ ਅਤੇ ਅਰਥ ਸ਼ਾਸਤਰੀਆਂ ਵਿੱਚ ਇਸ ਗੱਲ ਤੇ ਮਤਭੇਦ ਪੈਦਾ ਹੋ ਗਿਆ ਕਿ ਆਮਦਨ ਅਤੇ ਉਪਭੋਗ ਵਿੱਚ ਸੰਬੰਧ ਅਨੁਪਾਤਕ (proportional) ਹੈ ਜਾਂ ਅਣ-ਅਨੁਪਾਤਕ (non-proportional) ਹੈ। ਇਨ੍ਹਾਂ ਸਵਾਲਾਂ ਦਾ ਜਵਾਬ ਦੇਣ ਲਈ ਪ੍ਰੋ. ਡਿਊਜਨਬਰੀ ਨੇ ਸਾਪੇਖਕ ਆਮਦਨ ਦਾ ਸਿਧਾਂਤ ਦਿੱਤਾ ਅਤੇ ਦੱਸਿਆ ਕਿ ਇਸ ਵਾਦ ਵਿਵਾਦ ਦਾ ਅਸਲੀ ਕਾਰਣ, ਭਾਵ ਆਮਦਨ ਉਪਭੋਗ ਸੰਬੰਧ ਅਨੁਪਾਤਕ ਹੈ ਜਾਂ ਅਣ-ਅਨੁਪਾਤਕ, ਇਹ ਹੈ ਕਿ ਆਮਦਨ ਦੀ ਪ੍ਰਾਪਤੀ ਅਤੇ ਉਪਭੋਗ ਖਰਚੇ ਵਿੱਚ ਕੁਝ ਅੰਤਰ ਹੁੰਦਾ ਹੈ। ਇਹੋ ਕਾਰਣ ਹੈ ਕਿ ਅਲਪ ਕਾਲ ਵਿੱਚ ਆਮਦਨ-ਉਪਭੋਗ ਸੰਬੰਧ ਅਣ-ਅਨੁਪਾਤਕ, ਅਤੇ ਲੰਮੇ ਸਮੇਂ ਵਿੱਚ ਅਨੁਪਾਤਕ ਹੁੰਦਾ ਹੈ।

ਸਾਪੇਖਕ ਆਮਦਨ ਸਿਧਾਂਤ ਅਨੁਸਾਰ ਲੋਕਾਂ ਦਾ ਉਪਭੋਗ ਖਰਚ ਅਤੇ ਬੱਚਤ ਉਨ੍ਹਾਂ ਦੀ ਵਰਤਮਾਨ ਆਮਦਨ ਤੇ ਨਿਰਭਰ ਨਾ ਹੋ ਕੇ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਉਹ ਬਹੁਤ ਸਾਰੇ ਆਮਦਨ ਵਰਗਾਂ ਵਿੱਚੋਂ ਕਿਹੜੇ ਵਰਗ ਵਿੱਚ ਪੈਂਦੇ ਹਨ, ਉਨ੍ਹਾਂ ਦੀ ਪਿਛਲੇ ਸਮੇਂ ਵਿੱਚ ਆਮਦਨ ਕਿੰਨੀ ਸੀ ਅਤੇ ਉਨ੍ਹਾਂ ਵਰਗੇ ਟੱਬਰਾਂ ਦਾ ਉਪਭੋਗ ਖਰਚ ਕਿੰਨਾ ਹੈ।

ਪ੍ਰੋ. ਡਿਊਜ਼ਨਬਰੀ ਵੱਲੋਂ ਦਿੱਤੇ ਉਪਭੋਗ ਫਲਣ ਨੂੰ ਹੇਠ ਦਿੱਤੀ ਸਮੀਕਰਨ ਵਿੱਚ ਲਿਖਿਆ ਜਾ ਸਕਦਾ ਹੈ :

$$St/yt = a\left(\frac{y - y_t}{y_o}\right) + b$$

ਇਸ ਸਮੀਕਰਨ ਵਿੱਚ

St = ਵਰਤਮਾਨ ਸਮੇਂ ਦੀ ਬੱਚਤ

Yt = ਵਰਤਮਾਨ ਸਮੇਂ ਦੀ ਆਮਦਨ


Yo = ਪਿਛਲੇ ਸਮੇਂ ਵਿੱਚ ਪ੍ਰਾਪਤ ਕੀਤੀ ਵੱਧ ਤੋਂ ਵੱਧ ਆਮਦਨ

t = ਤੋਂ ਭਾਵ ਸਮਾਂ, ਅਤੇ

a ਅਤੇ b = ਸਥਿਰ ਨਿਊਮੈਰੀਕਲ (constant numerical) ਹਨ ।

ਇਸ ਸਮੀਕਰਨ ਦਾ ਭਾਵ ਹੈ ਕਿ ਬੱਚਤ ਪ੍ਰਵਿਰਤੀ (APS) ਵਰਤਮਾਨ ਸਮੇਂ ਵਿੱਚ ਆਮਦਨ ਅਤੇ ਪਿਛਲੇ ਸਮੇਂ ਵਿੱਚ ਵੱਧ ਤੋਂ ਵੱਧ ਪ੍ਰਾਪਤ ਕੀਤੀ ਆਮਦਨ ਦੇ ਅਨੁਪਾਤ (yt/yo) ਤੇ ਨਿਰਭਰ ਕਰਦੀ ਹੈ । ਇਸ ਦਾ ਭਾਵ ਇਹ ਹੈ ਕਿ ਜੇ (Yt/Yo) ਸਥਿਰ ਰਹਿੰਦੀ ਹੈ ਤਾਂ (St/Yt) ਵੀ ਸਥਿਰ ਰਹੇਗੀ । ਪਰੰਤੂ ਜੇ ਵਰਤਮਾਨ ਸਮੇਂ ਵਿੱਚ ਆਮਦਨ (Yt) ਪਿਛਲੇ ਸਮੇਂ ਵਿੱਚ ਪ੍ਰਾਪਤ ਕੀਤੀ ਆਮਦਨ (Yo) ਨਾਲੋਂ ਘੱਟ ਹੈ ਤਾਂ (St/Yt) ਵਿੱਚ ਘਾਟਾ ਆਵੇਗਾ । ਇਹੋ ਕਾਰਣ ਹੈ ਕਿ ਆਰਥਿਕ ਮੰਦੇ ਦੇ ਸਮੇਂ ਵਿਚ ਵਰਤਮਾਨ ਆਮਦਨ (Yt) ਪਿਛਲੇ ਸਮੇਂ ਦੀ ਆਮਦਨ (Yo) ਨਾਲੋਂ ਘੱਟ ਹੁੰਦੀ ਹੈ ਤਾਂ (St/Yt) ਡਿੱਗਦੀ ਹੈ । ਇਸ ਦਾ ਭਾਵ ਇਹ ਹੋਇਆ ਕਿ ਵਰਤਮਾਨ ਸਮੇਂ ਵਿੱਚ ਉਪਭੋਗ ਪ੍ਰਵਿਰਤੀ (Ct/Yt) ਵਧਦੀ ਹੈ ਅਤੇ ਆਰਥਿਕ ਮੋੜ ਅਤੇ ਵਪਾਰ ਚੱਕਰ ਦੇ ਚੜ੍ਹਾਅ ਵਾਲੇ ਚਰਨ ਵਿੱਚ (Yt>Yo) ਹੋਣ ਕਰਕੇ (ct/Yt) ਵਧਦੀ ਹੈ ।


ਡਿਊ




ਮਾ ਜਾ ਸਕਦਾ ਹੈ :

ਉੱਤੇ ਦਿੱਤੇ ਚਿੱਤਰ ਵਿੱਚ oX ਬਾਹੀ ਤੇ ਸਮੇਂ ਅਤੇ oY ਬਾਹੀ ਤੇ ਆਮਦਨ ਅਤੇ ਉਪਭੋਗ ਖਰਚ ਨੂੰ ਵਿਖਾਇਆ ਗਿਆ ਹੈ ਅਤੇ c, $c_1$ ਅਤੇ Y, $Y_1$ ਵਕਰਾਂ ਕਰਮ ਅਨੁਸਾਰ ਉਪਭੋਗ ਤੇ ਆਮਦਨ ਵਕਰਾਂ ਹਨ । ਵਪਾਰ ਚੱਕਰਾਂ ਦੇ ਸਮੇਂ, ਜਿਸ ਸਮੇਂ ਆਮਦਨ ਵਧਦੀ ਹੈ ਤਾਂ ਉਪਭੋਗ ਖਰਚਾ ਵੀ ਵਧਦਾ ਹੈ (ਵੇਖੋ $Y_1c_1$ ਵਕਰਾਂ) ਅਤੇ ਜਦੋਂ ਆਮਦਨ ਘਟਦੀ ਹੈ ਤਾਂ ਉਪਭੋਗ ਖਰਚਾ ਵੀ ਘਟਦਾ ਹੈ । ਪਰੰਤੂ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਆਮਦਨ ਵਧਦੀ ਹੈ ਤਾਂ ਉਪਭੋਗ ਖਰਚਾ ਵੀ ਤੇਜ਼ੀ ਨਾਲ ਅਤੇ ਤੁਰੰਤ ਵਧਦਾ ਹੈ ਪਰੰਤੂ ਜਦੋਂ ਆਮਦਨ ਡਿੱਗਦੀ ਹੈ ਤਾਂ ਉਪਭੋਗ ਖਰਚ ਤੁਰੰਤ ਨਹੀਂ ਡਿੱਗਦਾ ਤੇ ਜਦੋਂ ਡਿੱਗਦਾ ਹੈ ਤਾਂ ਹੌਲੀ ਹੌਲੀ ਤੇ ਘੱਟ ਦਰ ਨਾਲ (ਵੇਖੋ $c_1$ ਵਕਰ) । ਸਪਸ਼ਟ ਹੈ ਕਿ ਡਿੱਗਦੀ ਆਮਦਨ ਦੇ ਸਮੇਂ ਵੱਧ ਉਪਭੋਗ ਖਰਚ ਅਤੇ ਵਧਦੀ ਆਮਦਨ ਸਮੇਂ ਘਟਦਾ ਉਪਭੋਗ ਖਰਚ ਅਰਥਾਤ ਅਨੁਪਾਤ ਨਾਲੋਂ ਘੱਟ ਹੈ (less than proportionate) ਪਰੰਤੂ ਜੇ ਆਮਦਨ ਸਥਿਰ ਰਹਿੰਦੀ ਹੈ । ਜਿਵੇਂ y ਵਕਰ ਦੱਸਦੀ ਹੈ ਤਾਂ ਉਪਭੋਗ ਖਰਚ ਵੀ ਸਥਿਰ ਰਹਿੰਦਾ ਹੈ ਜਿਵੇਂ c ਵਕਰ ਦੱਸਦੀ ਹੈ ।

ਸਾਪੇਖਕ-ਆਮਦਨ ਉਪਭੋਗ ਸਿਧਾਂਤ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਅਲਪ ਕਾਲ ਵਿੱਚ ਆਮਦਨ ਉਪਭੋਗ ਸੰਬੰਧ ਅਣ-ਅਨੁਪਾਤਕ ਹੁੰਦੇ ਹਨ ਤੇ ਲੰਮੇ ਸਮੇਂ ਲਈ ਅਨੁਪਾਤਕ । ਇਸ ਨੂੰ ਅਸੀਂ ਅੱਗੇ ਦਿੱਤੇ ਚਿੱਤਰ ਰਾਹੀਂ ਸਪੱਸ਼ਟ ਕਰਦੇ ਹਾਂ :-




ਉੱਪਰ ਦਿੱਤੇ ਚਿੱਤਰ ਵਿੱਚ LR ਲੰਬੇ ਸਮੇਂ ਅਤੇ $SR_1$ $SR_2$ $SR_3$ ਅਲਪਕਾਲ ਸਮੇਂ ਦੇ ਉਪਭੋਗ ਫ਼ਲਣਾਂ ਨੂੰ ਦਰਸਾਉਂਦੇ ਹਨ। ਮੰਨ ਲਓ ਕਿ ਉਪਭੋਗੀ ਦੀ ਵਰਤਮਾਨ ਆਮਦਨ ਪੱਧਰ $OY_2$ ਹੈ ਅਤੇ ਉਪਭੋਗ $SR_2$ ਉਪਭੋਗ ਫ਼ਲਣ ਤੇ ਹੈ। ਹੁਣ ਜੇ ਉਪਭੋਗੀ ਦੀ ਆਮਦਨ $OY_1$ ਹੋ ਜਾਂਦੀ ਹੈ ਤਾਂ ਉਪਭੋਗੀ 'B' ਉਪਭੋਗ ਪੱਧਰ ਤੋਂ ਉੱਤਰ ਕੇ (LR ਵਕਰ ਰਾਹੀਂ 'A' ਉਪਭੋਗ ਬਿੰਦੂ $SR_1$ ਵਕਰ ਤੇ) ਨਹੀਂ ਆਉਂਦਾ ਸਗੋਂ B ਤੋਂ K ਬਿੰਦੂ ਵੱਲ ਜਾਵੇਗਾ ਕਿਉਂਕਿ ਉਹ ਪਹਿਲਾਂ ਤੋਂ ਵੱਧ ਆਮਦਨ ਅਤੇ ਉੱਚੇ ਉਪਭੋਗ ਖਰਚ ਦਾ ਆਦੀ ਹੋ ਚੁੱਕਿਆ ਹੈ ਤੇ ਉਸ ਲਈ ਆਮਦਨ ਦੇ ਘਟਣ ਉਪਰੰਤ ਉਪਭੋਗ ਖਰਚੇ ਨੂੰ ਉਸ ਅਨੁਸਾਰ ਹੀ ਘਟਾਉਣਾ ਬਹੁਤ ਔਖਾ ਹੈ। ਘੱਟ ਆਮਦਨ ਕਰਕੇ ਭਾਵੇਂ ਉਸ ਨੂੰ ਖਰਚ ਤਾਂ ਘਟਾਉਣਾ ਪੈਂਦਾ ਹੈ ਪਰ ਉਹ ਅਲਪਕਾਲੀ $SR_1$ ਉਪਭੋਗ ਫਲਣ ਤੇ ਨਹੀਂ ਉਤਰਦਾ। ਇਸ ਦੇ ਉਲਟ ਮੰਨ ਲਓ ਉਸ ਦੀ ਆਮਦਨ ਵੱਧ ਕੇ $oY_2$ ਤੋਂ $oY_3$ ਹੋ ਜਾਂਦੀ ਹੈ ਤਾਂ ਸਾਡਾ ਕਲਪਤ ਉਪਭੋਗੀ $SR_2$ ਉਪਭੋਗ ਫਲਣ ਤੇ B ਤੋਂ D ਉੱਪਰ ਨਹੀਂ ਜਾਵੇਗਾ ਸਗੋਂ B ਤੋਂ LR ਉਪਭੋਗ ਫ਼ਲਣ ਤੇ C ਬਿੰਦੂ ਉੱਪਰ ਜਾਵੇਗਾ ਕਿਉਂਕਿ ਵਧੀ ਹੋਈ ਆਮਦਨ ਕਰਕੇ ਉਹ ਵੱਧ ਉਪਭੋਗ ਕਰਨਾ ਚਾਹੁੰਦਾ ਹੈ। ਡਿਊਜਨਬਰੀ ਅਨੁਸਾਰ, ਇਸ ਦਾ ਕਾਰਣ ਇਹ ਹੈ ਕਿ ਲੰਬੇ ਸਮੇਂ ਵਿੱਚ ਜਿਸ ਸਮੇਂ ਸਾਰੇ ਵਿਅਕਤੀਆਂ ਜਾਂ ਵਰਗਾਂ ਦੀ ਆਮਦਨ ਵਧਦੀ ਹੈ ਤਾਂ ਹਰ ਵਿਅਕਤੀ ਜਾਂ ਵਰਗ ਆਪਣੇ-ਆਪ ਉਪਭੋਗ ਖਰਚੇ ਦੇ ਪੱਖ ਤੋਂ ਆਪਣੀ ਸਾਪੇਖਿਕ ਪੋਜ਼ੀਸ਼ਨ ਜਾਂ ਸਥਿਤੀ (relative position) ਕਾਇਮ ਰੱਖਣ ਲਈ ਵੱਧ ਖਰਚ ਕਰਦਾ ਹੈ। ਇਸ ਲਈ ਆਮਦਨ ਦੇ ਵਧਣ-ਘਟਣ ਨਾਲ ਉਪਭੋਗ ਘਟਦਾ-ਵਧਦਾ ਹੈ, ਪਰ ਆਮਦਨ ਘਟਣ ਨਾਲ ਘਟਦਾ ਜ਼ਰੂਰ ਹੈ ਪਰ ਉਨਾਂ ਨਹੀਂ (ਜਿੰਨਾਂ ਆਮਦਨ ਵਿੱਚ ਘਾਟਾ)। ਇਸ ਦਾ ਕਾਰਣ ਹਰਟ ਦੇ ਕੁੱਤੇ ਵਾਲਾ ਪ੍ਰਭਾਵ (Ratchet Effect) ਹੈ।

ਪ੍ਰੋ: ਡਿਊਜਨਬਰੀ ਦੇ ਇਸ ਸਿਧਾਂਤ ਨਾਲ ਪ੍ਰੋ. ਮੋਦਇਗਲਿਆਨੀ (Prof Modigliani) ਭੀ ਸਹਿਮਤ ਹੈ:

ਪ੍ਰੋ: ਡਿਊਜਨਬਰੀ ਦੇ ਲੰਬੇ ਅਤੇ ਅਲਪਕਾਲੀ ਉਪਭੋਗ ਫਲਣ ਨੂੰ ਹੇਠ ਲਿਖੇ ਅਨੁਸਾਰ ਵੀ ਲਿਖਿਆ ਜਾ ਸਕਦਾ ਹੈ।

$y_p = ay + by$

ਇਸ ਸਮੀਕਰਨ ਵਿੱਚ a ਵਰਤਮਾਨ ਉਪਭੋਗ ਆਮਦਨ ਅਨੁਪਾਤ ਨੂੰ ਦੱਸਦਾ ਹੈ ਅਤੇ b ਪਿਛਲੇ ਸਮੇਂ ਦੀ ਉੱਚੀ ਤੋਂ ਉੱਚੀ ਉਪਭੋਗ ਆਮਦਨ ਅਨੁਪਾਤ ਨੂੰ, ਅਤੇ ਇਹ ਸਥਿਰ ਹਨ ਅਤੇ $Y_t$ ਵਰਤਮਾਨ ਆਮਦਨ ਅਤੇ $Y_o$ ਪਿਛਲੇ ਸਮੇਂ ਦੀ ਉੱਚੀ ਤੋਂ ਉੱਚੀ ਆਮਦਨ ਨੂੰ ਦਰਸਾਉਂਦਾ ਹੈ ।

### 1.6.4 ਸਥਾਈ ਆਮਦਨ ਉਪਭੋਗ ਸਿਧਾਂਤ (Permanent Income Hypothesis)

ਪ੍ਰੋ. ਫਰੀਡਮੈਨ ਨੇ ਉਪਭੋਗ ਖਰਚੇ ਨੂੰ ਸਥਾਈ ਆਮਦਨ ਨਾਲ ਜੋੜਿਆ ਹੈ, ਜਦੋਂ ਕਿ ਜਿਵੇਂ ਕਿ ਅਸੀਂ ਉੱਪਰ ਵੇਖਿਆ ਹੈ ਕਿ ਕੇਨਜ਼ ਇਸ ਨੂੰ ਵਰਤਮਾਨ ਆਮਦਨ ਨਾਲ ਅਤੇ ਡਿਊਜਨਬਰੀ ਸਾਪੇਖਕ ਆਮਦਨ ਤੇ ਆਧਾਰਿਤ ਮੰਨਦਾ ਹੈ ।

ਪ੍ਰੋ. ਫਰੀਡਮੈਨ ਸਥਾਈ ਆਮਦਨ (Permanent Income), ਵਾਸਤਵਿਕ (actual) ਜਾਂ ਗਿਣਤੀ ਵਿੱਚ ਆਈ ਆਮਦਨ (measured income) ਅਤੇ ਇਵੇਂ ਹੀ ਸਥਾਈ, ਵਾਸਤਵਿਕ ਅਤੇ ਗਿਣਤੀ ਵਿੱਚ ਆਏ ਉਪਭੋਗ ਖਰਚ ਦੀ ਗੱਲ ਕਰਦਾ ਹੈ । ਫਰੀਡਮੈਨ ਅਨੁਸਾਰ ਸਥਾਈ/ਵਾਸਤਵਿਕ/ਗਿਣਤੀ ਵਿੱਚ ਆਈ ਆਮਦਨ ਤੋਂ ਭਾਵ ਉਸ ਆਮਦਨ ਤੋਂ ਹੈ ਜਿਸ ਦਾ ਉਹ ਉਪਭੋਗ ਕਰ ਸਕਦਾ ਹੈ ਜਾਂ ਜਿਸ ਦਾ ਉਸ ਨੂੰ ਇਹ ਵਿਸ਼ਵਾਸ ਹੈ ਕਿ ਉਹ ਇਸਦਾ ਉਪਭੋਗ ਕਰ ਸਕਦਾ ਹੈ । ਵਾਸਤਵਿਕ ਆਮਦਨ ਦੇ ਦੋ ਭਾਗ ਹਨ । ਸਥਾਈ ਆਮਦਨ ($Y_{p)}$ ਅਤੇ ਬਦਲਦੀ (transitory) ਆਮਦਨ, ਜਿਸ ਨੂੰ $Y_t$ ਕਰਕੇ ਲਿਖਦੇ ਹਾਂ । ਬਦਲਦੀ ਆਮਦਨ ਤੋਂ ਭਾਵ ਉਸ ਆਮਦਨ ਤੋਂ ਹੈ ਜਿਸ ਦੇ ਪ੍ਰਾਪਤ ਹੋਣ ਦੀ ਉਪਭੋਗੀ ਨੂੰ ਆਸ ਨਾ ਹੋਵੇ ਪਰ ਪ੍ਰਾਪਤ ਹੋ ਜਾਵੇ ਜਾਂ ਆਮਦਨ ਵਿੱਚ ਘਾਟਾ, ਜਿਸ ਦੀ ਉਪਭੋਗੀ ਨੇ ਕਿਸੇ ਵੀ ਸਮੇਂ ਸੰਭਾਵਨਾ ਨਾ ਕੀਤੀ ਹੋਵੇ, ਪਰ ਹੋ ਜਾਵੇ, ਤੋਂ ਹੈ । ਜਾਂ ਇਹ ਕਹਿ ਲਵੋ ਕਿ ਸਥਾਈ ਆਮਦਨ ($Y_p$) ਤੋਂ ਭਾਵ ਪ੍ਰਾਪਤ ਹੋ ਚੁੱਕੀ ਆਮਦਨ ਅਤੇ ਬਦਲਦੀ ਆਮਦਨ ($Y_t$) ਤੋਂ ਭਾਵ ਅਚਾਨਕ ਘਟਦੀ-ਵਧਦੀ ਆਮਦਨ ਤੋਂ ਹੈ ।

ਫਰੀਡਮੈਨ ਇਵੇਂ ਹੀ ਸਥਾਈ ($C_p$) ਉਪਭੋਗ ਖਰਚ ਅਤੇ ਬਦਲਦੇ ਉਪਭੋਗ ਖਰਚ ($CY_t$) ਵਿੱਚ ਭੇਦ ਕਰਦਾ ਹੈ । ਸਥਾਈ ਉਪਭੋਗ ਖਰਚ ($C_t$) ਤੋਂ ਭਾਵ ਨਿਯੋਜਤ (planned) ਵਸਤਾਂ ਅਤੇ ਸੇਵਾਵਾਂ ਉੱਪਰ ਖਰਚ ਅਤੇ ਬਦਲਦਾ ਉਪਭੋਗ ਖਰਚ ($C_t$) ਤੋਂ ਭਾਵ ਉਸ ਖਰਚ ਤੋਂ ਹੈ ਜਿਹੜਾ ਇੱਕ ਉਪਭੋਗੀ ਪਹਿਲਾਂ ਤੋਂ ਹੀ ਨਿਯੋਜਿਤ ਨਹੀਂ ਕਰਦਾ ਸਗੋਂ ਅਚਾਨਕ ਹੀ ਕਿਸੇ ਕਾਰਣ ਵੱਧ ਜਾਂ ਘੱਟ ਖਰਚ ਕਰਦਾ ਹੈ । ਇਸ ਨੂੰ ਅਸੀਂ ਸਮੀਕਰਨ ਦੇ ਰੂਪ ਵਿੱਚ ਹੇਠ ਲਿਖੇ ਅਨੁਸਾਰ ਦੱਸ ਸਕਦੇ ਹਾਂ :

$Y_m = Y_p + Y_t$

$C_m = c_p + c_t$


ਇਥੇ m, p ਅਤੇ t ਤੋਂ ਭਾਵ ਕਰਮ ਅਨੁਸਾਰ ਗਿਣਤੀ ਵਿੱਚ ਆਈ ਸਥਾਈ, ਅਤੇ ਬਦਲਦੀ, y ਤੋਂ ਭਾਵ ਆਮਦਨ ਅਤੇ C ਤੋਂ ਭਾਵ ਉਪਭੋਗ ਖਰਚ ਤੋਂ ਹੈ ।

$CS = K\ [i, w, u]\ yp$

ਇਸ ਸਮੀਕਰਨ ਵਿੱਚ K ਤੋਂ ਭਾਵ ਅਨੁਪਾਤ, ਜਿਹੜੀ ਅਗੋਂ ਵਿਆਜ ਦਰ (i) ਮਨੁੱਖੀ ਅਤੇ ਗੈਰ-ਮਨੁੱਖੀ ਧਨ ਦੀ ਅਨੁਪਾਤ (W) ਅਤੇ ਲੋਕਾਂ ਦੇ ਸੁਭਾਅ, ਉਮਰ, ਰੁਚੀ ਆਦਿ (u) ਤੇ ਨਿਰਭਰ ਤੋਂ ਹੈ ।

ਫਰੀਡਮੈਨ ਅਨੁਸਾਰ ਲੰਮੇ ਸਮੇਂ ਵਿੱਚ ਉਪਭੋਗ ਖਰਚ, ਮੁੱਖ ਤੌਰ ਤੇ ਸਥਾਈ ਆਮਦਨ ਤੇ ਨਿਰਭਰ ਕਰਦਾ ਹੈ ਅਤੇ ਸਥਾਈ ਅਤੇ ਬਦਲਦੀ ਆਮਦਨ, ਸਥਾਈ ਅਤੇ ਬਦਲਦੇ ਉਪਭੋਗ ਖਰਚ ਵਿੱਚ ਕੋਈ ਸੰਬੰਧ ਨਹੀਂ । ਇਵੇਂ ਹੀ ਬਦਲਦੀ ਆਮਦਨ ਅਤੇ ਬਦਲਦੇ ਉਪਭੋਗ ਖਰਚੇ ਵਿੱਚ ਕੋਈ ਸੰਬੰਧ ਨਹੀਂ । ਇਸ ਨੂੰ ਅਸੀਂ ਹੇਠ ਲਿਖੇ ਅਨੁਸਾਰ ਲਿਖ ਸਕਦੇ ਹਾਂ :

$Y_p Y_t$ ਦਾ ਆਪੋ ਵਿੱਚ ਕੋਈ ਸੰਬੰਧ ਨਹੀਂ ।




$C_pC_t$ ਦਾ ਆਪੋ ਵਿੱਚ ਕੋਈ ਸੰਬੰਧ ਨਹੀਂ ।

$Y_pC_t$ ਦਾ ਆਪੋ ਵਿੱਚ ਕੋਈ ਸੰਬੰਧ ਨਹੀਂ ।

ਉੱਪਰ ਦਿੱਤੀਆਂ ਤਿੰਨ ਸ਼ਰਤਾਂ ਦੇ ਹੁੰਦੇ ਹੋਏ ਫਰੀਡਮੈਨ ਦੇ ਉਪਭੋਗ ਫਲਣ ਨੂੰ ਅੱਗੇ ਦਿੱਤੇ ਚਿੱਤਰ ਨਾਲ ਸਪਸ਼ਟ ਕੀਤਾ ਜਾ ਸਕਦਾ ਹੈ :

ਉੱਪਰ ਦਿੱਤੇ ਚਿੱਤਰ ਵਿੱਚ OX ਬਾਹੀ ਤੇ ਆਮਦਨ ਅਤੇ OY ਬਾਹੀ ਤੇ ਉਪਭੋਗ ਖਰਚ ਨੂੰ ਲੈਂਦੇ ਹਾਂ । $C_1C_2C_3$ ਅਲਪਕਾਲੀ ਉਪਭੋਗ ਫਲਣ ਹਨ ਅਤੇ LM ਦੀਰਘਕਾਲੀ ਉਪਭੋਗ ਫਲਣ ਨੂੰ ਦਰਸਾਉਂਦਾ ਹੈ । ਮੰਨ ਲਓ ਸ਼ੁਰੂ ਵਿੱਚ ਉਪਭੋਗੀ ਦੀ ਆਮਦਨ $OY_1$ ਹੈ ਉਸ ਸਮੇਂ ਉਪਭੋਗ ਖਰਚ $Y_1M$ ਹੈ । ਮੰਨ ਲਓ ਉਪਭੋਗੀ ਦੀ ਆਮਦਨ ਵਿੱਚ ਤਬਦੀਲੀ ਆਉਂਦੀ ਹੈ ਅਤੇ ਉਹ $OY_1$ ਤੋਂ ਘੱਟ ਹੈ ਤਾਂ ਸਾਡਾ ਕਲਪਤ ਉਪਭੋਗੀ LM ਵਕਰ ਤੇ ਹੇਠਾਂ ਉਤਰਨ ਦੀ ਥਾਂ $MC_1$ ਵਕਰ ਤੇ ਆਵੇਗਾ, ਭਾਵ, ਆਮਦਨ ਵਿੱਚ ਘਾਟੇ ਕਰਕੇ ਉਸ ਦਾ ਖਰਚ ਸਥਾਈ ਆਮਦਨ ਅਨੁਸਾਰ ਬਣਿਆ ਰਹਿੰਦਾ ਹੈ । ਇਵੇਂ ਹੀ ਜੇ ਉਪਭੋਗੀ ਦੀ ਆਮਦਨ ਵਿੱਚ ਮੁੜ ਵਾਧਾ ਹੁੰਦਾ ਹੈ ਤਾਂ ਉਹ ਅਲਪਕਾਲੀ $C_3$ ਉਪਭੋਗ ਫਲਣ ਤੇ ਚਲਿਆ ਜਾਵੇਗਾ, ਅਤੇ ਇਵੇਂ ਹੀ ਜੇ ਆਮਦਨ $OY_2$ ਤੋਂ ਵੱਧ ਕੇ $OY_3$ ਹੋ ਜਾਵੇ ਤਾਂ ਉਹ ਅਲਪਕਾਲੀ $RC_3$ ਉਪਭੋਗ ਫਲਣ ਵਕਰ ਤੇ ਚਲਿਆ ਜਾਵੇਗਾ ।

ਇਸ ਵਿੱਚ ਸ਼ੱਕ ਨਹੀਂ ਕਿ ਫਰੀਡਮੈਨ ਦਾ ਸਿਧਾਂਤ ਸਾਡੇ ਗਿਆਨ ਵਿੱਚ, ਉਪਭੋਗ ਫਲਣ ਬਾਰੇ ਵਾਧਾ ਕਰਦਾ ਹੈ । ਪਰ ਉਸ ਦਾ ਕਹਿਣਾ ਕਿ, ਆਮਦਨ ਬਦਲਣ ਕਾਰਣ ਉਪਭੋਗ ਖਰਚ ਵਿੱਚ ਕੋਈ ਤਬਦੀਲੀ ਨਹੀਂ ਆਉਂਦੀ, ਠੀਕ ਨਹੀਂ । ਉਦਾਹਰਣ ਵਜੋਂ, ਜੇ ਕਿਸੇ ਵਿਅਕਤੀ ਨੂੰ ਅਚਾਨਕ ਲਾਭ ਪ੍ਰਾਪਤ ਹੋ ਜਾਵੇ ਤਾਂ ਉਹ ਹੰਢਣਸਾਰ ਵਸਤਾਂ ਦੀ ਖਰੀਦ ਲਈ ਖਰਚ ਕਰਨਾ ਚਾਹੇਗਾ ਅਤੇ ਇਵੇਂ ਹੀ ਜੇ ਉਸ ਦੀ ਆਮਦਨ ਵਿੱਚ ਅਚਾਨਕ ਘਾਟਾ ਆ ਜਾਵੇ ਤਾਂ ਉਹ ਥੋੜ੍ਹਾ ਬਹੁਤ ਖਰਚ ਘਟਾਉਣ ਦੀ ਕੋਸ਼ਿਸ਼ ਜ਼ਰੂਰ ਕਰੇਗਾ । ਇਸ ਤੋਂ ਬਿਨਾਂ ਸਮੇਂ ਦੀ ਹੱਦ ਦੀ ਵੀ ਸਮੱਸਿਆ ਹੈ । ਕਿਸੇ ਵੀ ਵਿਅਕਤੀ ਦੀ ਸਥਾਈ ਆਮਦਨ ਇੱਕ ਨਿਸ਼ਚਿਤ ਸਮੇਂ ਵਿੱਚ ਹੀ ਹੋ ਸਕਦੀ ਹੈ ਅਤੇ ਸਮੇਂ ਦੇ ਬਦਲਣ ਨਾਲ ਸਥਾਈ ਆਮਦਨ ਵਿੱਚ ਵੀ ਤਬਦੀਲੀ ਆ ਸਕਦੀ ਹੈ, ਪਰੰਤੂ ਫਰੀਡਮੈਨ ਸਮੇਂ ਦੀ ਗੱਲ ਨਹੀਂ ਕਰਦਾ ।

**ਐਮ.ਏ. (ਅਰਥ-ਸ਼ਾਸਤਰ) ਭਾਗ ਪਹਿਲਾ** **ਪਰਚਾ ਦੂਜਾ**

**ਸਮੈਸਟਰ ਪਹਿਲਾ** **ਉਚੇਰਾ ਆਰਥਿਕ ਸਿਧਾਂਤ**

**ਪਾਠ ਨੰਬਰ : 1.7** **ਲੇਖਕ : ਡਾ. ਓ. ਪੀ. ਸ਼ਰਮਾ**

# ਨਿਵੇਸ਼ ਅਤੇ ਇਸ ਦੇ ਨਿਰਧਾਰਕ

1.7.1 ਭੂਮਿਕਾ

1.7.2 ਨਿਵੇਸ਼ ਦੀਆਂ ਕਿਸਮਾਂ

1.7.3 ਅਲਪਕਾਲੀ ਸੰਭਾਵਨਾਵਾਂ

1.7.4 ਦੀਰਘਕਾਲੀ ਸੰਭਾਵਨਾਵਾਂ

## 1.7.1 ਭੂਮਿਕਾ

ਹੁਣ ਤੱਕ ਅਸੀਂ ਇਹ ਜਾਣ ਚੁੱਕੇ ਹਾਂ ਕਿ ਕਿਸੇ ਦੇਸ਼ ਵਿੱਚ ਰੁਜ਼ਗਾਰ, ਉਤਪਾਦਨ ਅਤੇ ਆਮਦਨ ਪੱਧਰ ਪ੍ਰਭਾਵੀ ਮੰਗ ਤੇ ਨਿਰਭਰ ਕਰਦਾ ਹੈ ਅਤੇ ਪ੍ਰਭਾਵੀ ਮੰਗ ਅੱਗੋਂ ਕੁੱਲ ਮੰਗ ਅਤੇ ਕੁੱਲ ਪੂਰਤੀ ਤੇ ਨਿਰਭਰ ਕਰਦੀ ਹੈ । ਅਲਪ ਕਾਲ ਵਿੱਚ ਕੁੱਲ ਪੂਰਤੀ ਉਹੋ ਰਹਿੰਦੀ ਹੈ ਅਤੇ ਇਸ ਸਮੇਂ ਵਿੱਚ ਰੁਜ਼ਗਾਰ ਅਤੇ ਆਮਦਨ ਪੱਧਰ ਨੂੰ ਪ੍ਰਭਾਵਿਤ ਕਰਨ ਲਈ ਕੁੱਲ ਮੰਗ ਨੂੰ ਪ੍ਰਭਾਵਿਤ ਕਰਨ ਦੀ ਲੋੜ ਹੁੰਦੀ ਹੈ ।

ਕੁੱਲ ਮੰਗ ਅੱਗੋਂ ਦੋ ਪ੍ਰਕਾਰ ਦੇ ਖਰਚ–ਉਪਭੋਗ ਲਈ ਖਰਚ ਅਤੇ ਨਿਵੇਸ਼ ਖਰਚ ਤੇ ਨਿਰਭਰ ਕਰਦੀ ਹੈ । ਉਪਭੋਗ ਫਲਨ ਤੋਂ ਸਾਨੂੰ ਪਤਾ ਲਗਦਾ ਹੈ ਕਿ ਆਮਦਨ ਵਧਣ ਨਾਲ ਭਾਵੇਂ ਉਪਭੋਗ ਖਰਚ ਵੀ ਵਧਦਾ ਹੈ ਪਰ ਇਸ ਵਿੱਚ ਵਾਧਾ ਆਮਦਨ ਵਿੱਚ ਵਾਧੇ ਅਨੁਸਾਰ ਨਹੀਂ ਹੁੰਦਾ । ਭਾਵ, ਸੀਮਾਂਤ ਉਪਭੋਗ ਪ੍ਰਵਿਰਤੀ (marginal propensity to consume) ਘਟਦੀ ਜਾਂਦੀ ਹੈ । ਇਸ ਪ੍ਰਕਾਰ ਇਹ ਸਿੱਧ ਹੋ ਜਾਂਦਾ ਹੈ ਕਿ ਕੁੱਲ ਆਮਦਨ ਅਤੇ ਕੁੱਲ ਉਪਭੋਗ ਖਰਚ ਵਿੱਚ ਜਿਹੜੀ ਅੰਤਰ ਖਾਈ ਪੈਂਦੀ ਹੈ, ਇਸ ਨੂੰ ਨਿਵੇਸ਼ ਖਰਚੇ ਰਾਹੀਂ ਹੀ ਭਰਿਆ ਜਾ ਸਕਦਾ ਹੈ । ਇਸ ਤੋਂ ਬਿਨਾਂ ਸਾਨੂੰ ਇਹ ਵੀ ਪਤਾ ਹੈ ਕਿ ਆਮ ਤੌਰ ਤੇ ਉਪਭੋਗ ਖਰਚ ਵਿੱਚ ਛੇਤੀ ਛੇਤੀ ਉਤਾਰ ਚੜ੍ਹਾਅ ਨਹੀਂ ਆਉਂਦਾ, ਭਾਵ ਉਪਭੋਗ ਖਰਚ ਵਿੱਚ ਸਥਿਰਤਾ ਵੱਧ ਹੁੰਦੀ ਹੈ ਇਸ ਲਈ ਰੁਜ਼ਗਾਰ, ਆਮਦਨ ਅਤੇ ਉਤਪਾਦਨ ਵਿੱਚ ਸਥਿਰਤਾ ਲਿਆਉਣ ਵਾਲਾ ਖਰਚ ਨਿਵੇਸ਼ ਖਰਚ ਹੈ । ਇੱਕ ਹੋਰ ਪੱਖ ਤੋਂ ਵਿਚਾਰਦੇ ਹੋਏ ਅਸੀਂ ਵੇਖਦੇ ਹਾਂ ਕਿ ਜਿਸ ਸਮੇਂ ਕਿਸੇ ਦੇਸ਼ ਵਿੱਚ ਨਿਵੇਸ਼ ਦੀ ਮਾਤਰਾ ਵਧਾਈ ਜਾਂਦੀ ਹੈ ਇਸ ਨਾਲ ਆਮਦਨੀ ਵਧਦੀ ਹੈ ਪਰ ਆਮਦਨ ਵਿੱਚ ਵਾਧਾ ਇਥੇ ਹੀ ਸੀਮਤ ਨਹੀਂ ਹੁੰਦਾ, ਭਾਵ ਗੁਣਕ ਦੀ ਪ੍ਰਕ੍ਰਿਆ ਕਰਕੇ ਆਮਦਨ ਵਿੱਚ ਵਾਧਾ ਮੁੱਢਲੇ ਨਿਵੇਸ਼ ਵਿੱਚ ਵਾਧੇ ਨਾਲੋਂ ਕਈ ਗੁਣਾਂ ਵੱਧ ਹੁੰਦਾ ਹੈ ।ਇਸ ਪ੍ਰਕਾਰ ਆਮਦਨ ਵਿੱਚ ਵਾਧੇ ਲਈ ਕੇਵਲ ਥੋੜ੍ਹਾ ਜਿਹਾ ਨਿਵੇਸ਼ ਹੀ ਕਾਫੀ ਵਾਧਾ ਕਰ ਦਿੰਦਾ ਹੈ । ਇਵੇਂ ਹੀ ਵਪਾਰ ਚੱਕਰਾਂ ਦੇ ਸਮੇਂ ਜਿਸ ਸਮੇਂ ਆਮਦਨ ਘਟਦੀ ਹੈ ਤਾਂ ਗੁਣਾਕ ਅਤੇ ਤਵਰਕ (multiplier and accelerator) ਦੋਵੇਂ ਹੀ ਰਿਣਾਤਮਕ ਤੌਰ ਤੇ ਕੰਮ ਕਰਦੇ ਹਨ, ਪਰੰਤੂ ਤਵਰਕ ਆਮਦਨ ਦੀ ਡਿੱਗਦੀ ਸਥਿਤੀ ਵਿੱਚ ਘੱਟ ਸ਼ਕਤੀ ਨਾਲ ਕੰਮ ਕਰਦਾ ਹੈ ਅਤੇ ਇਸ ਪ੍ਰਕਾਰ ਆਮਦਨ ਡਿੱਗਣ ਦੀ ਕ੍ਰਿਆ ਨੂੰ ਰੋਕਦਾ ਹੈ । ਸਪਸ਼ਟ ਹੈ ਕਿ ਨਿਵੇਸ਼ ਦੀ ਕੇਨਜ਼ ਦੇ ਰੁਜ਼ਗਾਰ ਸਿਧਾਂਤ ਵਿੱਚ ਬੜੀ ਮਹੱਤਤਾ ਹੈ ।

ਨਿਵੇਸ਼ ਤੋਂ ਭਾਵ ਉਸ ਖਰਚ ਤੋਂ ਹੈ ਜਿਸ ਨਾਲ ਅੱਗੋਂ ਹੋਰ ਆਮਦਨ ਪੈਦਾ ਕਰਨ ਵਿੱਚ ਸਹਾਇਤਾ ਮਿਲਦੀ ਹੈ ਪਰੰਤੂ ਇਸ ਪੱਖ ਤੋਂ ਵਿਚਾਰਦੇ ਹੋਏ ਅਸੀਂ ਵਿੱਤੀ ਨਿਵੇਸ਼ (financial investment) ਅਤੇ ਵਾਸਤਵਿਕ ਨਿਵੇਸ਼ (real investment) ਵਿੱਚ ਅੰਤਰ ਨਹੀਂ ਕਰ ਸਕਦੇ । ਕੇਨਜ਼ ਨੇ ਇਸ ਨੂੰ ਬਹੁਤ ਸੁਚੱਜੇ ਢੰਗ ਨਾਲ ਦੱਸਿਆ ਹੈ । ਉਸ ਅਨੁਸਾਰ "ਨਿਵੇਸ਼ ਤੋਂ ਭਾਵ ਉਸ ਖਰਚੇ ਤੋਂ ਹੈ ਜਿਸ ਰਾਹੀਂ ਦੇਸ਼ ਦੇ ਭੰਡਾਰ ਵਿੱਚ ਕਿਸੇ ਪ੍ਰਕਾਰ ਦਾ ਵਾਧਾ ਹੋਵੇ ਜਾਂ ਜਿਸ ਨਾਲ ਨਵੇਂ ਰੁਜ਼ਗਾਰ ਮੌਕੇ ਪੈਦਾ ਹੁੰਦੇ ਹਨ । ਉਦਾਹਰਣ ਵੱਜੋਂ, ਕਿਸੇ ਭਵਨ ਦੀ ਉਸਾਰੀ, ਕਾਰਖਾਨੇ ਦੀ ਸਥਾਪਨਾ, ਮਸ਼ੀਨਰੀ ਅਤੇ ਪਲਾਂਟ ਵਿੱਚ ਪੂੰਜੀ


ਲਾਉਣੀ ਜਾਂ ਵਸਤਾਂ (ਨਿਰਮਤ ਜਾਂ ਅਰਧ-ਨਿਰਮਤ) ਦਾ ਭੰਡਾਰ, ਪੁਰਾਣੀਆਂ ਤੇ ਘਸੀਆਂ ਮਸ਼ੀਨਾਂ ਦਾ ਬਦਲੀਕਰਨ ਆਦਿ । ਇਸ ਦੇ ਮੁਕਾਬਲੇ ਜੇ ਇੱਕ ਵਿਅਕਤੀ ਦੂਜੇ ਵਿਅਕਤੀ ਤੋਂ ਮਕਾਨ ਖਰੀਦ ਲੈਂਦਾ ਹੈ, ਭੂਮੀ ਖਰੀਦ ਲੈਂਦਾ ਹੈ ਜਾਂ ਕਾਰਖਾਨਾ ਖਰੀਦ ਲੈਂਦਾ ਹੈ ਤਾਂ ਇਹ ਕੇਵਲ ਵਿੱਤੀ ਨਿਵੇਸ਼ ਹੋਵੇਗਾ ਕਿਉਂਕਿ ਇਸ ਰਾਹੀਂ ਕੋਈ ਵੀ ਨਵਾਂ ਰੁਜ਼ਗਾਰ ਮੌਕਾ ਪੈਦਾ ਨਹੀਂ ਹੋਇਆ ਅਤੇ ਇਹ ਤਾਂ ਕੇਵਲ ਹੱਥ ਬਦਲੀ ਹੈ । ਨਿੱਜੀ ਪੱਖ ਤੋਂ ਭਾਵੇਂ ਇਹ ਨਿਵੇਸ਼ ਹੈ ਪਰ ਰਾਸ਼ਟਰ ਦੇ ਪੱਖ ਤੋਂ ਇਸ ਨੂੰ ਨਿਵੇਸ਼ ਨਹੀਂ ਆਖਿਆ ਜਾਵੇਗਾ ।"

ਔਸਤ ਉਪਭੋਗ ਪ੍ਰਵਿਰਤੀ ਅਤੇ ਸੀਮਾਂਤ ਉਪਭੋਗ ਪ੍ਰਵਿਰਤੀ ਵਾਂਗ ਨਿਵੇਸ਼ ਦੇ ਸੰਬੰਧ ਵਿੱਚ ਵੀ ਦੋ ਧਾਰਨਾਵਾਂ ਹਨ । ਇਹ ਹਨ ਔਸਤ ਨਿਵੇਸ਼ ਪ੍ਰਵਿਰਤੀ (API) ਅਤੇ ਸੀਮਾਂਤ ਨਿਵੇਸ਼ ਪ੍ਰਵਿਰਤੀ (MPI) । ਔਸਤ ਨਿਵੇਸ਼ ਪ੍ਰਵਿਰਤੀ ਕੁੱਲ ਨਿਵੇਸ਼ ਅਤੇ ਕੁੱਲ ਆਮਦਨ ਵਿੱਚ ਅਨੁਪਾਤ ਨੂੰ ਦੱਸਦੀ ਹੈ। ਇਸ ਨੂੰ I/y ਲਿਖਿਆ ਜਾ ਸਕਦਾ ਹੈ। ਸੀਮਾਂਤ ਨਿਵੇਸ਼ ਪ੍ਰਵਿਰਤੀ ਨਿਵੇਸ਼ ਵਿੱਚ ਤਬਦੀਲੀ ਤੇ ਆਮਦਨ ਵਿੱਚ ਤਬਦੀਲੀ ਦੇ ਸੰਬੰਧ ਨੂੰ ਦਰਸਾਉਂਦਾ ਹੈ ਅਤੇ ਇਸ ਨੂੰ $\frac{\Delta 1}{\Delta y}$ ਲਿਖਿਆ ਜਾਂਦਾ ਹੈ ।

### 1.7.2 ਨਿਵੇਸ਼ ਦੀਆਂ ਕਿਸਮਾਂ (Types of Investment)

ਨਿਵੇਸ਼ ਦੀਆਂ ਕਈ ਕਿਸਮਾਂ ਹਨ ਜਿਵੇਂ ਕੁੱਲ ਨਿਵੇਸ਼ (Gross Investment) ਅਤੇ ਨਿਰੋਲ ਨਿਵੇਸ਼ (Net Investment), ਸਵੈ-ਇੱਛਤ (Autonomous) ਨਿਵੇਸ਼ ਅਤੇ ਪ੍ਰਭਾਵਿਤ (Induced) ਨਿਵੇਸ਼, ਗੈਰ-ਸਰਕਾਰੀ (Private) ਨਿਵੇਸ਼ ਅਤੇ ਸਰਕਾਰੀ (Government) ਨਿਵੇਸ਼, ਵਿੱਤੀ ਨਿਵੇਸ਼ (Financial Investment) ਅਤੇ ਵਾਸਤਵਿਕ (Real) ਨਿਵੇਸ਼ ਆਦਿ ।

ਵਾਸਤਵਿਕ ਅਤੇ ਵਿੱਤੀ ਨਿਵੇਸ਼ ਦੀ ਗੱਲ ਅਸੀਂ ਉੱਪਰ ਕਰ ਚੁੱਕੇ ਹਾਂ ।




**ਚਿੱਤਰ ਨੰ. 10.1**

ਕੁੱਲ ਨਿਵੇਸ਼ ਤੋਂ ਭਾਵ ਇੱਕ ਨਿਸ਼ਚਿਤ ਸਮੇਂ ਵਿੱਚ, ਕਹਿ ਲਵੋ ਇੱਕ ਸਾਲ ਦੇ ਸਮੇਂ ਕੀਤਾ ਨਿਵੇਸ਼, ਕੁੱਲ ਨਿਵੇਸ਼ ਅਖਵਾਉਂਦਾ ਹੈ ਪਰੰਤੂ ਇਸ ਸਮੇਂ ਇਸ ਵਿੱਚ ਉਹ ਧਨ ਰਾਸ਼ੀ, ਜਿਹੜੀ ਪੁਰਾਣੀਆਂ ਮਸ਼ੀਨਾਂ ਦੇ ਬਦਲੀਕਰਣ ਵਿੱਚ ਨਿਵੇਸ਼ ਕੀਤੀ ਗਈ ਹੈ, ਘਟਾ ਦਿੱਤੀ ਜਾਵੇ ਤਾਂ ਸਾਡੇ ਕੋਲ ਨਿਰੋਲ ਨਿਵੇਸ਼ ਰਹਿ ਜਾਂਦਾ ਹੈ । ਅਸਲ ਵਿੱਚ ਨਵੇਂ ਰੁਜ਼ਗਾਰ ਮੌਕੇ ਨਿਰੋਲ ਨਿਵੇਸ਼ ਤੇ ਨਿਰਭਰ ਕਰਦੇ ਹਨ ।

ਸਵੈ-ਇੱਛਤ ਨਿਵੇਸ਼ ਤੋਂ ਭਾਵ ਉਸ ਨਿਵੇਸ਼ ਤੋਂ ਹੈ ਜਿਹੜਾ ਕਿਸੇ ਪ੍ਰਕਾਰ ਦੇ ਪ੍ਰਭਾਵ ਨੂੰ ਕਬੂਲ ਕਰਨ ਤੋਂ ਬਿਨਾਂ, ਜਿਵੇਂ ਨਿਵੇਸ਼ ਉਤਪਾਦਨ ਵਿਧੀ ਦੀ ਖੋਜ ਕਰਕੇ, ਜਨ ਸੰਖਿਆ ਵਿੱਚ ਵਾਧਾ ਕਰਕੇ, ਨਵੇਂ ਕੁਦਰਤੀ ਸਾਧਨਾਂ ਦੇ ਲੱਭ ਜਾਣ ਕਰਕੇ ਕੀਤਾ ਜਾਵੇ, ਭਾਵ, ਇਹ ਨਿਵੇਸ਼ ਲਾਭ ਦੇ ਪ੍ਰਭਾਵ ਕਾਰਣ ਨਹੀਂ ਕੀਤਾ ਜਾਂਦਾ ।

ਉਤਸਾਹਿਤ ਜਾਂ ਪ੍ਰਭਾਵਿਤ ਨਿਵੇਸ਼ ਤੋਂ ਭਾਵ ਉਸ ਨਿਵੇਸ਼ ਤੋਂ ਹੈ ਜਿਹੜਾ ਲਾਭ ਪ੍ਰਾਪਤ ਕਰਨ ਦੇ ਉਦੇਸ਼ ਤੋਂ ਪ੍ਰਭਾਵਿਤ ਹੋ ਕੇ ਕੀਤਾ ਜਾਂਦਾ ਹੈ। ਪ੍ਰਭਾਵਿਤ ਅਤੇ ਸਵੈ ਇੱਛਤ ਨਿਵੇਸ਼ ਨੂੰ ਹੇਠ ਦਿੱਤੇ ਚਿੱਤਰਾਂ ਦੁਆਰਾ

ਵਿਖਾਇਆ ਗਿਆ ਹੈ :

ਚਿੱਤਰ 10.1 ਵਿੱਚ ਪ੍ਰਭਾਵਿਤ ਨਿਵੇਸ਼ ਨੂੰ ਵਿਖਾਇਆ ਗਿਆ ਹੈ । ਜਿਵੇਂ-ਜਿਵੇਂ ਆਮਦਨ ਪੱਧਰ ਵਧਦਾ ਹੈ ਉਸ ਨਾਲ ਵਸਤਾਂ ਦੀ ਮੰਗ ਵਧਦੀ ਹੈ, ਮੰਗ ਵਧਣ ਨਾਲ ਉਤਪਾਦਕਾਂ ਦਾ ਲਾਭ ਵਧਦਾ ਹੈ ਅਤੇ ਲਾਭ ਕਮਾਉਣ ਲਈ ਉਤਪਾਦਕ ਵੱਧ ਨਿਵੇਸ਼ ਕਰਦੇ ਹਨ । ਸਪੱਸ਼ਟ ਹੈ ਕਿ ਨਿਵੇਸ਼ ਲਾਭ ਦੀ ਲਾਲਸਾ ਤੋਂ ਪ੍ਰਭਾਵਿਤ ਹੋਇਆ ਹੈ । ਇਹੋ ਕਾਰਣ ਹੈ ਕਿ ਨਿਵੇਸ਼ ਵਕਰ ਉੱਪਰ ਨੂੰ ਉੱਠਦੀ ਜਾਂਦੀ ਹੈ । ਦੂਜੇ ਚਿੱਤਰ ਵਿੱਚ ਨਿਵੇਸ਼ ਵਕਰ ਲੇਟਵੀਂ ਹੈ ਅਤੇ ਨਿਵੇਸ਼ OI ਪੱਧਰ ਤੇ ਸਥਿਰ ਰਹਿੰਦਾ ਹੈ । ਭਾਵ, ਆਮਦਨ ਭਾਵੇਂ ਵੱਧ ਘੱਟ ਹੋਵੇ ਪਰ ਨਿਵੇਸ਼ ਦੀ ਮਾਤਰਾ ਸਥਿਰ ਰਹਿੰਦੀ ਹੈ ।

ਗੈਰ-ਸਰਕਾਰੀ ਨਿਵੇਸ਼ ਤੋਂ ਭਾਵ ਉਸ ਨਿਵੇਸ਼ ਤੋਂ ਹੈ ਜਿਹੜਾ ਗੈਰ ਸਰਕਾਰੀ ਖੇਤਰ ਵਿੱਚ ਕੀਤਾ ਜਾਂਦਾ ਹੈ । ਗੈਰ-ਸਰਕਾਰੀ ਖੇਤਰ ਵਿੱਚ ਨਿਵੇਸ਼, ਲਾਭ ਦੇ ਉਦੇਸ਼ ਨਾਲ ਕੀਤਾ ਜਾਂਦਾ ਹੈ, ਭਾਵ ਵੱਧ ਲਾਭ, ਵੱਧ ਨਿਵੇਸ਼ ਅਤੇ ਘੱਟ ਲਾਭ, ਘੱਟ ਨਿਵੇਸ਼ । ਇਸ ਲਈ ਕਈ ਵਾਰ ਪ੍ਰਭਾਵਿਤ ਨਿਵੇਸ਼ ਨੂੰ ਹੀ ਗੈਰ-ਸਰਕਾਰੀ ਨਿਵੇਸ਼ ਆਖ ਦਿੱਤਾ ਜਾਂਦਾ ਹੈ ।

ਸਰਕਾਰੀ ਨਿਵੇਸ਼ ਤੋਂ ਭਾਵ ਉਸ ਨਿਵੇਸ਼ ਤੋਂ ਹੈ ਜਿਹੜਾ ਸਰਕਾਰੀ ਖੇਤਰ ਵਿੱਚ ਕੀਤਾ ਜਾਂਦਾ ਹੈ । ਸਰਕਾਰੀ ਨਿਵੇਸ਼ ਪਿੱਛੇ ਉਦੇਸ਼ ਲਾਭ ਕਮਾਉਣਾ ਨਹੀਂ ਹੁੰਦਾ ਸਗੋਂ ਕੋਈ ਵੀ ਹੋਰ ਉਦੇਸ਼ ਜਿਵੇਂ ਰੁਜ਼ਗਾਰ ਦੇ ਮੌਕੇ ਪੈਦਾ ਕਰਨੇ, ਵਪਾਰ ਚੱਕਰਾਂ ਤੇ ਕਾਬੂ ਪਾਉਣਾ, ਉਤਪਾਦਨ ਲਈ ਆਵੱਸ਼ਕ ਸੇਵਾਵਾਂ ਪੈਦਾ ਕਰਨੀਆਂ ਆਦਿ ਹੋ ਸਕਦਾ ਹੈ । ਇਹੋ ਕਾਰਣ ਹੈ ਕਿ ਇਹ ਆਮਦਨ ਦੇ ਵਾਧੇ ਨਾਲ ਵਧਦਾ ਜਾ ਘਟਦਾ ਨਹੀਂ ਸਗੋਂ ਜਿਸ ਸਮੇਂ ਆਮਦਨ ਘਟਦੀ ਹੈ ਸਰਕਾਰੀ ਨਿਵੇਸ਼ ਆਮ ਤੌਰ ਤੇ ਵੱਧ ਹੁੰਦਾ ਹੈ । ਇਸ ਲਈ ਕਈ ਵਾਰ ਇਸ ਨੂੰ ਸਵੈ ਇੱਛਤ ਵੀ ਕਹਿ ਦਿੱਤਾ ਜਾਂਦਾ ਹੈ ।

ਜਿਵੇਂ ਕਿ ਉੱਪਰ ਦੱਸਿਆ ਗਿਆ ਹੈ ਕਿ ਅਰਥ ਵਿਵਸਥਾ ਵਿੱਚ ਨਿਵੇਸ਼ ਖਰਚਾ ਬਹੁਤ ਮਹੱਤਵਪੂਰਣ ਹੈ, ਵਿਸ਼ੇਸ਼ ਕਰਕੇ ਪ੍ਰਭਾਵਿਤ ਨਿਵੇਸ਼ ਜਾਂ ਗੈਰ-ਸਰਕਾਰੀ ਨਿਵੇਸ਼ । ਇਸ ਲਈ ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਉਨ੍ਹਾਂ ਤੱਤਾਂ ਤੇ ਵਿਚਾਰ ਕਰੀਏ ਜਿਹੜੇ ਕਿਸੇ ਦੇਸ਼ ਵਿੱਚ ਨਿਵੇਸ਼ ਨੂੰ ਪ੍ਰਭਾਵਿਤ ਕਰਦੇ ਹਨ ।

ਕੇਨਜ਼ ਦੇ ਕਹਿਣ ਅਨੁਸਾਰ ਨਿਵੇਸ਼ ਦੀ ਮਾਤਰਾ, ਪੂੰਜੀ ਦੀ ਸੀਮਾਂਤ ਕਾਰਜਕੁਸ਼ਲਤਾ (marginal efficiency of capital) ਅਤੇ ਵਿਆਜ ਦਰ (rate of interest) ਤੇ ਨਿਰਭਰ ਕਰਦੀ ਹੈ । ਪੂੰਜੀ ਦੀ ਸੀਮਾਂਤ ਕਾਰਜਕੁਸ਼ਲਤਾ ਅੱਗੋਂ ਸੰਭਾਵੀ ਆਮਦਨ (prospective yield) ਅਤੇ ਪੂੰਜੀਗਤ ਲਾਗਤ ਜਾਂ ਪੂਰਤੀ ਕੀਮਤ (supply price or replacement cost) ਤੇ ਨਿਰਭਰ ਕਰਦੀ ਹੈ ।

ਸੰਭਾਵੀ ਆਮਦਨ ਤੋਂ ਭਾਵ ਉਸ ਆਮਦਨ ਤੋਂ ਹੈ ਜਿਹੜੀ ਇੱਕ ਪੂੰਜੀਗਤ ਰਾਸ (capital assets) ਤੋਂ ਪ੍ਰਾਪਤ ਹੁੰਦੀ ਹੈ । ਮੰਨ ਲਉ ਇੱਕ ਮਸ਼ੀਨ ਆਪਣੀ ਸਾਰੀ ਜ਼ਿੰਦਗੀ ਵਿੱਚ ਕਿਸ਼ਤਾਂ ਦੇ ਰੂਪ ਵਿੱਚ ਹੀ ਆਮਦਨ ਪੈਦਾ ਕਰੇਗੀ ਤੋਂ ਹੈ, ਉਦਾਹਰਣ ਵੱਜੋਂ ਮੰਨ ਲਉ ਇੱਕ ਮਸ਼ੀਨ ਜਿਸ ਦਾ ਮੁੱਲ 6000/- ਰੁਪਏ ਹੈ, ਦੋ ਸਾਲ ਚਲਦੀ ਹੈ ਤੇ ਪਹਿਲੇ ਸਾਲ ਇਸ ਮਸ਼ੀਨ ਤੋਂ 2100 ਰੁਪਏ ਅਤੇ ਦੂਜੇ ਸਾਲ 4410 ਰੁਪਏ ਆਮਦਨ ਪ੍ਰਾਪਤ ਹੁੰਦੀ ਹੈ । (ਇੱਥੇ ਇਹ ਸਪਸ਼ਟ ਕਰ ਦੇਣਾ ਯੋਗ ਹੈ ਕਿ ਮਸ਼ੀਨ ਭਾਵੇਂ ਇੱਕ ਸਾਲ ਤੋਂ ਪਹਿਲਾਂ ਹੀ ਟੁੱਟ ਜਾਵੇ ਜਾਂ ਫਿਰ ਇਹ ਮਸ਼ੀਨ ਸਾਲ ਵੀ ਚੱਲ ਸਕਦੀ ਹੈ ਇਸ ਦਾ ਕੋਈ ਧਿਆਨ ਨਹੀਂ । ਵਾਸਤਵ ਵਿੱਚ ਹਰ ਮਸ਼ੀਨ ਦੀ ਕੋਈ ਗਰੰਟੀ ਹੁੰਦੀ ਹੈ ਅਸੀਂ ਉਸ ਨੂੰ ਧਿਆਨ ਵਿੱਚ ਲਿਆਉਂਦੇ ਹਾਂ, ਦੂਜੇ, ਅਸੀਂ ਪਹਿਲੇ ਸਾਲ 2100, ਦੂਜੇ ਸਾਲ 4410 ਰੁਪਏ ਕਿਵੇਂ ਲਏ ਇਸ ਦਾ ਅਨੁਮਾਨ ਇਹੋ ਜਿਹੀਆਂ ਹੋਰ ਮਸ਼ੀਨਾਂ ਜਿਹੜੀਆਂ ਪਹਿਲਾਂ ਤੋਂ ਸਥਾਪਤ ਕੀਤੀਆਂ ਜਾ ਚੁੱਕੀਆਂ ਹਨ ਤੇ ਹੋਰ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਲਾਇਆ ਗਿਆ ਹੈ । ਵਿਵਹਾਰ ਵਿੱਚ ਇਹ ਭਾਵੇਂ ਘੱਟ ਹੋਵੇ ਜਾਂ ਵੱਧ ਇਹ (ਕਿਸ਼ਤਾਂ ਵਿੱਚ ਪ੍ਰਾਪਤ ਹੋਣ ਵਾਲੀ ਆਮਦਨ) ਸੰਭਾਵੀ ਆਮਦਨ ਹੈ ਅਤੇ 6000/- ਰੁਪਏ ਮਸ਼ੀਨ ਦਾ ਪੂਰਤੀ ਮੁੱਲ ਹੈ । ਇਸ ਉਦਾਹਰਣ ਤੋਂ ਇਹ ਵੀ ਸਪਸ਼ਟ ਹੋ ਗਿਆ ਹੈ ਕਿ ਇੱਕ ਵਿਅਕਤੀ ਜਿਹੜਾ 6000/- ਰੁਪਏ ਖਰਚ ਕਰਦਾ ਹੈ ਉਹ ਇਸ ਰਕਮ ਤੋਂ ਦੋ ਸਾਲ ਦਾ ਵਿਆਜ ਖੋ ਲੈਂਦਾ ਹੈ ਅਤੇ ਦੋ ਸਾਲ ਤੋਂ ਪਿੱਛੋਂ ਮਸ਼ੀਨ ਨਸ਼ਟ ਹੋ ਜਾਂਦੀ ਹੈ ਅਤੇ ਬਦਲੇ ਵਿੱਚ ਉਸ ਨੂੰ ਪਹਿਲੇ ਸਾਲ 2100/- ਰੁਪਏ ਅਤੇ ਦੂਜੇ ਸਾਲ 4410/- ਰੁਪਏ, ਭਾਵ ਕੁੱਲ (2100+4410) 6510/- ਰੁਪਏ ਪ੍ਰਾਪਤ ਹੋਏ ਹਨ ।ਇਸ ਦਾ ਭਾਵ ਇਹ ਹੋਇਆ ਕਿ ਉਸ ਨੂੰ ਮਸ਼ੀਨ ਦੀ ਲਾਗਤ ਨੂੰ ਛੱਡ ਕੇ ਕੇਵਲ 510 ਰੁਪਏ ਪ੍ਰਾਪਤ ਹੋਏ ਹਨ । ਵੇਖਣ ਵਾਲੀ ਇੱਕ ਹੋਰ ਗੱਲ ਇਹ ਹੈ ਕਿ ਅੱਜ ਤੋਂ ਇੱਕ ਸਾਲ ਜਾਂ 5 ਸਾਲ ਤੋਂ ਪਿੱਛੋਂ 100 ਰੁਪਏ ਦਾ ਮੁੱਲ ਉਹ ਨਹੀਂ ਹੋਵੇਗਾ,

ਜੋ ਮੁੱਲ ਅੱਜ ਹੈ । ਉਦਾਹਰਣ ਵੱਜੋਂ, ਅੱਜ ਤੋਂ 5 ਸਾਲ ਨੂੰ ਪ੍ਰਾਪਤ ਹੋਣ ਵਾਲੇ 100 ਰੁਪਏ ਨੂੰ ਲਗਭਗ 14% ਨਾਲ ਕਟੌਤੀ ਦਿੱਤੀ ਜਾਵੇ ਜਾਂ ਇਸ ਦਾ ਵਰਤਮਾਨ ਮੁੱਲ ਕੇਵਲ 50/- ਰੁਪਏ ਹੀ ਹੋਵੇਗਾ । ਇਸ ਲਈ ਸਾਡੇ ਨਿਵੇਸ਼ ਕਰਤੇ ਨੂੰ ਜਿਹੜੀਆਂ ਕਿਸ਼ਤਾਂ (2100) ਰੁਪਏ ਦੀ ਅਤੇ 4410 ਰੁਪਏ ਦੀ) ਇੱਕ ਸਾਲ ਅਤੇ ਦੋ ਸਾਲ ਪਿਛੋਂ ਪ੍ਰਾਪਤ ਹੋਣੀਆਂ ਹਨ ਉਨ੍ਹਾਂ ਨੂੰ ਜੇ 5% ਨਾਲ ਕਟੌਤੀ (discount) ਦਿੱਤੀ ਜਾਵੇ ਤਾਂ ਉਸ ਦਾ ਵਰਤਮਾਨ ਮੁੱਲ 6000/- ਰੁਪਏ ਹੋਵੇਗਾ, ਭਾਵ ਅੱਜ ਦਾ 6000 ਰੁਪਿਆ 5% ਦਰ ਨਾਲ ਵਿਆਜ ਕਮਾ ਕੇ 6510/- ਰੁਪਏ ਦੇ ਬਰਾਬਰ ਹੋਵੇਗਾ । ਇਸ ਸਾਰੀ ਉਦਾਹਰਣ ਤੋਂ ਅਸੀਂ ਇਹ ਸਿੱਟਾ ਕੱਢਦੇ ਹਾਂ ਕਿ 5% ਅਜਿਹਾ ਕਟੌਤੀ ਦਰ ਹੈ ਜਿਹੜਾ ਭਵਿੱਖ ਵਿੱਚ ਪ੍ਰਾਪਤ ਹੋਣ ਵਾਲੀ ਆਮਦਨ ਨੂੰ ਉਸ ਦੇ ਵਰਤਮਾਨ ਮੁੱਲ ਦੇ ਬਰਾਬਰ ਬਣਾ ਦਿੰਦਾ ਹੈ । ਕੇਨਜ਼ ਨੇ ਇਸ ਨੂੰ ਪੂੰਜੀ ਦੀ ਸੀਮਾਂਤ ਕਾਰਜਕੁਸ਼ਲਤਾ (marginal efficiency of capital) ਦਾ ਨਾਂ ਦਿੱਤਾ ਹੈ । ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਾਨੂੰ ਇਹ ਕਿਵੇਂ ਪਤਾ ਲੱਗੇਗਾ ਕਿ ਨਿਵੇਸ਼ ਕੀਤਾ ਜਾਵੇਗਾ ਜਾਂ ਨਹੀਂ ਜਾਂ ਨਿਵੇਸ਼ ਕਰਨਾ ਲਾਭਦਾਇਕ ਹੈ ਜਾਂ ਨਹੀਂ । ਉੱਪਰ ਦਿੱਤੀ ਉਦਾਹਰਣ ਵਿੱਚ ਪੂੰਜੀ ਦੀ ਸੀਮਾਂਤ ਕਾਰਜਕੁਸ਼ਲਤਾ (ਉਦਾਹਰਣ ਵਿੱਚ 5%) ਦਾ ਮੁਕਾਬਲਾ ਵਿਆਜ ਦਰ ਨਾਲ ਕੀਤਾ ਜਾਂਦਾ ਹੈ । ਜੇ ਕਰ ਇਹ ਵੱਧ ਹੈ ਤਾਂ ਨਿਵੇਸ਼ ਕਰਨਾ ਲਾਭਦਾਇਕ ਹੈ ਅਤੇ ਇਸ ਦੇ ਉਲਟ ਨਹੀਂ । ਉਦਾਹਰਣ ਵਜੋਂ ਮੰਨ ਲਉ ਪੂੰਜੀ ਦੀ ਸੀਮਾਂਤ ਕਾਰਜਕੁਸ਼ਲਤਾ 5% ਹੈ, ਹੁਣ ਜੇ ਵਿਆਜ ਦਰ 6% ਹੈ ਤਾਂ ਨਿਵੇਸ਼ ਨਹੀਂ ਕੀਤਾ ਜਾਵੇਗਾ ਪਰੰਤੂ ਜੇ ਇਹ 5% ਹੈ ਤਾਂ ਨਿਵੇਸ਼ ਕਰਨਾ ਲਾਭਦਾਇਕ ਹੈ । ਸਪਸ਼ਟ ਹੈ ਕਿ ਕਿਸੇ ਦੇਸ਼ ਵਿੱਚ ਨਿਵੇਸ਼, ਪੂੰਜੀ ਦੀ ਕਾਰਜਕੁਸ਼ਲਤਾ ਅਤੇ ਵਿਆਜ ਦਰ ਤੇ ਨਿਰਭਰ ਕਰਦਾ ਹੈ ।

ਭਾਵੇਂ ਕਟੌਤੀ ਦਰ ਜਾਂ ਸੰਭਾਵੀ ਆਮਦਨ ਨੂੰ ਵਿਵਹਾਰ ਵਿੱਚ ਜਾਨਣਾ ਔਖਾ ਹੈ ਪਰ ਤਾਂ ਵੀ ਇਸ ਦੇ ਲਈ ਅਸੀਂ ਇੱਕ ਫਾਰਮੂਲੇ ਦਾ ਪ੍ਰਯੋਗ ਕਰਦੇ ਹਾਂ ਅਤੇ ਇਹ ਫਾਰਮੂਲਾ ਹੈ ।

Supply Price or

$$Cr = \frac{Q_1}{(1+r)} + \frac{Q_2}{(1\ (1+.05)^2} \quad \frac{Q_n}{+r)^n}$$

ਇਸ ਫਾਰਮੂਲੇ ਵਿੱਚ Cr ਤੋਂ ਭਾਵ (replacement cost) ਜਾਂ ਪੂਰਤੀ ਕੀਮਤ ਤੋਂ ਹੈ $Q_1Q_2Q_3Q_n$ ਤੋਂ ਭਾਵ ਪਹਿਲੇ ਸਾਲ, ਦੂਜੇ ਸਾਲ, ਤੀਜੇ ਸਾਲ ਅਤੇ N ਵੇਂ ਸਾਲ ਵਿੱਚ ਕਿਸ਼ਤਾਂ ਦੇ ਰੂਪ ਵਿੱਚ ਪ੍ਰਾਪਤ ਹੋਣ ਵਾਲੀ ਆਮਦਨ ਤੋਂ ਹੈ । r ਤੋਂ ਭਾਵ ਉਹ ਕਟੌਤੀ ਦਰ ਹੈ ਜਿਹੜੀ ਭਵਿੱਖ ਵਿੱਚ ਪ੍ਰਾਪਤ ਹੋਣ ਵਾਲੀ ਆਮਦਨ ਨੂੰ ਉਸ ਦੇ ਵਰਤਮਾਨ ਮੁੱਲ ਦੇ ਬਰਾਬਰ ਬਣਾ ਦਿੰਦੀ ਹੈ, ਜੇ ਉਸ ਨੂੰ ਇਸ ਨਾਲ ਕਟੌਤੀ ਦਿੱਤੀ ਜਾਵੇ । ਇਸ ਸਥਿਤੀ ਵਿੱਚ ਸਾਨੂੰ Cr ਦਾ ਪਤਾ ਹੈ, $Q_1Q_2Q_n$ ਦਾ ਪਤਾ ਹੁੰਦਾ ਹੈ ਅਤੇ ਕੇਵਲ r ਨੂੰ ਲੱਭਣਾ ਹੁੰਦਾ ਹੈ ਜਿਹੜਾ ਕਿ ਬਰਾਬਰ ਹੱਲ ਕਰਨ ਨਾਲ ਲੱਭਿਆ ਜਾ ਸਕਦਾ ਹੈ । ਭਾਵੇਂ ਵਿਵਹਾਰ ਵਿੱਚ ਅਜਿਹਾ ਕਰਨਾ ਔਖਾ ਹੈ ਪਰ ਤਾਂ ਵੀ ਸਪੱਸ਼ਟੀਕਰਨ ਲਈ ਅਸੀਂ ਉੱਪਰ ਦਿੱਤੀ ਉਦਾਹਰਣ ਦੇ ਅੰਕੜਿਆਂ ਨੂੰ ਇਸ ਵਿੱਚ ਸਥਾਪਤ ਕਰਕੇ ਵੇਖਦੇ ਹਾਂ । ਜੇ ਅਜਿਹਾ ਕਰਾਂਗੇ ਤਾਂ ਸਾਡੀ ਸਮੀਕਰਣ ਨੂੰ ਇਵੇਂ ਪੜ੍ਹਿਆ ਜਾਵੇਗਾ ।

$$6000 = \frac{2100}{(1+r)} + \frac{4410}{(1+r)^2}$$


ਬਰਾਬਰ ਤਜਰਬਾ ਕਰਨ ਤੇ 5% ਦਰ ਅਜਿਹਾ ਨਿਕਲਦਾ ਹੈ ਜਿਹੜਾ ਦੋ ਸਾਲਾਂ ਵਿੱਚ ਕਿਸ਼ਤਾਂ ਦੇ ਰੂਪ ਵਿੱਚ ਪ੍ਰਾਪਤ ਹੋਣ ਵਾਲੀ ਆਮਦਨ ਨੂੰ 6000 ਰੁਪਏ ਦੇ ਬਰਾਬਰ ਬਣਾ ਦਿੰਦਾ ਹੈ ਜਿਵੇਂ :-

$$6000 = \frac{2100}{(1+.05)} + \frac{4410}{(1+.50)}$$

$$= \frac{2100}{\frac{21}{20}} + \frac{4410}{\left(\frac{21}{20}\right)^2}$$

$$= \frac{2100 \times 20}{21} + \frac{4410 \times 400}{441}$$

ਇਸ ਤੋਂ ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਜੇ ਕਿਸੇ ਪੰਜੀਗਤ ਰਾਸ ਤੋਂ ਲਗਾਤਾਰ ਸਥਿਰ




ਆਮਦਨ ਪ੍ਰਾਪਤ ਹੁੰਦੀ ਹੋਵੇ ਤਾਂ [illegible] (MEC) ਬਰਾਬਰ ਹੋਵੇਗੀ MEC=Y/C, ਇਥੇ Y ਤੋਂ ਭਾਵ ਆਮਦਨ, C ਤੋਂ ਭਾਵ ਲਾਗਤ ਤੋਂ ਹੈ । ਮੰਨ ਲਓ 10,000 ਰੁਪਏ ਦਾ ਨਿਵੇਸ਼ ਜੇਕਰ

1000 ਰੁਪਏ ਦੀ ਆਮਦਨ ਪ੍ਰਤੀ ਸਾਲ ਦਿੰਦਾ ਹੈ ਤਾਂ MEC ਬਰਾਬਰ ਹੋਵੇਗਾ :

$$\frac{1000}{10{,}000} \times 100 = 10\%$$

ਇੱਥੇ ਇਹ ਵੀ ਦੱਸ ਦੇਣਾ ਜ਼ਰੂਰੀ ਹੈ ਕਿ ਪੂੰਜੀ ਦੀ ਸੀਮਾਂਤ ਕਾਰਜ-ਕੁਸ਼ਲਤਾ ਵਕਰ ਖੱਬੇ ਤੋਂ ਸੱਜੇ ਵੱਲ ਨੂੰ ਮੰਗ ਵਕਰ ਵਾਂਗ ਹੇਠ ਨੂੰ ਡਿੱਗਦਾ ਹੈ । ਇਹ ਅੱਗੇ ਚਿੱਤਰ ਵਿੱਚ ਵਿਖਾਇਆ ਗਿਆ ਹੈ ।

ਚਿੱਤਰ ਤੋਂ ਪਤਾ ਲਗਦਾ ਹੈ ਕਿ ਦੇਸ਼ ਵਿੱਚ ਜਿਵੇਂ ਜਿਵੇਂ ਪੂੰਜੀਗਤ ਰਾਸ ਵਧਦੀ ਹੈ ਤਾਂ ਉਸ ਦੀ ਸੀਮਾਂਤ ਕਾਰਜਕੁਸ਼ਲਤਾ ਘਟਦੀ ਹੈ ਅਤੇ ਵੱਧ ਨਿਵੇਸ਼ ਤਾਂ ਹੀ ਕੀਤਾ ਜਾਵੇਗਾ ਜੇਕਰ ਵਿਆਜ ਦਰ ਘੱਟ ਕੀਤਾ ਜਾਵੇਗਾ । ਉਦਾਹਰਣ ਵਜੋਂ, Or ਵਿਆਜ ਦਰ ਤੇ OI ਨਿਵੇਸ਼ ਕੀਤਾ ਜਾਂਦਾ ਹੈ ਅਤੇ $Or_1$ ਵਿਆਜ ਦਰ ਤੇ $OI_1$ ਨਿਵੇਸ਼ ਕੀਤਾ ਜਾਂਦਾ ਹੈ ।

ਨਿਵੇਸ਼ ਨੂੰ ਪ੍ਰਭਾਵਿਤ ਕਰਨ ਵਾਲੇ ਹੋਰ ਤੱਤ ਭਵਿੱਖੀ ਸੰਭਾਵਨਾਵਾਂ (expectations) ਹਨ । ਇਨ੍ਹਾਂ ਨੂੰ ਅਲਪਕਾਲੀ ਅਤੇ ਦੀਰਘਕਾਲੀ ਸੰਭਾਵਨਾਵਾਂ ਵਿੱਚ ਵੰਡਿਆ ਜਾ ਸਕਦਾ ਹੈ ਅਤੇ ਇਹ ਹਨ :-

### 1.7.3 ਅਲਪਕਾਲੀ ਸੰਭਾਵਨਾਵਾਂ (Short-run Expectations)

ਇਹ ਉਹ ਸੰਭਾਵਨਾਵਾਂ ਜਾਂ ਭਵਿੱਖ ਬਾਰੇ ਆਸ਼ਾਵਾਂ ਹਨ ਜਿਹੜੀਆਂ ਨਿਵੇਸ਼ ਕਰਤੇ ਨੂੰ ਘੱਟ ਜਾਂ ਵੱਧ ਨਿਵੇਸ਼ ਲਈ ਪ੍ਰਭਾਵਿਤ ਕਰਦੀਆਂ ਹਨ । ਇਨ੍ਹਾਂ ਦੁਆਰਾ ਨਿਵੇਸ਼ ਕਰਤੇ ਭਵਿੱਖ ਵਿੱਚ ਆਸ਼ਾਵਾਦੀ ਜਾਂ ਨਿਰਾਸ਼ਾਵਾਦੀ ਹੋ ਜਾਂਦੇ ਹਨ ਅਤੇ ਜੇ ਉਹ ਆਸ਼ਾਵਾਦੀ (Optimistic) ਹੋਣ ਤਾਂ ਨਿਵੇਸ਼ ਵੱਧ ਹੋਵੇਗਾ ਅਤੇ ਇਸ ਦੇ ਉਲਟ ਘੱਟ । ਇਹ ਆਸ਼ਾਵਾਂ ਹੇਠ ਦਿੱਤੇ ਤੱਤਾਂ ਤੋਂ ਪ੍ਰਭਾਵਿਤ ਹੁੰਦੀਆਂ ਹਨ :

**(1) ਮੰਗ ਦੀ ਕਿਸਮ, ਕੀਮਤ ਅਤੇ ਲਾਗਤਾਂ** (Nature of Demand, Prices and Costs)

ਜੇਕਰ ਉਤਪਾਦਕਾਂ ਨੂੰ ਵਸਤਾਂ ਦੀਆਂ ਕੀਮਤਾਂ ਵਧਣ ਦੀ ਆਸ ਹੈ ਤਾਂ ਉਹ ਵੱਧ ਲਾਭ ਕਮਾਉਣ ਲਈ ਵੱਧ ਨਿਵੇਸ਼ ਅਤੇ ਉਤਪਾਦਨ ਕਰਨਗੇ । ਪਰੰਤੂ ਜੇ ਕੀਮਤਾਂ ਜਾਂ ਮੰਗ ਵਿੱਚ ਵਾਧਾ ਕਿਸੇ ਕਾਰਣ ਜਾਂ ਥੋੜ੍ਹੇ ਸਮੇਂ ਲਈ ਹੀ ਹੈ ਤਾਂ ਇਹ ਵੱਧ ਨਿਵੇਸ਼ ਲਈ ਪ੍ਰਭਾਵਿਤ ਨਹੀਂ ਕਰੇਗਾ । ਇਵੇਂ ਹੀ ਜੇਕਰ ਲਾਗਤਾਂ ਵਧਣ ਦੀ ਆਸ ਹੈ ਤਾਂ ਨਿਵੇਸ਼ ਘੱਟ ਜਾਵੇਗਾ । ਅਸੀਂ ਇਹ ਕਹਿ ਸਕਦੇ ਹਾਂ ਕਿ ਜੇ ਲਾਗਤਾਂ ਵਧਣ, ਕੀਮਤਾਂ ਘਟਣ ਅਤੇ ਮੰਗ ਘਟਣ ਦੀ ਆਸ ਹੈ ਤਾਂ ਨਿਵੇਸ਼ ਘੱਟ ਜਾਵੇਗਾ ਅਤੇ ਇਸ ਦੇ ਉਲਟ ਵਧ ਜਾਵੇਗਾ ।

**(2) ਉਪਭੋਗ ਪ੍ਰਵਿਰਤੀ** (Propensity to Consume)

ਜੇਕਰ ਅਲਪਕਾਲੀ ਉਪਭੋਗ ਫਲਣ ਵਿੱਚ ਵਾਧਾ ਹੋ ਜਾਂਦਾ ਹੈ, ਭਾਵ ਲੋਕ ਪਹਿਲਾਂ ਨਾਲੋਂ ਵੱਧ ਉਪਭੋਗ ਖਰਚ ਕਰਦੇ ਹਨ ਤਾਂ ਨਿਵੇਸ਼ ਨੂੰ ਉਤਸ਼ਾਹ ਮਿਲਦਾ ਹੈ, ਅਤੇ ਨਿਵੇਸ਼ ਵੱਧ ਕੀਤਾ ਜਾਵੇਗਾ ।

**(3) ਆਮਦਨ ਵਿੱਚ ਪਰਿਵਰਤਨ** (Change in Income)

ਆਮਦਨ ਵਿੱਚ ਪਰਿਵਰਤਨ ਨਾਲ ਉਪਭੋਗ ਅਤੇ ਬੱਚਤ ਪ੍ਰਵਿਰਤੀ ਵਿੱਚ ਵੀ ਅੰਤਰ ਆਉਂਦਾ ਹੈ । ਇਸ ਲਈ ਜੇ ਆਮਦਨ ਵਧਦੀ ਹੈ ਤਾਂ ਇਸ ਨਾਲ ਨਿਵੇਸ਼ ਵੀ ਵੱਧ ਹੋਵੇਗਾ ।

**(4) ਰਹਿਣ ਸਹਿਣ ਦੇ ਪੱਧਰ** (Standard of Living)

ਜੇਕਰ ਵਿਦਿਆ ਆਦਿ ਦੇ ਪ੍ਰਭਾਵ ਕਰਕੇ ਲੋਕ ਪਹਿਲਾਂ ਦੇ ਮੁਕਾਬਲੇ ਵੱਧ ਉਪਭੋਗ ਕਰਦੇ ਹਨ ਤਾਂ ਇਸ ਨਾਲ ਮੰਗ ਵਧਦੀ ਹੈ ਤੇ ਨਿਵੇਸ਼ ਨੂੰ ਉਤਸ਼ਾਹ ਮਿਲਦਾ ਹੈ ।

**(5) ਪੂੰਜੀਗਤ ਸਟਾਕ** (Capital Stock)

ਜੇਕਰ ਪਹਿਲਾਂ ਤੋਂ ਹੀ ਪੂੰਜੀਗਤ ਸਟਾਕ ਵੱਧ ਹੈ ਤਾਂ ਵੱਧ ਨਿਵੇਸ਼ ਨਾਲ ਲਾਭ ਦਰ ਘਟਦਾ ਹੈ ਇਸ ਲਈ ਨਿਵੇਸ਼ ਘੱਟ ਹੋਵੇਗਾ ।

**(6) ਸ਼ਾਖ ਅਤੇ ਪੂੰਜੀ ਦੀ ਪ੍ਰਾਪਤੀ** (Availability of Credit and Capital)

ਜੇਕਰ ਸ਼ਾਖ ਅਤੇ ਪੂੰਜੀ, ਲੋੜ ਅਨੁਸਾਰ ਪ੍ਰਾਪਤ ਹੈ, ਸ਼ਾਖ ਸਸਤਾ ਹੈ ਤਾਂ ਨਿਵੇਸ਼ ਵੱਧ ਹੋਵੇਗਾ ਅਤੇ ਇਸ ਦੇ ਉਲਟ ਘੱਟ ਹੋਵੇਗਾ ।

**(7) ਕਰਾਂ ਦਾ ਭਾਰ** (Burden of Taxes)

ਜੇਕਰ ਉਤਪਾਦਨ ਤੇ ਕਰਾਂ ਦਾ ਭਾਰ ਵੱਧ ਹੈ ਤਾਂ ਇਸ ਨਾਲ ਲਾਭ ਦਰ ਘਟਦਾ ਹੈ ਅਤੇ ਇਸ ਤਰ੍ਹਾਂ ਹੀ ਨਿਵੇਸ਼ ਵੀ ਘੱਟ ਹੋਵੇਗਾ ।

**(8) ਸਰਕਾਰੀ ਨੀਤੀਆਂ** (Government Policies)

ਜੇਕਰ ਸਰਕਾਰ ਉਦਯੋਗਪਤੀਆਂ ਨੂੰ ਨਿਵੇਸ਼ ਲਈ ਉਤਸ਼ਾਹ ਦਿੰਦੀ ਹੈ । ਅਵੱਸ਼ਕ ਸੇਵਾਵਾਂ ਲੋੜ ਅਨੁਸਾਰ ਤੇ ਸਸਤੀਆਂ ਪ੍ਰਾਪਤ ਹਨ ਤਾਂ ਨਿਵੇਸ਼ ਵਧ ਹੋਵੇਗਾ ਅਤੇ ਇਸ ਦੇ ਉਲਟ ਘੱਟ ।

**(9) ਮਜ਼ਦੂਰਾਂ ਦੀ ਪ੍ਰਾਪਤੀ** (Availability of Labour)

ਜੇਕਰ ਮਜ਼ਦੂਰ ਲੋੜ ਅਨੁਸਾਰ ਪ੍ਰਾਪਤ ਹਨ ਤਾਂ ਮਜ਼ਦੂਰੀਆਂ ਸਥਿਰ ਹੋਣਗੀਆਂ ਅਤੇ ਨਿਵੇਸ਼ ਵੱਧ ਹੋਵੇਗਾ ਅਤੇ ਇਸ ਦੇ ਉਲਟ ਘੱਟ ।

**(10) ਸਰਕਾਰੀ ਖਰਚ** (Government Expenditure)

ਜੇਕਰ ਸਰਕਾਰੀ ਖਰਚ ਵੱਧ ਹੈ ਤਾਂ ਇਸ ਨਾਲ ਨਿਵੇਸ਼ ਨੂੰ ਉਤਸ਼ਾਹ ਮਿਲਦਾ ਹੈ ।

**(11) ਵਰਤਮਾਨ ਲਾਭ ਦਰ** (Present Rate of Profit)

ਵਰਤਮਾਨ ਸਮੇਂ ਵਿੱਚ ਨਿਵੇਸ਼ ਤੇ ਕਿੰਨਾ ਲਾਭ ਦਰ ਪ੍ਰਾਪਤ ਹੈ ਇਸ ਤੋਂ ਵੀ ਨਿਵੇਸ਼ ਪ੍ਰਭਾਵਿਤ ਹੁੰਦਾ ਹੈ । ਜੇ ਵਰਤਮਾਨ ਲਾਭ ਦਰ ਵੱਧ ਹੈ ਤਾਂ ਇਸ ਨਾਲ ਨਿਵੇਸ਼ ਨੂੰ ਉਤਸ਼ਾਹ ਮਿਲਦਾ ਹੈ ।

ਅਸਲ ਵਿੱਚ ਕੋਈ ਅਜਿਹਾ ਤੱਤ ਜਿਸ ਨਾਲ ਉਪਭੋਗ ਖਰਚ ਅਤੇ ਮੰਗ ਵਧਦੀ ਹੈ ਜਾਂ ਉਂਝ ਲਾਗਤ ਘਟਦੀ ਹੈ ਉਸ ਨਾਲ ਨਿਵੇਸ਼ ਤੇ ਪ੍ਰਭਾਵ ਪੈਂਦਾ ਹੈ । ਪਰੰਤੂ ਬਹੁਤ ਸਾਰੇ ਗੈਰ-ਆਰਥਿਕ ਤੱਤ ਵੀ ਹਨ ਜਿਹੜੇ ਨਿਵੇਸ਼ ਨੂੰ ਪ੍ਰਭਾਵਿਤ ਕਰਦੇ ਹਨ । ਉਦਾਹਰਣ ਵਜੋਂ, ਜੇ ਦੇਸ਼ ਵਿੱਚ ਅਮਨ ਚੈਨ ਨਾ ਹੋਵੇ ਤਾਂ ਨਿਵੇਸ਼ ਘੱਟ ਹੋਵੇਗਾ ।

### 1.7.4 ਦੀਰਘਕਾਲੀ ਸੰਭਾਵਨਾਵਾਂ (Long-run Expectations)

ਬਹੁਤ ਸਾਰੇ ਅਜਿਹੇ ਤੱਤ ਹਨ ਜਿਹੜੇ ਲੰਬੇ ਸਮੇਂ ਵਿੱਚ ਨਿਵੇਸ਼ ਕਰਤਿਆਂ ਦੀਆਂ ਸੰਭਾਵਨਾਵਾਂ ਨੂੰ ਪ੍ਰਭਾਵਿਤ ਕਰਦੇ ਹਨ । ਭਾਵ, ਨਿਵੇਸ਼ ਕਰਤਿਆਂ ਨੂੰ ਭਵਿੱਖ ਬਾਰੇ ਆਸ਼ਾਵਾਦੀ ਜਾਂ ਨਿਰਾਸ਼ਾਵਾਦੀ ਬਣਾਉਂਦੇ ਹਨ, ਜਿਨ੍ਹਾਂ ਨਾਲ ਨਿਵੇਸ਼ ਵਧਦਾ ਜਾਂ ਘਟਦਾ ਹੈ ।

**(1) ਜਨ ਸੰਖਿਆ ਦੇ ਵਾਧੇ ਦੀ ਦਰ** (Growth Rate of Population)

ਜਨ ਸੰਖਿਆ ਵਿੱਚ ਵਾਧੇ ਦੀ ਦਰ ਨਿਵੇਸ਼ ਨੂੰ ਪ੍ਰਭਾਵਿਤ ਕਰਦੀ ਹੈ। ਭਾਵ ਜੇ ਇਹ ਤੇਜ਼ੀ ਨਾਲ ਵਧ ਰਹੀ ਹੈ ਤਾਂ ਮੰਗ ਵਧਣ ਦੀ ਸੰਭਾਵਨਾ ਹੈ। ਇਸ ਨਾਲ ਲੋਕ ਭਵਿੱਖ ਬਾਰੇ ਆਸ਼ਾਵਾਦੀ ਹੋਣਗੇ ਤੇ ਨਿਵੇਸ਼ ਵਧੇਗਾ। ਇਸ ਦੇ ਉਲਟ ਨਹੀਂ।

**(2) ਤਕਨੀਕੀ ਪ੍ਰਗਤੀ** (Technical Progress)

ਜੇ ਤਕਨੀਕੀ ਵਿਕਾਸ ਤੇਜ਼ੀ ਨਾਲ ਹੋ ਰਿਹਾ ਹੈ, ਨਵੀਂ ਤਕਨੀਕ ਪੂੰਜੀ ਪ੍ਰਧਾਨ ਹੈ ਤਾਂ ਨਿਵੇਸ਼ ਵੱਧ ਹੋਵੇਗਾ ਅਤੇ ਇਸ ਦੇ ਉਲਟ ਘੱਟ।

**(3) ਅੰਤਰ-ਰਾਸ਼ਟਰੀ ਸ਼ਾਂਤੀ** (International Peace)

ਜੇਕਰ ਅੰਤਰ-ਰਾਸਟਰੀ ਪੱਧਰ ਤੇ ਅਮਨ ਚੈਨ ਹੈ, ਵਪਾਰ ਵਧ ਰਿਹਾ ਹੈ ਤਾਂ ਨਿਵੇਸ਼ ਵੱਧ ਹੋਵੇਗਾ ਤੇ ਇਸ ਦੇ ਉਲਟ ਘੱਟ।

**(4) ਰਾਜਸੀ ਝੁਕਾਅ** (Political Trend)

ਲੋਕਾਂ ਦਾ ਕਿਸ ਰਾਜਸੀ ਪਾਰਟੀ ਵੱਲ ਝੁਕਾਅ ਹੈ, ਇਸ ਗੱਲ ਤੋਂ ਵੀ ਨਿਵੇਸ਼ ਪ੍ਰਭਾਵਿਤ ਹੁੰਦਾ ਹੈ। ਜੇਕਰ ਕੋਈ ਅਜਿਹੀ ਰਾਜਸੀ ਪਾਰਟੀ ਅੱਗੇ ਆਉਂਦੀ ਹੈ ਜਿਹੜੀ ਉਦਯੋਗਾਂ ਦੇ ਰਾਸ਼ਟਰੀਕਰਨ ਦੇ ਹੱਕ ਵਿੱਚ ਹੈ ਤਾਂ ਨਿਵੇਸ਼ ਘੱਟ ਹੋਵੇਗਾ।

**(5) ਅਵਿਸ਼ਕਾਰ ਦਰ** (Rate of Innovations)

ਜੇਕਰ ਨਵੇਂ ਨਵੇਂ ਅਵਿਸ਼ਕਾਰ ਤੇਜ਼ੀ ਨਾਲ ਹੋ ਰਹੇ ਹਨ ਜਿਸ ਨਾਲ ਨਵੀਆਂ ਨਵੀਆਂ ਵਸਤਾਂ ਹੋਂਦ ਵਿੱਚ ਆਉਂਦੀਆਂ ਹਨ ਤਾਂ ਨਿਵੇਸ਼ ਵੱਧ ਹੋਵੇਗਾ ਤੇ ਇਸ ਦੇ ਉਲਟ ਘੱਟ।

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਉੱਪਰ ਦਿੱਤੇ ਤੱਤ ਸੰਭਾਵੀ ਆਮਦਨ (Prospective yield), ਪੂਰਤੀ ਕੀਮਤ (Supply Price) ਅਤੇ ਵਿਆਜ ਦਰ (Rate of Interest) ਨੂੰ ਪ੍ਰਭਾਵਿਤ ਕਰਦੇ ਹਨ। ਸਰਕਾਰ ਆਪਣੀ ਮੌਦ੍ਰਿਕ ਅਤੇ ਵਿੱਤੀ ਨੀਤੀ ਰਾਹੀਂ, ਉੱਪਰ ਦਿੱਤੇ ਤਿੰਨਾਂ ਤੱਤਾਂ ਨੂੰ ਪ੍ਰਭਾਵਿਤ ਕਰਕੇ ਨਿਵੇਸ਼ ਨੂੰ ਪ੍ਰਭਾਵਿਤ ਕਰ ਸਕਦੀ ਹੈ।

## ਅਧਿਐਨ ਲਈ ਪੁਸਤਕਾਂ


1. R.D. Gupta : *Keynesian and Post-Keynesian Economics*
2. M.C. Vaish : *Macro Economic Theory*
3. J.M. Keynes : *The General Theory of Employment, Interest and Money*
4. Gardner Ackley : *Macro Theory*
5. K.E. Boulding : *A Re-construction of Economics*
6. P.A. Samuelson : *Economics*
7. A.H. Hansen : *A Guide to Keynes*
8. D. Dillard : *Economics of J.M. Keynes*
9. F.S. Brooman : *Macro Economics*
10. Dernburg and Mc Dougall : *Macro Economics*
11. E. Shapiro : *Macro Economics*
12. U.N.O. : *A System of National Accounts, Series F..No. 2 Rev. 3 Dec. 1978*
13. H.C. Edey, A.T. Peacock and Ronald Cooper : *National Income and Wealth Accounting*
14. M.L. Jhingan : *Macro Economic Theory*
15. W.C. Peterson : *Income, Employment and Economic Growth*
16. Rana and Verma : *Macro Economic Analysis*
17. Singh Partap : *Macro Economics* (in Punjabi)
18. Duesenberry : *Income Consumption Relations and Their Implications in Readings in Macro Economics* (Ed.) M.G. Mueller

19. Bo. Soderrten : *International Economics.*
20. D.A. Snider : *Introduction to International Economics.*

## ਅਭਿਆਸ ਲਈ ਸਵਾਲ
## (ਪਾਠ 1 ਤੋਂ 7 ਲਈ)

### ਲੰਮੇ-ਉੱਤਰਾਂ ਵਾਲੇ ਸਵਾਲ

1. ਮਾਈਕਰੋ ਅਤੇ ਮੈਕਰੋ ਅਰਥ ਸ਼ਾਸਤਰ ਵਿੱਚ ਕੀ ਫਰਕ ਹੈ ? ਇਨ੍ਹਾਂ ਦੋਹਾਂ ਦੀ ਮਹਾਨਤਾ ਦੱਸਦੇ ਹੋਏ ਇਹ ਵੀ ਦੱਸੋ ਕਿ ਇਹ ਦੋਵੇਂ ਅਰਥ ਸ਼ਾਸਤਰ ਦੇ ਅਧਿਐਨ ਲਈ ਵੱਖੋ-ਵੱਖਰੇ ਰਾਹ ਹਨ ?
2. ਨੋਟ ਲਿਖੋ :-
   (ੳ) ਆਰਥਿਕ ਮਾਡਲ (ਅ) ਫਲਨਾਤਮਕ ਸੰਬੰਧ (ੲ) ਚਰ (ਸ) ਮੈਕਰੋ ਅਰਥ ਸ਼ਾਸਤਰ ਦੀਆਂ ਸੀਮਾਵਾਂ
3. ਅਜੋਕੇ ਸਮੇਂ ਵਿੱਚ ਰਾਸ਼ਟਰੀ ਆਮਦਨ ਦਾ ਅਧਿਐਨ ਕਿਉਂ ਇੰਨਾਂ ਜ਼ਰੂਰੀ ਹੋ ਗਿਆ ਹੈ ? ਰਾਸ਼ਟਰੀ ਆਮਦਨ ਦੀ ਵਿਆਖਿਆ ਵਿੱਚ ਕੇਨਜ਼ ਦੀ ਕੀ ਖਾਸ ਦੇਣ ਹੈ ?
4. ਤੁਸੀਂ ਕਿਵੇਂ ਵਿਆਖਿਆ ਕਰੋਗੇ ਕਿ GNP=GNI=GNE
5. ਕਿਸੇ ਅਰਥ ਵਿਵਸਥਾ ਦੀ ਅਦਾਕਾਰੀ ਅਤੇ ਕੰਮ ਕਰਨ ਦੀ ਵਿਧੀ ਦੀ ਠੀਕ ਤਸਵੀਰ ਪੇਸ਼ ਕਰਨ ਲਈ ਸਮਾਜਿਕ ਲੇਖੇ ਜੋਖੇ ਦੀ ਕੀ ਮਹਾਨਤਾ ਹੈ? ਖੋਲ੍ਹ ਕੇ ਲਿਖੋ ।
6. ਸੇ ਦੇ ਮੰਡੀਆਂ ਦੇ ਨਿਯਮ ਦੀ ਵਿਆਖਿਆ ਕਰੋ । ਕੀ ਸੇ ਦਾ ਨਿਯਮ ਮੁਦਰਾ ਦੀ ਮਾਤਰਾ ਸਿਧਾਂਤ ਨਾਲ ਮੇਲ ਨਹੀਂ ਖਾਂਦਾ?
7. ਸਨਾਤਨੀ ਰੁਜ਼ਗਾਰ ਸਿਧਾਂਤ ਦੀ ਆਲੋਚਨਾਤਮਕ ਵਿਆਖਿਆ ਕਰੋ ।
8. ਕੇਨਜ਼ ਦੇ ਰੁਜ਼ਗਾਰ ਸਿਧਾਂਤ ਵਿੱਚ ਰੁਜ਼ਗਾਰ ਦੇ ਨਿਰਧਾਰਣ ਸੰਬੰਧੀ ਨਿਵੇਸ਼ ਕੀ ਰੋਲ ਅਦਾ ਕਰਦਾ ਹੈ? ਖੋਲ੍ਹ ਕੇ ਲਿਖੋ ।
9. ਉਨ੍ਹਾਂ ਵੱਖ-ਵੱਖ ਸਿਧਾਂਤਾਂ ਦੀ ਵਿਆਖਿਆ ਕਰੋ ਜਿਹੜੇ ਆਮਦਨ ਉਪਭੋਗ ਸੰਬੰਧ ਦੀ ਵਿਆਖਿਆ ਕਰਦੇ ਹਨ ।
10. ਸਥੈਤਿਕ ਅਤੇ ਗਤੀਸ਼ੀਲ ਗੁਣਕ ਵਿਚਲਾ ਫਰਕ ਸਮਝਾਓ ?
11. ਬਦੇਸ਼ੀ ਵਪਾਰ ਗੁਣਕ ਕੀ ਹੈ? ਬਰਾਮਦਾਂ, ਦਰਾਮਦਾਂ, ਬੱਚਤ ਅਤੇ ਨਿਵੇਸ਼ ਵਿੱਚ ਤਬਦੀਲੀਆਂ ਕਾਰਣ ਗੁਣਕ ਦੁਆਰਾ ਆਮਦਨ ਦੇ ਪੱਧਰ ਵਿੱਚ ਜੋ ਤਬਦੀਲੀਆਂ ਆਉਂਦੀਆਂ ਹਨ, ਉਨ੍ਹਾਂ ਦਾ ਰੇਖਾ ਚਿੱਤਰਾਂ ਦੁਆਰਾ ਵਰਨਣ ਕਰੋ?

### ਛੋਟੇ ਉੱਤਰਾਂ ਵਾਲੇ ਸਵਾਲ

ਨੋਟ ਲਿਖੋ :-

(i) ਪ੍ਰਭਾਵੀ ਮੰਗ
(ii) ਕੁੱਲ ਮੰਗ ਫਲਣ
(iii) ਕੁੱਲ ਪੂਰਤੀ ਫਲਣ
(iv) ਗੁਣਕ ਦੇ ਛੇਦ
(v) ਗੁਣਕ ਦੀਆਂ ਮਨੌਤਾ
(vi) ਸੰਤੁਲਤ ਬਜਟ ਗੁਣਕ
(vii) ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ
(viii) ਸਵੈ-ਇੱਛਤ ਨਿਵੇਸ਼
(ix) ਪ੍ਰਭਾਵਿਤ ਨਿਵੇਸ਼
(x) ਵਾਸਤਵਿਕ ਨਿਵੇਸ਼
(xi) ਵਿੱਤੀ ਨਿਵੇਸ਼